ਕੌਮਾਂਤਰੀ
www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 188| 13 August to 19 August, 2025 | Ph.: (510) 240-5949 | Email: asrtimes@gmail.com

# ਪੰਜਾਬ ਦੀ ਪੰਥਕ ਸਿਆਸਤ ’ਚ ਆਇਆ ਨਵਾਂ ਉਭਾਰ

## ਗਿ. ਹਰਪ੍ਰੀਤ ਸਿੰਘ ਨਵੇਂ ਅਕਾਲੀ ਦਲ ਦੇ ਪ੍ਰਧਾਨ, ਸਤਵੰਤ ਕੌਰ ਪੰਥਕ ਕੌਂਸਲ ਦੀ ਚੇਅਰਪਰਸਨ ਬਣੀ



– ਸਿੱਖ ਸੱਧਰਾਂ ਅਤੇ ਉਮੰਗਾਂ ਨੂੰ ਜ਼ੁਬਾਨ ਦੇਣ ਦੇ ਆਸ਼ੇ ਤਹਿਤ ਕਾਰਜਸ਼ੀਲ ਸ਼੍ਰੋਮਣੀ ਅਕਾਲੀ ਦਲ ਦੇ ਵੱਖ- ਵੱਖ ਧੜਿਆਂ ਦੀ ਗਿਣਤੀ ਵਿੱਚ ਪਿਛਲੇ ਦਿਨੀਂ ਵਾਧਾ ਹੋ ਗਿਆ ਹੈ, ਜਿਸ ਕਾਰਨ ਪੰਜਾਬ ਦੀ ‘ਪੰਥਕ ਸਿਆਸਤ’ ’ਚ ਅੱਜ-ਕੱਲ੍ਹ ਵਿਸ਼ੇਸ਼ ਉਤਸ਼ਾਹ ਵੇਖਣ ਵਿੱਚ ਆ ਰਿਹਾ ਹੈ। ਇੱਕ ਸਦੀ ਅਤੇ ਪੰਜ ਸਾਲ ਪਹਿਲਾਂ ਸੰਨ 1920 ਵਿੱਚ ਹੋਂਦ ’ਚ ਆਈ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਵੱਖ- ਵੱਖ ਧੜਿਆਂ ਦੀ ਸਰਗਰਮ ਹੋਂਦ ਦੇ ਦੌਰਾਨ ਇੱਕ ਨਵੇਂ ਅਕਾਲੀ ਦਲ ਦਾ ਗਠਨ ਹੋ ਗਿਆ ਹੈ। ਇਹ ਨਵਾਂ ਅਕਾਲੀ ਦਲ ਪੰਜ ਸਿੰਘ ਸਾਹਿਬਾਨ ਦੇ ਦੋ ਦਸੰਬਰ 2024 ਦੇ ਹੁਕਮਨਾਮੇ ਵਿਚੋਂ ਉਪਜੀ ‘ਭਰਤੀ ਕਮੇਟੀ’ ਦੇ ਯਤਨਾਂ ਨਾਲ ਹੋਂਦ ਵਿੱਚ ਆਇਆ ਹੈ, ਜਿਸ ਦੇ ਸਰਬ ਸੰਮਤੀ ਨਾਲ ਪ੍ਰਧਾਨ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਚੁਣੇ ਗਏ ਹਨ। ਜਦੋਂ ਕਿ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਬੇਟੀ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਚੁਣਿਆ ਗਿਆ ਹੈ।

ਜਥੇਦਾਰ ਤੋਂ ਅਕਾਲੀ ਦਲ ਦਾ ਪ੍ਰਧਾਨ ਬਣਿਆ ਗਿਆਨੀ ਹਰਪ੍ਰੀਤ ਸਿੰਘ ਸਿੱਖ ਕੌਮ ਦਾ ਪਤਾ ਨਹੀਂ ਕੁਝ ਸੰਵਾਰੇਗਾ ਜਾਂ ਨਹੀਂ ਪਰ ਉਸ ਦੀ ਹੋਂਦ ਨੇ ਹੰਕਾਰ ਦੇ ਘੋੜੇ ’ਤੇ ਸਵਾਰ ਲੋਕਾਂ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਨੇ ਜਥੇਦਾਰ ਬਣਾਇਆ, ਉਨ੍ਹਾਂ ਨੇ ਹੀ ਜ਼ਲੀਲ ਕੀਤਾ ਤਾਂ ਜਥੇਦਾਰ ਸਾਹਿਬ ਨੇ ਉਹਨਾਂ ਡਾਢਿਆਂ ਹੇਠੋਂ ਹੀ ਅਕਾਲੀ ਦਲ ਦੀ ਕੁਰਸੀ ਮਲਕੜੇ ਜਿਹੇ ਕੱਢ ਲਈ। ਫੇਰ ਬਾਂਹ ਉੱਚੀ ਕਰਕੇ ਆਖਿਆ ਕਿ ਹਰ ਮੋੜ ’ਤੇ ਨਵੇਂ ਰੂਪ ਵਿੱਚ ਟੱਕਰਾਂਗੇ। ਆਉਣ ਵਾਲੇ ਦਿਨਾਂ ਦੇ ਵਿੱਚ ਦੋਵੇਂ ਅਕਾਲੀ ਦਲਾਂ ਦੇ ਪ੍ਰਧਾਨ ਸ਼ਬਦੀ ਜੰਗ ਦੇ ਵਿੱਚ ਕਿੰਨੀਆਂ ਕੁ ਨਿਵਾਣਾਂ ਵੱਲ ਜਾਣਗੇ, ਇਹ ਵੀ ਗੱਲ ਵੇਖਣ ਵਾਲੀ ਹੋਵੇਗੀ। ਇਸ ਸਥਿਤੀ ਵਿੱਚ ਦੋਵਾਂ ਪ੍ਰਧਾਨਾਂ ਨੂੰ ਜ਼ਾਬਤੇ ਵਿੱਚ ਰਹਿਣ ਦੀ ਜ਼ਰੂਰਤ ਹੈ। ਇਹ ਵੀ ਗੱਲ ਸੱਚ ਹੈ ਕਿ ਨਵੇਂ ਅਕਾਲੀ ਦਲ ਨੂੰ ਵਿਧਾਨ ਸਭਾ ਦੀ ਦਹਿਲੀਜ਼ ਪਾਰ ਕਰਵਾਉਣਾ ਵੀ ਇੱਕ ਚੁਣੌਤੀ ਭਰਿਆ ਕੰਮ ਹੋਵੇਗਾ।

ਇਹ ਪਹਿਲੀ ਵਾਰ ਹੈ ਕਿ ਅਕਾਲੀ ਸਿਆਸਤ ਵਿੱਚ ਇੱਕ ਦਲਿਤ ਸਿੱਖ ਆਗੂ ਕੌਮ ਦਾ ਜਥੇਦਾਰ ਬਣਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਪਿੰਡ ਦਾ ਬੱਚਾ ਬੱਚਾ, ਭਾਵੇਂ ਕਿ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ, ਬਾਦਲ ਦਾ ਹਾਮੀ ਸੀ ਪਰ ਉਸ ਸਮੇਂ ਹੀ ਗੁਰਦੁਆਰਿਆਂ ਦੇ ਨਾਲੋਂ ਦਲਿਤ ਭਾਈਚਾਰਾ ਟੁੱਟ ਕੇ ਡੇਰਿਆਂ ਦੇ ਨਾਲ ਜੁੜਿਆ ਤੇ ਅਕਾਲੀ ਦਲ ਇਕੱਲਾ ਜੱਟਾਂ ਦੀ ਪਾਰਟੀ ਬਣ ਕੇ ਰਹਿ ਗਿਆ ਪਰ ਹੁਣ ਫ਼ਰਕ ਇਹ ਪਏਗਾ ਕਿ ਨਵੇਂ ਜਥੇਦਾਰ, ਉਸ ਭਾਈਚਾਰੇ ਨੂੰ ਹੋ ਸਕਦਾ ਹੈ, ਨਵੇਂ ਅਕਾਲੀ ਦਲ ਨਾਲ ਜੋੜਨ ਵਿੱਚ ਕਾਮਯਾਬ ਹੋ ਜਾਣ।

ਇਸ ਸਮੇਂ ਵੱਡਾ ਸਵਾਲ ਤਾਂ ਇਹ ਹੈ ਕਿ ਪੰਥ ਅਤੇ ਦੁਨੀਆ ਭਰ ਦੇ ਸਿੱਖ ਕੀ ਚਾਹੁੰਦੇ ਹਨ ? ਕੀ ਉਹ ਇਸ ਨਵੇਂ ਅਕਾਲੀ ਦਲ ਦੀ ਸਥਾਪਨਾ ਤੋਂ ਸੰਤੁਸ਼ਟ ਹਨ ? ਇਹ ਸਵਾਲ ਵੀ ਅਜੇ ਹਵਾ ਵਿੱਚ ਲਟਕ ਰਿਹਾ ਹੈ। ਸਿੱਖ ਦੁਨੀਆ ਦੇ ਕਿਸੇ ਵੀ ਦੇਸ਼ ’ਚ ਰਹਿੰਦੇ ਹੋਣ ਪਰ ਉਹਨਾਂ ਦੇ ‘ਪੇਕੇ’ ਪੰਜਾਬ ’ਚ ਹੀ ਮੰਨੇ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਮਾਣ ਹੈ ਕਿ ਉਹ ਲੰਬਾ ਸਮਾਂ ਵਿਸ਼ਵ ਭਰ ਦੇ ਸਿੱਖਾਂ ਦੀ ਨੁਮਾਇੰਦਾ ਸਿਆਸੀ ਪਾਰਟੀ ਵਜੋਂ ਵਿਚਰਦਾ ਰਿਹਾ ਹੈ, ਪਰ ਇਸ ਸਮੇਂ ਵੱਖ- ਵੱਖ ਧੜਿਆਂ ਵਿੱਚ ਵੰਡੇ ਹੋਣ ਕਾਰਨ ਇਹ ਸਿਆਸੀ ਪਾਰਟੀ ਰਸਾਤਲ ਵੱਲ ਚਲੀ ਗਈ ਹੈ। ਹੁਣ ਨਵੇਂ ਅਕਾਲੀ ਦਲ ਦੇ ਗਠਨ ਨਾਲ ਦੁਨੀਆ ਭਰ ਦੇ ਸਿੱਖਾਂ ਦੀਆਂ ਨਜ਼ਰਾਂ ਪੰਜਾਬ ਦੀ ਪੰਥਕ ਸਿਆਸਤ ਦੀ ਹਲਚਲ ਵੱਲ (**ਬਾਕੀ ਸਫ਼ਾ 30 ’ਤੇ**)

### ਕੌਣ ਹਨ ਗਿਆਨੀ ਹਰਪ੍ਰੀਤ ਸਿੰਘ ?

ਗਿਆਨੀ ਹਰਪ੍ਰੀਤ ਸਿੰਘ ਦੇ ਜੀਵਨ ’ਤੇ ਇੱਕ ਝਾਤ ਮਾਰੀਏ। ਉਹ ਇੱਕ ਸਧਾਰਨ ਪਰਿਵਾਰ ਵਿੱਚ ਜੰਮੇ, ਪੜ੍ਹਾਈ ਕੀਤੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣੇ। ਪੀਐਚ.ਡੀ ਕਰ ਰਹੇ ਹਨ। ਉਹਨਾਂ ਨੇ ਕੁਰਾਨ ਦਾ ਪੰਜਾਬੀ ਅਨੁਵਾਦ ਕੀਤਾ ਅਤੇ ਧਰਮ ਪ੍ਰਚਾਰ ਵਿੱਚ ਸਰਗਰਮ ਰਹੇ। ਪਰ ਸੁਖਬੀਰ ਨੂੰ ਸਜ਼ਾ ਸੁਣਾਉਣ ਵਾਲੇ ਪੈਨਲ ਵਿੱਚ ਸ਼ਾਮਲ ਹੋਣ ਕਰਕੇ ਉਹ ਵਿਵਾਦ ਵਿੱਚ ਆਏ ਸਨ। ਹੁਣ ਉਹ ਨਵੇਂ ਅਕਾਲੀ ਦਲ ਦੇ ਪ੍ਰਧਾਨ ਹਨ।

### ਪੰਥਕ ਕੌਂਸਲ ਕਿਹੋ ਜਿਹੀ ਬਣੇ ?

ਪੰਥਕ ਕੌਂਸਲ ਵਿੱਚ ਅਕਾਲੀ ਪ੍ਰਧਾਨ ਅਤੇ ਚਾਰ ਹੋਰ ਪੰਥਕ ਸਖਸ਼ੀਅਤਾਂ ਸ਼ਾਮਲ ਹੋਣੀਆਂ ਚਾਹੀਦੀਆਂ ਸਨ, ਨਾ ਕਿ ਇੱਕ ਵਿਅਕਤੀ ਨੂੰ ਮੁਖੀ ਬਣਾਕੇ ਅਕਾਲੀ ਦਲ ਅੱਗੇ ਰੁਕਾਵਟਾਂ ਖੜੀਆਂ ਕੀਤੀਆਂ ਜਾਣ। ਬੀਬੀ ਸਤਵੰਤ ਕੌਰ ਨੂੰ ਚੇਅਰਪਰਸਨ ਬਣਾਉਣ ਨਾਲ ਧੜੇਬੰਦੀ ਵਧਣ ਦੀ ਸੰਭਾਵਨਾ ਹੈ। ਯੋਗ ਪੰਥਕ ਸਖਸ਼ੀਅਤਾਂ ਨੂੰ ਪੰਥਕ ਕੌਂਸਲ ਵਿੱਚ ਸ਼ਾਮਲ ਕਰਨ ਨਾਲ ਹੀ ਸਹੀ ਰੂਪ ਮਿਲ ਸਕਦਾ ਸੀ।

### ਕੀ ਨਵਾਂ ਅਕਾਲੀ ਦਲ ਪੰਜਾਬ ਤੇ ਪੰਥ ਦਾ ਭਵਿੱਖ ਘੜ ਸਕੇਗਾ ?

ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਨਵਾਂ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਰਾਖੀ, ਕਿਸਾਨਾਂ ਦੀਆਂ ਮੰਗਾਂ, ਪਾਣੀਆਂ ਦੇ ਮਸਲੇ ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਵਾਪਸ ਦਿਵਾਉਣ ਵਰਗੇ ਏਜੰਡਿਆਂ ਨੂੰ ਲੈ ਕੇ ਸਥਾਪਤ ਹੋਇਆ ਹੈ। ਇਜਲਾਸ ਵਿੱਚ ਪਾਸ ਕੀਤੇ 15 ਮਤੇ, ਜਿਵੇਂ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀਆਂ ਦਾ ਹੱਕ, ਬਾਹਰੀ ਸੂਬਿਆਂ ਦੇ ਲੋਕਾਂ ’ਤੇ ਪੰਜਾਬ ਵਿੱਚ ਨੌਕਰੀਆਂ ਅਤੇ ਜਾਇਦਾਦ ਖਰੀਦਣ ’ਤੇ ਪਾਬੰਦੀ, ਅਤੇ ਸਿੱਖ ਸੰਸਥਾਵਾਂ ਦੀ ਸੁਰੱਖਿਆ, ਪੰਜਾਬੀਆਂ ਦੇ ਜਜ਼ਬਾਤ ਨੂੰ ਛੂੰਹਦੇ ਨੇ। ਇਹ ਮਤੇ ਅਕਾਲੀ ਦਲ ਦੇ ਸੁਕ ਗਏ ਰੁੱਖ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਾਲੇ ਹਨ, ਜੋ ਪੰਜਾਬ ਦੀ ਸਿਆਸੀ ਮਿੱਟੀ ਵਿੱਚ ਡੂੰਘੇ ਪੈ ਸਕਦੇ ਨੇ। ਇਸ ਦੇ ਨਾਲ ਹੀ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਪੁਨਰ ਸੁਰਜੀਤ ਕਰਨ ਅਤੇ ਨੌਜਵਾਨਾਂ ਨੂੰ ਜੋੜਨ ਦਾ ਵਾਅਦਾ ਵੀ ਇਸ ਨੂੰ ਨਵੀਂ ਪੀੜ੍ਹੀ ਨਾਲ ਜੋੜ ਸਕਦਾ ਹੈ।

ਪਰ ਚੁਣੌਤੀਆਂ ਵੀ ਘੱਟ ਨਹੀਂ। ਸਭ ਤੋਂ ਵੱਡੀ ਰੁਕਾਵਟ ਹੈ ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ। ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਮੁਖੀ ਬਣਾਉਣ ਨਾਲ ਦੋ ਕੇਂਦਰਾਂ ਦੀ ਸਥਾਪਨਾ ਹੋਈ ਹੈ, ਜੋ ਜਿਵੇਂ ਦੋ ਤਲਵਾਰਾਂ ਨੂੰ ਇੱਕ ਮਿਆਨ ਵਿੱਚ ਰੱਖਣ ਵਰਗਾ ਹੈ। ਸਿਆਸੀ ਮਾਹਿਰਾਂ ਅਨੁਸਾਰ, ਇਹ ਧੜੇਬੰਦੀ ਅਕਾਲੀ ਦਲ ਦੀ ਏਕਤਾ ਨੂੰ ਕਮਜ਼ੋਰ ਕਰ ਸਕਦੀ ਹੈ। ?

ਗਿਆਨੀ ਹਰਪ੍ਰੀਤ ਸਿੰਘ ਦੀ ਸੁਖਬੀਰ ਵਿਰੁੱਧ ਨੀਵੀਂ ਬਿਆਨਬਾਜ਼ੀ, ਜਿਵੇਂ ਜਾਇਦਾਦਾਂ ਦੀਆਂ ਲਿਸਟਾਂ ਦਾ ਜ਼ਿਕਰ, ਪੰਥਕ ਮੰਚ ’ਤੇ ਵਿਵਾਦ ਨੂੰ ਹੋਰ ਵਧਾ ਰਹੀ ਹੈ। ਇਸ ਤੋਂ ਪਰਹੇਜ਼ ਕਰਕੇ ਪੰਜਾਬ ਤੇ ਪੰਥ ਪੱਖੀ ਵਿਜਨ ਤੇ ਸੰਘਰਸ਼ ਵਲ ਧਿਆਨ ਦੇਣਾ ਚਾਹੀਦਾ ਹੈ

ਭਵਿੱਖ ਦੀ ਗੱਲ ਕਰੀਏ ਤਾਂ, ਨਵਾਂ ਅਕਾਲੀ ਦਲ ਪੰਜਾਬ ਦੇ ਹਿੱਤਾਂ ਅਤੇ ਪੰਥਕ ਮੁੱਦਿਆਂ ਨੂੰ ਮਜ਼ਬੂਤੀ ਨਾਲ ਉਠਾ ਸਕਦਾ ਹੈ, ਪਰ ਇਸ ਦੀ ਕਾਮਯਾਬੀ ਧੜੇਬੰਦੀ ਨੂੰ ਖਤਮ ਕਰਨ ਅਤੇ ਨੌਜਵਾਨਾਂ ਤੇ ਸਿੱਖ ਬੀਬੀਆਂ ਨੂੰ ਜੋੜਨ ’ਤੇ ਨਿਰਭਰ ਕਰਦੀ ਹੈ। ਜੇ ਇਹ ਗੁਰੂ ਦੇ ਸਿਧਾਂਤਾਂ ’ਤੇ ਚੱਲ ਕੇ ਏਕਤਾ ਕਾਇਮ ਕਰ ਸਕਿਆ, ਤਾਂ ਜਿਵੇਂ ਸੂਰਜ ਅੰਧੇਰੇ ਨੂੰ ਖਤਮ ਕਰਦਾ ਹੈ, ਇਹ ਪੰਜਾਬ ਤੇ ਪੰਥ ਦਾ ਭਵਿੱਖ ਘੜ ਸਕਦਾ ਹੈ। ਨਹੀਂ ਤਾਂ, ਧੜੇਬੰਦੀ ਦਾ ਤੂਫਾਨ ਇਸ ਨੂੰ ਨੁਕਸਾਨ ਪਹੁੰਚਾਏਗਾ।

ਆਖਰ ਵਿੱਚ, ਇਹ ਨਵਾਂ ਅਕਾਲੀ ਦਲ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਲਈ ਬਣਿਆ ਹੈ ਜਾਂ ਧੜੇਬੰਦੀ ਨੂੰ ਵਧਾਉਣ ਲਈ, ਇਹ ਵੇਲਾ ਹੀ ਦੱਸੇਗਾ। ਕੀ ਇਹ ਪੰਜਾਬ ਤੇ ਪੰਥ ਨੂੰ ਨਵੀਂ ਸੇਧ ਦੇ ਸਕੇਗਾ। ਇਹ ਸਮੇਂ ਦੇ ਗਰਭ ਵਿੱਚ ਸੁਆਲ ਹੈ। ਨਵੀਂ ਅਕਾਲੀ ਲੀਡਰਸ਼ਿਪ ਲਈ ਇਹ ਚਿੰਤਨ ਦਾ ਵੇਲਾ ਵੀ ਹੈ।

## ਪਹਿਲਾਂ ਵੀ ਅਕਾਲੀ ਦਲ ਦੇ ਪ੍ਰਧਾਨ ਬਣ ਚੁੱਕੇ ਹਨ ਤਖ਼ਤ ਸਾਹਿਬਾਨ ਦੇ ਜਥੇਦਾਰ



ਚੰਡੀਗੜ੍ਹ/ਏ.ਟੀ.ਨਿਊਜ਼ : ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਵਜੋਂ ਸੇਵਾਵਾਂ ਨਿਭਾਉਣ ਮਗਰੋਂ ਕਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਹਨ। ਹੇਠ ਲਿਖੇ ਵੇਰਵਿਆ ਵਿਚੋਂ ਸਪੱਸ਼ਟ ਪਤਾ ਲੱਗਦਾ ਹੈ ਇਹ ਪਹਿਲਾ ਜਥੇਦਾਰ ਸਨ ਬਾਅਦ ਵਿੱਚ ਅਕਾਲੀ ਦਲ ਦੇ ਪ੍ਰਧਾਨ ਬਣੇ।

1. ਜਥੇਦਾਰ ਤੇਜਾ ਸਿੰਘ ਅਕਰਪੁਰੀ – ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ।

2.ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ – ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿੱਚ ਰਾਜ ਸਭਾ ਦੇ ਮੈਂਬਰ ਅਤੇ 1 ਨਵੰਬਰ 1966 ਨੂੰ ਪੰਜਾਬ ਦੇ ਮੁੱਖ ਮੰਤਰੀ ਬਣੇ।

3.ਜਥੇਦਾਰ ਊਧਮ ਸਿੰਘ ਨਾਗੋਕੇ- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ।

4.ਜਥੇਦਾਰ ਅੱਛਰ ਸਿੰਘ – ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਨ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ।

5 ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ – ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਨ ਜੋ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ।

6. ਜਥੇਦਾਰ ਮੋਹਣ ਸਿੰਘ ਤੁੜ- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ।

7. ਸੰਤ ਹਰਚੰਤ ਸਿੰਘ ਲੌਂਗੋਵਾਲ – ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਨ ਅਤੇ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਧਰਮ ਯੁੱਧ ਮੋਰਚੇ ਸਮੇਂ ਮੋਰਚਾ ਡਿਕਟੇਟਰ ਸਨ।

# ਐਫ.ਬੀ.ਆਈ. ਅਨੁਸਾਰ ਅਮਰੀਕਾ 'ਚ ਸਿੱਖ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਨ ਵਾਲਾ ਧਾਰਮਿਕ ਗਰੁੱਪ

## ਕੁਦਰਤੀ ਕਰੋਪੀਆਂ 'ਚ ਸਿੱਖਾਂ ਦੀ ਸੇਵਾ ਕਾਰਨ ਪਛਾਣ ਉਭਰੀ, ਨਫ਼ਰਤੀ ਹਮਲੇ ਅਜੇ ਵੀ ਸਮੱਸਿਆ: ਖ਼ਾਲਸਾ



### ਸਿੱਖਾਂ 'ਤੇ ਨਫ਼ਰਤ ਅਪਰਾਧ 2024 ਵਿੱਚ 5.3% ਘਟੇ, ਪਰ ਚਿੰਤਾ ਬਰਕਰਾਰ



ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਨਫ਼ਰਤ ਅਧਾਰਤ ਅਪਰਾਧਾਂ ਦਾ ਤੀਜਾ ਸਭ ਤੋਂ ਵੱਡਾ ਨਿਸ਼ਾਨਾ ਬਣਿਆ ਹੋਇਆ ਹੈ, ਜਿਹੜੇ ਯਹੂਦੀਆਂ ਅਤੇ ਮੁਸਲਮਾਨਾਂ ਤੋਂ ਬਾਅਦ ਆਉਂਦੇ ਹਨ। ਇਹ ਖੁਲਾਸਾ ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਦੀ ਸਾਲਾਨਾ ਨਫ਼ਰਤ ਅਪਰਾਧ ਰਿਪੋਰਟ ਵਿੱਚ ਸਾਹਮਣੇ ਆਇਆ ਹੈ। ਸਿੱਖ ਕੋਐਲੀਸ਼ਨ ਵਰਗੇ ਸਿੱਖ ਅਡਵੋਕੇਸੀ ਜਥੇਬੰਦੀਆਂ ਮੁਤਾਬਕ, ਸਿੱਖ ਲੋਕ ਅਮਰੀਕਾ ਵਿੱਚ ਨਸਲੀ ਅਤੇ ਧਾਰਮਿਕ ਨਫ਼ਰਤ ਦੇ ਅਪਰਾਧਾਂ ਦਾ ਅਨੁਪਾਤਕ ਤੌਰ 'ਤੇ ਵੱਧ ਸ਼ਿਕਾਰ ਹਨ।

ਐਫ.ਬੀ.ਆਈ. ਦੀ 5 ਅਗਸਤ 2024 ਨੂੰ ਜਾਰੀ ਸਾਲਾਨਾ ਨਫ਼ਰਤ ਅਪਰਾਧ ਰਿਪੋਰਟ ਮੁਤਾਬਕ, ਅਮਰੀਕਾ ਵਿੱਚ ਸਿੱਖਾਂ ਵਿਰੁੱਧ 2024 ਵਿੱਚ 142 ਧਾਰਮਿਕ ਨਫ਼ਰਤ ਵਾਲੇ ਅਪਰਾਧ ਦਰਜ ਕੀਤੇ ਗਏ ਸਨ। ਇਹ ਅੰਕੜਾ 2023 ਵਿੱਚ 150 ਅਤੇ 2022 ਵਿੱਚ 198 ਸੀ। ਇਸ ਦਾ ਮਤਲਬ ਹੈ ਕਿ 2023 ਦੇ ਮੁਕਾਬਲੇ 2024 ਵਿੱਚ ਸਿੱਖਾਂ 'ਤੇ ਹਮਲਿਆਂ ਵਿੱਚ 5.3% ਦੀ ਕਮੀ ਆਈ ਸੀ। ਹਾਲਾਂਕਿ, ਇਹ ਅਜੇ ਵੀ ਸਿੱਖ ਭਾਈਚਾਰੇ ਲਈ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ।

ਇਸੇ ਰਿਪੋਰਟ ਵਿੱਚ ਯਹੂਦੀਆਂ ਵਿਰੁੱਧ 1,938 (2023 ਵਿੱਚ 1,989) ਅਤੇ ਮੁਸਲਮਾਨਾਂ ਵਿਰੁੱਧ 228 (2023 ਵਿੱਚ 281) ਨਫ਼ਰਤੀ ਅਪਰਾਧ ਦਰਜ ਕੀਤੇ ਗਏ ਸਨ। ਹਿੰਦੂਆਂ ਵਿਰੁੱਧ 2024 ਵਿੱਚ 25 ਅਪਰਾਧ ਦਰਜ ਹੋਏ ਸਨ, ਜੋ 2023 ਦੇ 32 ਦੇ ਮੁਕਾਬਲੇ ਘੱਟ ਸਨ। ਸਮੁੱਚੇ ਤੌਰ 'ਤੇ, ਨਫ਼ਰਤੀ ਅਪਰਾਧਾਂ ਵਿੱਚ 2% ਦੀ ਕਮੀ ਦਰਜ ਕੀਤੀ ਗਈ, ਪਰ ਸਿੱਖ ਕੋਐਲੀਸ਼ਨ ਦਾ ਮੰਨਣਾ ਹੈ ਕਿ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ, ਕਿਉਂਕਿ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਪੂਰੇ ਅਮਰੀਕਾ ਵਿੱਚ ਇਕਸਾਰ ਨਹੀਂ ਹੈ।

ਐਫ.ਬੀ.ਆਈ. ਨੇ 2015 ਵਿੱਚ ਧਾਰਮਿਕ ਨਫ਼ਰਤੀ ਅਪਰਾਧਾਂ ਦੀਆਂ ਵੱਖ-ਵੱਖ ਸ਼੍ਰੇਣੀਆਂ 'ਤੇ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਸਿੱਖ ਕੋਐਲੀਸ਼ਨ ਮੁਤਾਬਕ, ਸਿੱਖ ਅਮਰੀਕੀਆਂ ਦੀ ਅਬਾਦੀ ਦੇ ਅਨੁਪਾਤ ਵਿੱਚ (ਲਗਭਗ 5 ਲੱਖ) ਨਫ਼ਰਤ ਅਪਰਾਧਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਸਿੱਖਾਂ ਦੀ ਵਿਲੱਖਣ ਪਛਾਣ, ਜਿਵੇਂ ਕਿ ਪੱਗ, ਦਾੜ੍ਹੀ ਅਤੇ ਕੜਾ, ਉਨ੍ਹਾਂ ਨੂੰ ਸੌਖਾ ਨਿਸ਼ਾਨਾ ਬਣਾਉਂਦੀ ਹੈ।

**ਸਿੱਖਾਂ 'ਤੇ ਨਸਲੀ ਹਮਲਿਆਂ ਦੇ ਕਾਰਨ**

ਸਿੱਖਾਂ 'ਤੇ ਅਮਰੀਕਾ ਵਿੱਚ ਨਸਲੀ ਅਤੇ ਧਾਰਮਿਕ ਹਮਲਿਆਂ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸਮਾਜਿਕ, ਸਿਆਸੀ, ਅਤੇ ਸੱਭਿਆਚਾਰਕ ਪਹਿਲੂ ਸ਼ਾਮਲ ਹਨ:

ਸਿੱਖਾਂ ਦੀ ਪੱਗ, ਦਾੜ੍ਹੀ ਅਤੇ ਹੋਰ ਧਾਰਮਿਕ ਚਿੰਨ੍ਹ ਉਨ੍ਹਾਂ ਨੂੰ ਸੌਖੇ ਨਿਸ਼ਾਨੇ ਵਜੋਂ ਪੇਸ਼ ਕਰਦੇ ਹਨ। 9/11 ਦੇ ਹਮਲਿਆਂ ਤੋਂ ਬਾਅਦ, ਸਿੱਖਾਂ ਨੂੰ ਅਕਸਰ ਮੁਸਲਮਾਨ ਸਮਝਣ ਦੀ ਗਲਤਫ਼ਹਿਮੀ ਕਾਰਨ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਨੇ ਸਿੱਖਾਂ ਵਿਰੁੱਧ ਹਮਲਿਆਂ ਦੀ ਮਾਨਸਿਕਤਾ ਨੂੰ ਹੋਰ ਵਧਾਇਆ ਹੈ। ਇਸ ਨਸਲਵਾਦ ਕਾਰਨ ਇਸਲਾਮੋਫ਼ੋਬੀਆ ਦੇ ਸ਼ਿਕਾਰ ਸਿੱਖ ਵੀ ਹੁੰਦੇ ਹਨ। 2022 ਤੋਂ 2025 ਦਰਮਿਆਨ, ਅਮਰੀਕਾ ਵਿੱਚ ਵਧਦੀ ਧਰਮ-ਅਧਾਰਿਤ ਨਫ਼ਰਤ ਨੇ ਸਿੱਖਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ (2025) ਦੌਰਾਨ, ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਨੀਤੀਆਂ ਨੇ ਸਿੱਖ ਪ੍ਰਵਾਸੀਆਂ, ਖਾਸਕਰ ਪੰਜਾਬੀ ਸਿੱਖਾਂ, 'ਤੇ ਵੀ ਅਸਰ ਪਾਇਆ। ਅੰਮ੍ਰਿਤਸਰ ਵਿੱਚ ਡਿਪੋਰਟੇਸ਼ਨ ਫ਼ਲਾਈਟਾਂ ਦੀ ਲੈਂਡਿੰਗ ਨੇ ਸਿੱਖਾਂ ਨੂੰ ਨਕਾਰਾਤਮਕ ਤੌਰ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੇ ਸਮਾਜ ਵਿੱਚ ਨਫ਼ਰਤ ਨੂੰ ਹੋਰ ਵਧਾਇਆ ਹੈ।

ਅਮਰੀਕੀ ਸਮਾਜ ਵਿੱਚ ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਜਾਗਰੂਕਤਾ ਦੀ ਘਾਟ ਵੀ ਇੱਕ ਵੱਡਾ ਕਾਰਨ ਹੈ। ਸਿੱਖਾਂ ਨੂੰ ਅਕਸਰ ਅੱਤਵਾਦੀ ਜਾਂ ਵਿਦੇਸ਼ੀ ਸਮਝਣ ਦੀ ਗਲਤਫ਼ਹਿਮੀ ਨਫ਼ਰਤ ਅਪਰਾਧਾਂ ਨੂੰ ਵਧਾਉਂਦੀ ਹੈ।

(ਬਾਕੀ ਸਫ਼ਾ 30 'ਤੇ)

### ਨਸਲੀ ਹਮਲੇ ਰੋਕਣ ਲਈ ਸਿੱਖ ਕੀ ਕਰਨ?



ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਅਮਰੀਕੀ ਸਕੂਲਾਂ, ਕਮਿਊਨਿਟੀ ਸੈਂਟਰਾਂ, ਅਤੇ ਮੀਡੀਆ ਵਿੱਚ ਜਾਗਰੂਕਤਾ ਵਧਾਉਣ ਦੀ ਲੋੜ ਹੈ। ਸਿੱਖ ਕੋਐਲੀਸ਼ਨ ਵਰਗੇ ਸੰਗਠਨ ਸਕੂਲੀ ਪਾਠਕ੍ਰਮ ਵਿੱਚ ਸਿੱਖੀ ਨਾਲ ਜੁੜੀ ਜਾਣਕਾਰੀ ਸ਼ਾਮਲ ਕਰਨ ਦੀ ਵਕਾਲਤ ਕਰਦੇ ਹਨ।

ਅਮਰੀਕਾ ਦੇ ਸਿੱਖ ਆਗੂ ਸਵਰਨਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਨੂੰ ਲਾਜ਼ਮੀ ਅਤੇ ਇਕਸਾਰ ਕਰਨ ਦੀ ਜ਼ਰੂਰਤ ਹੈ। ਸਥਾਨਕ ਪੁਲਿਸ ਅਤੇ ਐਫ.ਬੀ.ਆਈ. ਨੂੰ ਅਜਿਹੇ ਅਪਰਾਧਾਂ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਸਿੱਖ ਗੁਰਦੁਆਰਿਆਂ ਨੂੰ ਹੋਰ ਧਾਰਮਿਕ ਅਤੇ ਸਮਾਜਿਕ ਸਮੂਹਾਂ ਨਾਲ ਮਿਲ ਕੇ ਸਾਂਝੇ ਪ੍ਰੋਗਰਾਮ ਕਰਨੇ ਚਾਹੀਦੇ ਹਨ, ਜਿਵੇਂ ਕਿ ਇੰਟਰਫ਼ੇਥ ਡਾਇਲਾਗ ਅਤੇ ਸੇਵਾ ਪ੍ਰੋਜੈਕਟ। ਇਹ ਸਾਂਝ ਸਮਾਜ ਵਿੱਚ ਸਿੱਖਾਂ ਪ੍ਰਤੀ ਸਕਾਰਾਤਮਕ ਸੋਚ ਵਧਾਏਗੀ।

ਮੀਡੀਆ ਨੂੰ ਸਿੱਖਾਂ ਨੂੰ ਸਕਾਰਾਤਮਕ ਤਰੀਕੇ ਨਾਲ ਪੇਸ਼ ਕਰਨ 'ਤੇ ਜ਼ੋਰ ਦੇਣਾ ਚਾਹੀਦਾ। ਸਿੱਖੀ ਸਫ਼ਲਤਾ ਦੀਆਂ ਸਾਖੀਆਂ ਅਤੇ ਸੇਵਾ ਦੇ ਕੰਮਾਂ ਨੂੰ ਉਜਾਗਰ ਕਰਨ ਨਾਲ ਨਫ਼ਰਤ ਨੂੰ ਘਟਾਇਆ ਜਾ ਸਕਦਾ ਹੈ।ਸਵਰਨਜੀਤ ਸਿੰਘ ਖ਼ਾਲਸਾ ਨੇ ਮੰਗ ਕੀਤੀ ਹੈ ਕਿ ਅਮਰੀਕੀ ਸਰਕਾਰ ਨੂੰ ਸਿੱਖਾਂ ਸਮੇਤ ਘੱਟ-ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਲਈ ਵਿਸ਼ੇਸ਼ ਫ਼ੰਡ ਅਤੇ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਨਫ਼ਰਤੀ ਅਪਰਾਧਾਂ ਦੀ ਜਾਂਚ ਲਈ ਵਧੇਰੇ ਸਰੋਤ ਅਲਾਟ ਕੀਤੇ ਜਾਣ।

ਸਵਰਨਜੀਤ ਸਿੰਘ ਖ਼ਾਲਸਾ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਅਤੇ ਨਸਲੀ ਨਫ਼ਰਤ ਦਾ ਸ਼ਿਕਾਰ ਰਿਹਾ ਹੈ, ਪਰ 2022 ਤੋਂ 2024 ਦਰਮਿਆਨ ਨਫ਼ਰਤ ਅਪਰਾਧਾਂ ਵਿੱਚ 5.3% ਦੀ ਕਮੀ ਇੱਕ ਸਕਾਰਾਤਮਕ ਸੰਕੇਤ ਹੈ। ਸਿੱਖਾਂ ਦੀ ਵਿਲੱਖਣ ਪਛਾਣ, ਸਮਾਜਿਕ ਅਗਿਆਨਤਾ ਅਤੇ ਸਿਆਸੀ ਮਾਹੌਲ ਨੇ ਇਹਨਾਂ ਹਮਲਿਆਂ ਨੂੰ ਵਧਾਇਆ, ਪਰ ਸਿੱਖ ਸੰਗਠਨਾਂ ਦੀ ਸੇਵਾ ਅਤੇ ਜਾਗਰੂਕਤਾ ਮੁਹਿੰਮਾਂ ਨੇ ਸਥਿਤੀ ਨੂੰ ਸੁਧਾਰਨ ਵਿੱਚ ਮਦਦ ਕੀਤੀ। ਫ਼ਿਰ ਵੀ, ਨਫ਼ਰਤ ਅਪਰਾਧ ਅਜੇ ਵੀ ਇੱਕ ਵੱਡੀ ਸਮੱਸਿਆ ਹਨ।

# ਭਾਰਤੀ ਨਾਗਰਿਕਤਾ ਕਿਉਂ ਛੱਡ ਰਹੇ ਨੇ ਭਾਰਤੀ ਤੇ ਪੰਜਾਬੀ?

## ਵਿਦੇਸ਼ਾਂ 'ਚ ਸੈਟਲ ਹੋਣ ਦਾ ਰੁਝਾਨ ਕਿਉਂ ਵਧਿਆ?

## 2024 ਵਿੱਚ 2 ਲੱਖ 6 ਹਜ਼ਾਰ 378 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ

ਅੱਜ ਕੱਲ੍ਹ ਪੰਜਾਬ ਵਿੱਚ ਇੱਕ ਗੱਲ ਬੜੀ ਚਰਚੇ ਵਿੱਚ ਆ ਰਹੀ ਹੈ ਕਿ ਸਾਡੇ ਪੰਜਾਬੀ ਭਰਾ-ਭੈਣ ਕਿਉਂ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਸੈਟਲ ਹੋ ਰਹੇ ਨੇ? ਨਾ ਸਿਰਫ਼ ਪੰਜਾਬੀ, ਸਗੋਂ ਪੂਰੇ ਭਾਰਤ ਵਿੱਚ ਇਹ ਰੁਝਾਨ ਵਧਦਾ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਨਵੇਂ ਅੰਕੜੇ ਦੱਸਦੇ ਨੇ ਕਿ ਪਿਛਲੇ ਕੁਝ ਸਾਲਾਂ ਵਿੱਚ ਲੱਖਾਂ ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਹੈ। ਖ਼ਾਸ ਕਰਕੇ ਅਮੀਰ ਅਤੇ ਪੜ੍ਹੇ-ਲਿਖੇ ਲੋਕ, ਜਿਨ੍ਹਾਂ ਕੋਲ ਖੇਤੀ-ਬਾੜੀ, ਪੈਸਾ-ਪੂੰਜੀ ਅਤੇ ਸਭ ਕੁਝ ਹੈ, ਉਹ ਵੀ ਭਾਰਤ ਨੂੰ ਅਲਵਿਦਾ ਕਹਿ ਕੇ ਅਮਰੀਕਾ, ਕੈਨੇਡਾ, ਯੂ.ਕੇ. ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੱਸ ਰਹੇ ਨੇ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਹਾਲ ਹੀ ਵਿੱਚ ਰਾਜ ਸਭਾ ਵਿੱਚ ਦੱਸਿਆ ਕਿ 2024 ਵਿੱਚ 2 ਲੱਖ 6 ਹਜ਼ਾਰ 378 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ। ਇਹ ਨੰਬਰ 2023 ਵਾਲੇ 2 ਲੱਖ 16 ਹਜ਼ਾਰ 219 ਨਾਲੋਂ ਥੋੜ੍ਹਾ ਘੱਟ ਹੈ, ਪਰ ਫ਼ਿਰ ਵੀ ਬੜਾ ਚਿੰਤਾਜਨਕ ਹੈ। ਜੇਕਰ ਪਿਛਲੇ ਛੇ ਸਾਲਾਂ ਦੀ ਗੱਲ ਕਰੀਏ ਤਾਂ 2019 ਤੋਂ 2024 ਤੱਕ ਕੁੱਲ 10 ਲੱਖ 40 ਹਜ਼ਾਰ 860 ਲੋਕਾਂ ਨੇ ਭਾਰਤੀ ਨਾਗਰਿਕਤਾ ਨੂੰ ਅਲਵਿਦਾ ਕਹਿ ਦਿੱਤੀ ਹੈ। 2022 ਵਿੱਚ ਤਾਂ ਸਭ ਤੋਂ ਵੱਧ 2 ਲੱਖ 25 ਹਜ਼ਾਰ 620 ਲੋਕਾਂ ਨੇ ਇਹ ਕਦਮ ਚੁੱਕਿਆ। 2020 ਵਿੱਚ ਕੋਵਿਡ ਕਾਰਨ ਇਹ ਗਿਣਤੀ ਘਟ ਕੇ 85 ਹਜ਼ਾਰ 256 ਰਹਿ ਗਈ ਸੀ, ਪਰ ਉਸ ਤੋਂ ਬਾਅਦ ਲਗਾਤਾਰ ਵਧਦੀ ਜਾ ਰਹੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਹ ਲੋਕ ਕੌਣ ਨੇ? ਕੀ ਇਹ ਗਰੀਬ ਲੋਕ ਨੇ ਜੋ ਮਜਬੂਰੀ ਵਿੱਚ ਜਾਂਦੇ ਨੇ? ਨਹੀਂ ਜੀ, ਬਹੁਤੇ ਤਾਂ ਅਮੀਰ ਅਤੇ ਸ਼ਾਨਦਾਰ ਜੀਵਨ ਜੀਣ ਵਾਲੇ ਨੇ। ਉਨ੍ਹਾਂ ਕੋਲ ਘਰ ਵਿੱਚ ਏ.ਸੀ., ਕਾਰਾਂ, ਬੈਂਕ ਬੈਲੰਸ ਅਤੇ ਸਭ ਸਹੂਲਤਾਂ ਨੇ, ਫ਼ਿਰ ਵੀ ਉਹ ਵਿਦੇਸ਼ਾਂ ਵੱਲ ਨੂੰ ਨਿੱਕਲ ਪੈਂਦੇ ਨੇ। ਪੰਜਾਬ ਵਿੱਚ ਤਾਂ ਇਹ ਰੁਝਾਨ ਬੜਾ ਆਮ ਹੈ। ਪੰਜਾਬੀ ਨੌਜਵਾਨ ਪੜ੍ਹਾਈ ਲਈ ਵਿਦੇਸ਼ ਜਾਂਦੇ ਨੇ ਅਤੇ ਫ਼ਿਰ ਉੱਥੇ ਹੀ ਵੱਸ ਜਾਂਦੇ ਨੇ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਨੇ।ਉਨ੍ਹਾਂ ਦੀ ਥਾਂ ਪ੍ਰਵਾਸੀ ਮਜ਼ਦੂਰ ਵਸ ਰਹੇ ਨੇ। ਸਰਕਾਰੀ ਅੰਕੜੇ ਦੱਸਦੇ ਨੇ ਕਿ 2014 ਤੋਂ 2022 ਤੱਕ ਪੰਜਾਬ ਵਿੱਚੋਂ 28 ਹਜ਼ਾਰ 117 ਲੋਕਾਂ ਨੇ ਆਪਣੇ ਪਾਸਪੋਰਟ ਵਾਪਸ ਕਰ ਦਿੱਤੇ, ਜੋ ਕਿ ਨਾਗਰਿਕਤਾ ਛੱਡਣ ਦਾ ਸੰਕੇਤ ਹੈ। ਦਿੱਲੀ ਤੋਂ ਬਾਅਦ ਪੰਜਾਬ ਦੂਜੇ ਨੰਬਰ 'ਤੇ ਹੈ। ਗੁਜਰਾਤ ਤੀਜੇ ਨੰਬਰ 'ਤੇ ਹੈ ਜਿੱਥੇ 22 ਹਜ਼ਾਰ 300 ਲੋਕਾਂ ਨੇ ਵਿਦੇਸ਼ਾਂ ਵਿੱਚ ਵਾਸਾ ਕੀਤਾ। ਗੋਆ, ਮਹਾਰਾਸ਼ਟਰ, ਕੇਰਲ ਅਤੇ ਤਾਮਿਲਨਾਡੂ ਵੀ ਇਸ ਸੂਚੀ ਵਿੱਚ ਸ਼ਾਮਲ ਨੇ। ਪੰਜਾਬੀਆਂ ਲਈ ਵਿਦੇਸ਼ ਜਾਣਾ ਕੋਈ ਨਵੀਂ ਗੱਲ ਨਹੀਂ। ਸਾਡੇ ਪੁਰਖੇ ਵੀ ਕੈਨੇਡਾ ਅਤੇ ਅਮਰੀਕਾ ਵਿੱਚ ਵੱਸੇ ਸਨ, ਪਰ ਉਹ ਤਾਂ ਨਾਗਰਿਕਤਾ ਨਹੀਂ ਛੱਡਦੇ ਸਨ। ਅੱਜ ਕੱਲ੍ਹ ਗੱਲ ਵੱਖਰੀ ਹੈ। ਨੌਜਵਾਨ ਪੜ੍ਹਾਈ ਲਈ ਜਾਂਦੇ ਨੇ, ਆਈਲਟਸ ਕਰ ਕੇ ਵੀਜ਼ਾ ਲੈਂਦੇ ਨੇ ਅਤੇ ਫ਼ਿਰ ਪੀਆਰ (ਪੱਕੀ ਰਿਹਾਇਸ਼) ਲੈ ਕੇ ਨਾਗਰਿਕਤਾ ਬਦਲ ਲੈਂਦੇ ਨੇ। ਸਿੱਖਿਆ ਮੰਤਰਾਲੇ ਦੇ ਅੰਕੜੇ ਕਹਿੰਦੇ ਨੇ ਕਿ 2022 ਵਿੱਚ 7 ਲੱਖ 70 ਹਜ਼ਾਰ ਭਾਰਤੀ ਵਿਦਿਆਰਥੀ ਵਿਦੇਸ਼ ਪੜ੍ਹਨ ਗਏ ਸਨ, ਜੋ ਪਿਛਲੇ ਛੇ ਸਾਲਾਂ ਵਿੱਚ ਸਭ ਤੋਂ ਵੱਧ ਏ। ਪੰਜਾਬ ਅਤੇ ਗੁਜਰਾਤ ਵਿੱਚ ਤਾਂ ਵਿਦੇਸ਼ ਜਾਣ ਨੂੰ ਸਮਾਜਿਕ ਰੁਤਬੇ ਵਜੋਂ ਵੇਖਿਆ ਜਾਂਦਾ ਹੈ। ਸਿੱਖ ਆਗੂ ਜਸਵਿੰਦਰ ਸਿੰਘ ਐਡਵੋਕੇਟ ਕਹਿੰਦੇ ਨੇ, 'ਪੰਜਾਬ ਵਿੱਚ ਚੰਗੀ ਪੜ੍ਹਾਈ ਤੋਂ ਬਾਅਦ ਵੀ ਨੌਕਰੀਆਂ ਨਹੀਂ ਮਿਲਦੀਆਂ। ਵਿਦੇਸ਼ਾਂ ਵਿੱਚ ਕੰਮ-ਜੀਵਨ ਸੰਤੁਲਨ ਬਿਹਤਰ ਹੈ, ਹਫ਼ਤੇ ਵਿੱਚ ਦੋ ਛੁੱਟੀਆਂ ਅਤੇ ਕੋਈ ਪਰੇਸ਼ਾਨੀ ਨਹੀਂ।'



ਪੰਜਾਬ ਵਿੱਚ ਵੀ ਇਹੀ ਹਾਲ ਹੈ। ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਹਰ ਗਲੀ ਵਿੱਚ ਵੀਜ਼ਾ ਏਜੰਟ ਨੇ ਜੋ ਲੋਕਾਂ ਨੂੰ ਵਿਦੇਸ਼ ਭੇਜਣ ਦੇ ਸੁਪਨੇ ਵੇਚਦੇ ਨੇ। ਬਹੁਤੇ ਨੌਜਵਾਨ ਕਹਿੰਦੇ ਨੇ ਕਿ ਭਾਰਤ ਵਿੱਚ ਨੌਕਰੀਆਂ ਨਹੀਂ ਅਤੇ ਜੋ ਨੇ ਉਹ ਵੀ ਘੱਟ ਤਨਖਾਹ ਵਾਲੀਆਂ ਨੇ। ਵਿਦੇਸ਼ਾਂ ਵਿੱਚ ਕੰਮ ਦੇ ਘੰਟੇ ਨਿਰਧਾਰਿਤ ਨੇ, ਚੰਗੀ ਤਨਖਾਹ ਅਤੇ ਵਰਕ-ਲਾਈਫ਼ ਬੈਲੰਸ ਹੈ। ਅਮਰੀਕਾ ਵਿੱਚ ਤਾਂ ਭਾਰਤੀ ਪਰਵਾਸੀਆਂ ਦੀ ਗਿਣਤੀ 28 ਲੱਖ ਹੈ, ਜੋ ਕਿ ਪੂਰੇ ਅਮਰੀਕੀ ਪਰਵਾਸੀਆਂ ਦਾ 6 ਫ਼ੀਸਦੀ ਹੈ। ਹੁਣ ਕਾਰਨਾਂ ਬਾਰੇ ਗੱਲ ਕਰੀਏ। ਸਭ ਤੋਂ ਵੱਡਾ ਕਾਰਨ ਬਿਹਤਰ ਜੀਵਨ ਪੱਧਰ ਹੈ। ਵਿਦੇਸ਼ਾਂ ਵਿੱਚ ਸਿੱਖਿਆ, ਸਿਹਤ ਅਤੇ ਨੌਕਰੀਆਂ ਦੇ ਮੌਕੇ ਵੱਧ ਨੇ। ਭਾਰਤ ਵਿੱਚ ਬੇਰੁਜ਼ਗਾਰੀ ਬੜੀ ਹੈ, ਖ਼ਾਸ ਕਰਕੇ ਨੌਜਵਾਨਾਂ ਵਿੱਚ। ਅਧੇੜ ਉਮਰ ਵਾਲੇ ਲੋਕ ਆਪਣੇ ਬੱਚਿਆਂ ਦੀ ਬਿਹਤਰ ਪੜ੍ਹਾਈ ਅਤੇ ਭਵਿੱਖ ਲਈ ਜਾਂਦੇ ਨੇ। ਵਿਦੇਸ਼ ਰਾਜ ਮੰਤਰੀ ਕਹਿੰਦੇ ਨੇ ਕਿ ਇਹ ਨਿੱਜੀ ਕਾਰਨ ਨੇ ਅਤੇ ਸਰਕਾਰ ਕੋਲ ਇਸ ਬਾਰੇ ਅੰਕੜੇ ਨਹੀਂ। ਪਰ ਮਾਹਿਰ ਕਹਿੰਦੇ ਨੇ ਕਿ ਸਮਾਜਿਕ ਅਸਮਾਨਤਾ, ਰਾਜਨੀਤਕ ਮਾਹੌਲ ਅਤੇ ਆਰਥਿਕ ਮੌਕਿਆਂ ਦੀ ਘਾਟ ਵੱਡੇ ਕਾਰਨ ਨੇ। ਬ੍ਰੇਨ ਡ੍ਰੇਨ ਦਾ ਮਸਲਾ ਵੀ ਏ, ਜਿੱਥੇ ਚੰਗੇ ਦਿਮਾਗ ਵਾਲੇ ਲੋਕ ਵਿਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੇਸ਼ਾਂ ਦੀ ਜੀਡੀਪੀ ਵਧਾਉਂਦੇ ਨੇ।

ਪੰਜਾਬ ਵਿੱਚ ਤਾਂ ਇਹ ਰੁਝਾਨ ਬੜਾ ਪੁਰਾਣਾ ਹੈ। ਸਾਡੇ ਪਿੰਡਾਂ ਵਿੱਚ ਹਰ ਘਰ ਵਿੱਚ ਕੋਈ ਨਾ ਕੋਈ ਵਿਦੇਸ਼ ਵਿੱਚ ਵੱਸਿਆ ਹੈ। ਪਰ ਹੁਣ ਨਾਗਰਿਕਤਾ ਛੱਡਣ ਵਾਲੇ ਵਧ ਰਹੇ ਨੇ। ਗੋਆ ਵਿੱਚ ਤਾਂ ਪਿਛਲੇ ਦਹਾਕੇ ਵਿੱਚ 70 ਹਜ਼ਾਰ ਭਾਰਤੀਆਂ ਨੇ ਪਾਸਪੋਰਟ ਛੱਡੇ, ਜਿਨ੍ਹਾਂ ਵਿੱਚ 40 ਫ਼ੀਸਦੀ ਗੋਆ ਵਾਲੇ ਨੇ। ਪੰਜਾਬੀ ਵੀ ਇਸ ਵਿੱਚ ਅੱਗੇ ਨੇ। ਸਰਕਾਰ ਨੇ ਓਸੀਆਈ (ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ) ਸਕੀਮ ਸ਼ੁਰੂ ਕੀਤੀ ਹੈ, ਜਿਸ ਅਧੀਨ 51 ਲੱਖ ਤੋਂ ਵੱਧ ਲੋਕ ਰਜਿਸਟਰ ਹੋ ਚੁੱਕੇ ਨੇ। ਇਹ ਸਕੀਮ ਵਿਦੇਸ਼ ਵੱਸੇ ਭਾਰਤੀਆਂ ਨੂੰ ਭਾਰਤ ਨਾਲ ਜੋੜ ਕੇ ਰੱਖਦੀ ਏ, ਪਰ ਨਾਗਰਿਕਤਾ ਤਾਂ ਛੱਡਣੀ ਪੈਂਦੀ ਹੈ, ਕਿਉਂਕਿ ਭਾਰਤ ਵਿੱਚ ਡਿਊਲ ਸਿਟੀਜ਼ਨਸ਼ਿਪ ਨਹੀਂ ਹੈ। ਸੰਵਿਧਾਨ ਦੇ ਆਰਟੀਕਲ 9 ਮੁਤਾਬਕ, ਜੇਕਰ ਕੋਈ ਵਿਦੇਸ਼ੀ ਨਾਗਰਿਕਤਾ ਲੈਂਦਾ ਹੈ ਤਾਂ ਭਾਰਤੀ ਵਾਲੀ ਛੱਡਣੀ ਪੈਂਦੀ ਹੈ।

(ਬਾਕੀ ਸਫ਼ਾ 30 'ਤੇ)

## ਪੰਜਾਬ ਦੀ ਉਪਜਾਊ ਧਰਤੀ ਬਚੀ

# ਕਿਸਾਨੀ ਸੰਘਰਸ਼ ਨੇ ਰੋਕੀ 'ਜ਼ਮੀਨ ਲੁੱਟ ਦੀ ਸਰਕਾਰੀ ਯੋਜਨਾ'

## ਕਿਸਾਨ ਅੰਦੋਲਨ ਦੀ ਤਾਕਤ ਅੱਗੇ ਮਾਨ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣੀ ਲਈ ਹੋਣਾ ਪਿਆ ਮਜਬੂਰ





ਪੰਜਾਬ ਦੀ ਧਰਤੀ, ਜਿਥੇ ਅਨਾਜ ਦੇ ਬੂਟੇ ਹੱਸਦੇ ਖੇਡਦੇ ਨੇ ਤੇ ਨਦੀਆਂ ਦਾ ਪਾਣੀ ਗੀਤ ਗਾਉਂਦਾ ਹੈ, ਉਥੇ ਹੀ ਖੇਤੀ ਵਿਰੋਧੀ ਸਰਕਾਰੀ ਨੀਤੀ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ। ਭਗਵੰਤ ਮਾਨ ਸਰਕਾਰ ਨੇ ਮਈ 2025 ਵਿੱਚ ਲੈਂਡ ਪੂਲਿੰਗ ਨੀਤੀ ਲਿਆਂਦੀ ਸੀ, ਜਿਸ ਨੂੰ ਕਿਸਾਨਾਂ ਨੇ 'ਜ਼ਮੀਨ ਲੁੱਟ ਯੋਜਨਾ' ਕਹਿ ਕੇ ਨਕਾਰ ਦਿੱਤਾ ਤੇ ਪਿੰਡਾਂ ਵਿੱਚ 'ਆਪ' ਪਾਰਟੀ ਦੇ ਬਾਈਕਾਟ ਦਾ ਸੱਦਾ ਦਿੱਤਾ। ਇਹ ਨੀਤੀ, ਜਿਸ ਨੂੰ ਸ਼ਹਿਰੀ ਵਿਕਾਸ ਦਾ ਸੁਪਨਾ ਦੱਸ ਕੇ ਆਪ ਸਰਕਾਰ ਨੇ ਪੇਸ਼ ਕੀਤਾ ਗਿਆ ਸੀ, ਅਸਲ ਵਿੱਚ ਕਿਸਾਨਾਂ ਦੀ ਰੂਹ ਨੂੰ ਚੀਰਨ ਵਾਲੀ ਤਲਵਾਰ ਬਣ ਗਈ। ਪਰ ਹੁਣ ਸਰਕਾਰ ਨੇ ਇਸ ਨੀਤੀ ਨੂੰ ਵਾਪਸ ਲੈ ਲਿਆ ਹੈ। ਇਹ ਵਾਪਸੀ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਹੈ ਤੇ ਸਰਕਾਰ ਦੀ ਮਜਬੂਰੀ ਵੀ, ਕਿਉਂਕਿ ਇਸ ਸਰਕਾਰੀ ਪਾਲਿਸੀ ਕਾਰਨ ਸਰਕਾਰ ਨੂੰ ਆਪਣਾ ਪੇਂਡੂ ਵੋਟ ਬੈਂਕ ਖੁਰਦਾ ਨਜ਼ਰ ਆਇਆ। ਸੰਯੁਕਤ ਕਿਸਾਨ ਮੋਰਚਾ ਤੇ ਨੈਸ਼ਨਲ ਅਲਾਇੰਸ ਆਫ਼ ਪੀਪਲਜ਼ ਮੂਵਮੈਂਟਸ ਨੇ ਅੰਦੋਲਨ ਦੀ ਚਿਤਾਵਨੀ ਦਿੱਤੀ ਸੀ। ਘੱਟੋ ਘੱਟ 115 ਪੰਚਾਇਤਾਂ ਨੇ ਜ਼ਮੀਨ ਨਾ ਦੇਣ ਦੇ ਪ੍ਰਸਤਾਵ ਪਾਸ ਕੀਤੇ। ਇਹ ਅੰਦੋਲਨ ਤਾਂ ਉਹ ਲਹਿਰ ਸੀ ਜੋ ਪੰਜਾਬ ਦੇ ਹਰ ਪਿੰਡ ਵਿੱਚ ਫੈਲ ਗਈ, ਜਿਥੇ ਕਿਸਾਨਾਂ ਨੇ ਆਪਣੀ ਜ਼ਮੀਨ ਨੂੰ ਬਚਾਉਣ ਲਈ ਏਕਤਾ ਵਿਖਾਈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਲਕ, ਪੋਨਾ ਤੇ ਅਲੀਗੜ੍ਹ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਦਾਖ਼ਲੇ ਉੱਤੇ ਪਾਬੰਦੀ ਲੱਗ ਗਈ। ਹੋਰਡਿੰਗ ਲੱਗੇ ਜਿਨ੍ਹਾਂ ਉੱਤੇ ਲਿਖਿਆ ਸੀ, 'ਆਪ ਵਾਲੇ ਪਿੰਡ ਵਿੱਚ ਨਾ ਆਉਣ!' ਸੰਗਰੂਰ ਜ਼ਿਲ੍ਹੇ ਵਿੱਚ ਵੀ ਅਜਿਹੇ ਪੋਸਟਰ ਲਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਲਈ ਨੀਤੀ ਲਿਆਂਦੀ ਸੀ ਪਰ ਉਹ ਪਸੰਦ ਨਹੀਂ ਆਈ ਤਾਂ ਵਾਪਸ ਲੈ ਲਈ। ਪਾਰਟੀ ਹਮੇਸ਼ਾ ਕਿਸਾਨ ਪੱਖੀ ਰਹੀ ਹੈ।

### ਇਹ ਨੀਤੀ ਕੀ ਸੀ?

ਭਗਵੰਤ ਮਾਨ ਦੀ ਸਰਕਾਰ ਕਹਿੰਦੀ ਸੀ ਕਿ ਇਹ ਸ਼ਹਿਰੀ ਵਿਕਾਸ ਲਈ ਹੈ, ਜਿਥੇ 27 ਸ਼ਹਿਰਾਂ ਵਿੱਚ ਲਗਭਗ 40,000 ਏਕੜ ਵਾਹੀਯੋਗ ਜ਼ਮੀਨ ਨੂੰ ਇਕੱਠੀ ਕਰ ਕੇ ਰਿਹਾਇਸ਼ੀ ਤੇ ਵਪਾਰਕ ਜ਼ੋਨ ਬਣਾਏ ਜਾਣੇ ਸਨ। ਲੁਧਿਆਣਾ ਵਰਗੇ ਇਲਾਕਿਆਂ ਵਿੱਚ 164 ਪਿੰਡਾਂ ਦੀ 65,000 ਏਕੜ ਜ਼ਮੀਨ ਨੂੰ ਨਿਸ਼ਾਨੇ ਉੱਤੇ ਰੱਖਿਆ ਗਿਆ ਸੀ। ਨੀਤੀ ਮੁਤਾਬਕ, ਹਰ ਏਕੜ ਜ਼ਮੀਨ ਦੇ ਬਦਲੇ ਮਾਲਕ ਨੂੰ 1000 ਵਰਗ ਗਜ਼ ਰਿਹਾਇਸ਼ੀ ਪਲਾਟ ਤੇ 200 ਵਰਗ ਗਜ਼ ਵਪਾਰਕ ਪਲਾਟ ਮਿਲਣਾ ਸੀ। ਪਰ ਕਿਸਾਨਾਂ ਨੇ ਕਰੜਾ ਵਿਰੋਧ ਤੇ ਸੰਘਰਸ਼ ਕਰਦਿਆਂ ਕਿਹਾ ਸੀ, ਇਹ ਤਾਂ ਜ਼ਮੀਨ ਖੋਹਣ ਦੀ ਸਾਜ਼ਿਸ਼ ਹੈ, ਜਿਥੇ ਡਿਵੈਲਪਰਾਂ ਨੂੰ ਫਾਇਦਾ ਤੇ ਕਿਸਾਨਾਂ ਨਾਲ ਧੋਖਾ ਹੈ।

ਕਿਸਾਨ ਜਥੇਬੰਦੀਆਂ ਨੇ ਇਸ ਨੂੰ 'ਕਿਸਾਨ ਵਿਰੋਧੀ' ਕਹਿ ਕੇ ਨਕਾਰ ਦਿੱਤਾ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਸਰਕਾਰ ਵੱਲੋਂ ਇਹ ਪਾਲਿਸੀ ਵਾਪਸ ਲੈਣ ਉਪਰ ਪ੍ਰਤੀਕਰਮ ਪ੍ਰਗਟਾਉਂਦਿਆਂ ਕਿਹਾ ਸੀ ਕਿ ਇਹ ਲੋਕਾਂ ਦੀ ਏਕਤਾ ਤੇ ਸੰਘਰਸ਼ ਦਾ ਨਤੀਜਾ ਹੈ ਕਿ ਸਰਕਾਰ ਨੂੰ ਨੀਤੀ ਵਾਪਸ ਲੈਣੀ ਪਈ। ਜ਼ਮੀਨ ਬਚਾਓ, ਪੰਜਾਬ ਬਚਾਓ ਸੰਘਰਸ਼ ਕਮੇਟੀ ਜਗਰਾਓਂ ਦੇ ਆਗੂ ਦੀਦਾਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਕਿਸਾਨ-ਮਜ਼ਦੂਰ ਏਕਤਾ ਅੱਗੇ ਝੁਕੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਪੰਜਾਬੀਆਂ ਦੀ ਜਿੱਤ ਹੈ ਤੇ ਅਕਾਲੀ ਦਲ ਦੇ ਵਿਰੋਧ ਧਰਨਿਆਂ ਦਾ ਨਤੀਜਾ। ਸਰਕਾਰ ਨੇ 2 ਸਤੰਬਰ ਦੇ ਮੋਰਚੇ ਤੋਂ ਪਹਿਲਾਂ ਹੀ ਆਤਮ ਸਮਰਪਣ ਕਰ ਦਿੱਤਾ। ਉਹਨਾਂ ਕਿਹਾ ਕਿ ਆਪ ਸਰਕਾਰ ਦਿੱਲੀ ਦੇ ਬਿਲਡਰਾਂ ਨਾਲ ਮਿਲ ਕੇ 30,000 ਕਰੋੜ ਰੁਪਏ ਦੀ ਡੀਲ ਕਰ ਰਹੀ ਸੀ।

ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਖਿਆ ਕਿ ਇਹ ਪੰਜਾਬ ਅਤੇ ਪੰਜਾਬੀਆਂ ਦੀ ਜਿੱਤ ਹੈ।

ਹਲਕਾ ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਕਿਹਾ ਕਿ ਇਹ ਕਿਸਾਨ ਅੰਦੋਲਨ ਦੀ ਜਿੱਤ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ ਕਿ ਜੇ ਲੋਕ ਇਕਜੁੱਟ ਹੋ ਜਾਣ ਤਾਂ ਕੋਈ ਸਰਕਾਰ ਜ਼ਮੀਨਾਂ ਉੱਤੇ ਡਾਕਾ ਨਹੀਂ ਮਾਰ ਸਕਦੀ।

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਨੂੰ ਲੋਕਾਂ ਦੇ ਦਬਾਅ, ਅਦਾਲਤ ਦੇ ਫ਼ੈਸਲੇ ਤੇ ਵਿਰੋਧੀ ਪਾਰਟੀਆਂ ਵੱਲੋਂ ਬਣਾਏ ਬਿਰਤਾਂਤ ਕਾਰਨ ਨੀਤੀ ਵਾਪਸ ਲੈਣੀ ਪਈ। ਆਪ ਆਗੂਆਂ ਦਾ ਪਿੰਡਾਂ ਵਿੱਚ ਵਿਰੋਧ ਹੋ ਰਿਹਾ ਸੀ, ਵਿਰੋਧੀ ਲਹਿਰ ਤਕੜੀ ਬਣ ਰਹੀ ਸੀ ਤੇ ਹਾਈ ਕੋਰਟ ਵਿੱਚ ਤਕਨੀਕੀ ਦਲੀਲ ਨਹੀਂ ਦੇ ਸਕੇ।

### ਹਾਈ ਕੋਰਟ ਨੇ ਕਿਉਂ ਰੋਕ ਲਗਾਈ?

. 7 ਅਗਸਤ 2025 ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਨੇ ਲੁਧਿਆਣਾ ਨਿਵਾਸੀ ਗੁਰਦੀਪ ਸਿੰਘ ਗਿੱਲ ਦੀ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ 4 ਹਫ਼ਤਿਆਂ ਲਈ ਸਟੇਅ ਲਗਾ ਦਿੱਤਾ। ਅਦਾਲਤ ਨੇ ਆਖਿਆ ਕਿ ਨੀਤੀ ਨੂੰ ਬਿਨਾਂ ਸਮਾਜਿਕ ਤੇ ਵਾਤਾਵਰਨ ਪ੍ਰਭਾਵ ਮੁਲਾਂਕਣ ਦੇ ਜਲਦਬਾਜ਼ੀ ਵਿੱਚ ਲਾਗੂ ਕੀਤਾ ਗਿਆ, ਜੋ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ। ਅਦਾਲਤ ਨੇ ਨੋਟ ਕੀਤਾ ਕਿ ਨੀਤੀ ਵਿੱਚ ਕਾਨੂੰਨੀ ਖ਼ਾਮੀਆਂ ਨੇ - ਸਮਾਂ ਸੀਮਾ ਦੀ ਘਾਟ, ਸ਼ਿਕਾਇਤ ਨਿਵਾਰਣ ਵਿਵਸਥਾ ਦੀ ਕਮੀ ਤੇ ਭੂਮੀਹੀਣ ਮਜ਼ਦੂਰਾਂ ਲਈ ਪੁਨਰਵਾਸ ਯੋਜਨਾ ਨਾ ਹੋਣਾ ਹੈ। ਅਦਾਲਤ ਨੇ ਆਖਿਆ ਕਿ ਲੁਧਿਆਣਾ ਦੀ ਜ਼ਮੀਨ ਉਪਜਾਊ ਹੈ, ਜੇ ਜ਼ਮੀਨ ਗਈ ਤਾਂ ਅਨਾਜ ਕਿੱਥੋਂ ਆਵੇਗਾ? ਭੋਜਨ ਸੁਰੱਖਿਆ ਦਾ ਜ਼ਿਕਰ ਕਿਉਂ ਨਹੀਂ? ਅਦਾਲਤ ਨੇ ਮਜ਼ਦੂਰਾਂ, ਛੋਟੇ ਵਪਾਰੀਆਂ ਤੇ ਕਾਰੀਗਰਾਂ ਦੇ ਹਿੱਤਾਂ ਨੂੰ ਵੀ ਉਜਾਗਰ ਕੀਤਾ, ਜਿਨ੍ਹਾਂ ਨੂੰ ਨੀਤੀ ਵਿੱਚ ਭੁੱਲ ਗਏ ਨੇ। ਖੰਡਪੀਠ ਨੇ ਆਖਿਆ ਕਿ ਨੀਤੀ ਜਲਦਬਾਜ਼ੀ ਵਿੱਚ ਲਾਗੂ ਕੀਤੀ ਲੱਗਦੀ ਹੈ। ਸਰਕਾਰੀ ਵਕੀਲਾਂ ਕੋਲ ਇਸ ਦਾ ਕੋਈ ਜੁਆਬ ਨਹੀਂ ਸੀ।

### ਕੀ ਕਿਸਾਨ 'ਆਪ' ਪਾਰਟੀ ਉੱਪਰ ਵਿਸ਼ਵਾਸ ਕਰ ਸਕਣਗੇ?

ਕੀ ਆਪ ਸਰਕਾਰ ਕਿਸਾਨਾਂ ਵਿੱਚ ਵਿਸ਼ਵਾਸ ਬਹਾਲ ਕਰ ਸਕੇਗੀ? ਇਹ ਤਾਂ ਜਾਣੋ ਉਹ ਸਵਾਲ ਹੈ ਜਿਵੇਂ ਟੁੱਟੇ ਘੜੇ ਨੂੰ ਜੋੜਨਾ। ਨੀਤੀ ਵਾਪਸ ਲੈਣ ਨਾਲ ਤਾਂ ਸਰਕਾਰ ਨੇ ਭਾਵੇਂ ਕਿਸਾਨ ਅੰਦੋਲਨ ਠੰਡਾ ਕਰ ਦਿੱਤਾ , ਪਰ ਕਿਸਾਨਾਂ ਦੇ 'ਆਪ' ਪਾਰਟੀ ਉੱਪਰ ਵਿਸ਼ਵਾਸ ਦੀ ਡੋਰ ਤਾਂ ਕਮਜ਼ੋਰ ਹੋ ਗਈ ਹੈ। ਵਿਰੋਧੀ ਧਿਰਾਂ ਨੇ ਬਿਰਤਾਂਤ ਬਣਾਇਆ ਕਿ ਆਪ ਕਿਸਾਨ ਵਿਰੋਧੀ ਹੈ, ਜੋ ਹੁਣ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਿਆ ਹੈ। ਸਿਆਸੀ ਮਾਹਿਰ ਕਹਿੰਦੇ ਨੇ ਕਿ ਸਰਕਾਰ ਨੂੰ ਲੋਕਾਂ ਨਾਲ ਗੱਲਬਾਤ ਕਰਨੀ ਚਾਹੀਦੀ ਸੀ, ਨਾ ਕਿ ਜਲਦਬਾਜ਼ੀ ਵਿੱਚ ਨੀਤੀ ਥੋਪਣੀ ਚਾਹੀਦੀ ਸੀ। ਕੋਰਟ ਨੇ ਵੀ ਸਾਫ਼ ਕਰ ਦਿੱਤਾ ਕਿ ਕਾਨੂੰਨੀ ਪ੍ਰਕਿਰਿਆਵਾਂ ਬਿਨਾਂ ਕੋਈ ਨੀਤੀ ਨਹੀਂ ਚੱਲ ਸਕਦੀ।

ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਟਿੱਪਣੀ ਕੀਤੀ ਕਿ ਚਾਹੇ ਕਿਸਾਨਾਂ ਦੇ ਦਬਾਅ ਕਾਰਨ ਨੀਤੀ ਵਾਪਸ ਲਈ, ਪਰ ਕਿਸਾਨੀ ਵੋਟ ਬੈਂਕ ਹੁਣ 'ਆਪ' ਉੱਤੇ ਵਿਸ਼ਵਾਸ ਕਰੇਗਾ? ਇਹ ਮੁਸ਼ਕਲ ਹੈ। ਸਰਕਾਰ ਪੰਜਾਬੀ ਹਿੱਤਾਂ ਵਿਰੋਧ ਵਿੱਚ ਭੁਗਤ ਰਹੀ ਹੈ - ਦਰਿਆਈ ਪਾਣੀਆਂ ਦਾ ਮਸਲਾ ਹੋਵੇ, ਪੰਜਾਬੀ ਭਾਸ਼ਾ ਦਾ ਜਾਂ ਨੌਕਰੀਆਂ ਦਾ। ਇਹ ਨੀਤੀ ਵਾਪਸੀ ਤਾਂ ਇੱਕ ਸਬਕ ਹੈ ਕਿ ਲੋਕਾਂ ਦੀ ਆਵਾਜ਼ ਨੂੰ ਅਣਸੁਣਿਆ ਨਹੀਂ ਕੀਤਾ ਜਾ ਸਕਦਾ। ਵਿਰੋਧੀਆਂ ਨੇ ਬਿਰਤਾਂਤ ਸਿਰਜਿਆ ਕਿ ਸਰਕਾਰ ਬਿਲਡਰਾਂ ਦੇ ਹੱਥਾਂ ਵਿੱਚ ਖੇਡ ਰਹੀ ਹੈ, ਜੋ ਹੁਣ ਆਪ ਨੂੰ ਸਿਆਸੀ ਨੁਕਸਾਨ ਪਹੁੰਚਾਏਗਾ। ਕਿਸਾਨ ਅੰਦੋਲਨ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਧਰਤੀ ਉੱਤੇ ਕੋਈ ਵੀ ਸਰਕਾਰ ਲੋਕਾਂ ਦੇ ਵਿਰੋਧ ਵਿੱਚ ਨਹੀਂ ਟਿਕ ਸਕਦੀ। ਇਹ ਕਹਾਣੀ ਤਾਂ ਅਜੇ ਚੱਲਦੀ ਰਹੇਗੀ, ਜਿਥੇ ਹਰ ਪੰਨੇ ਉੱਤੇ ਕਿਸਾਨਾਂ ਦੀ ਜਿੱਤ ਲਿਖੀ ਜਾਵੇਗੀ। ਪੰਜਾਬ ਨੇ ਫਿਰ ਸਾਬਤ ਕੀਤਾ ਕਿ ਜ਼ਮੀਨ ਇੱਥੇ ਨਹੀਂ ਵਿਕਦੀ, ਸਗੋਂ ਰੂਹ ਨਾਲ ਜੁੜੀ ਹੁੰਦੀ ਹੈ।

# ਟਰੰਪ ਦੇ 50 ਫ਼ੀਸਦੀ ਟੈਰਿਫ਼ ਕਾਰਨ ਭਾਰਤ ਦੀ ਅਰਥਵਿਵਸਥਾ ਸੰਕਟ 'ਚ ਹੈ?

## ਟੈਰਿਫ਼ ਕਾਰਨ ਨਿਰਯਾਤ ਵਿੱਚ 40-50% ਗਿਰਾਵਟ ਦਾ ਖ਼ਤਰਾ

## ਕੁਆਡ ਦੀ ਏਕਤਾ ਵੀ ਸੰਕਟ ਵਿੱਚ, ਕੀ ਹੈ ਭਾਰਤ ਕੋਲ ਬਦਲ?

## ਟਰੰਪ ਦੀਆਂ ਧਮਕੀਆਂ ਦੇ ਬਾਵਜੂਦ ਭਾਰਤ 'ਚ ਉਸ ਦਾ ਰੀਅਲ ਅਸਟੇਟ ਕਾਰੋਬਾਰ ਚਾਰ ਗੁਣਾ ਵਧਿਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ 25% ਤੋਂ ਵਧਾ ਕੇ 50% ਟੈਰਿਫ਼ ਲਾਉਣ ਦੀ ਧਮਕੀ ਨੇ ਨਾ ਸਿਰਫ਼ ਭਾਰਤ-ਅਮਰੀਕਾ ਸਬੰਧਾਂ ਵਿੱਚ ਖਟਾਸ ਲੈ ਆਉਂਦੀ ਹੈ ਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਕੁਆਡ ਗੱਠਜੋੜ ਦੀਆਂ ਜੜ੍ਹਾਂ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਦੇ ਨਾਲ ਹੀ, ਟਰੰਪ ਦੀ ਕੰਪਨੀ ਦਾ ਭਾਰਤ 'ਚ ਰੀਅਲ ਅਸਟੇਟ ਕਾਰੋਬਾਰ ਚਾਰ ਗੁਣਾ ਵਧਣਾ ਵੀ ਚਰਚਾ ਦਾ ਵਿਸ਼ਾ ਹੈ। ਇਸ ਸਥਿਤੀ 'ਚ ਭਾਰਤ ਦੀ ਨੀਤੀ ਕੀ ਹੋਵੇਗੀ? ਕੀ ਭਾਰਤ ਅਮਰੀਕਾ ਅੱਗੇ ਝੁਕੇਗਾ, ਜਾਂ ਚੀਨ ਵੱਲ ਵਧੇਗਾ?

2024 ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ 132 ਅਰਬ ਡਾਲਰ ਦਾ ਵਪਾਰ ਸੀ, ਜਿਸ ਵਿੱਚ ਭਾਰਤ ਦਾ ਨਿਰਯਾਤ 86.5 ਅਰਬ ਅਤੇ ਅਮਰੀਕਾ ਤੋਂ ਆਯਾਤ 41 ਅਰਬ ਡਾਲਰ ਸੀ। ਇਸ 45 ਅਰਬ ਡਾਲਰ ਦੇ ਵਪਾਰਕ ਅੰਤਰ ਨੂੰ ਟਰੰਪ ਘਟਾਉਣਾ ਚਾਹੁੰਦੇ ਹਨ। 7 ਅਗਸਤ 2025 ਤੋਂ 25% ਅਤੇ 27 ਅਗਸਤ ਤੋਂ ਵਾਧੂ 25% ਟੈਰਿਫ਼ ਨੇ ਭਾਰਤ ਦੇ ਨਿਰਯਾਤ ਖੇਤਰਾਂ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਭਾਰਤ ਅਮਰੀਕਾ ਨੂੰ 11.88 ਅਰਬ ਡਾਲਰ ਦਾ ਸੋਨਾ, ਚਾਂਦੀ ਅਤੇ ਹੀਰੇ ਨਿਰਯਾਤ ਕਰਦਾ ਹੈ। 50% ਟੈਰਿਫ਼ ਨਾਲ ਇਹ ਸਮਾਨ ਮਹਿੰਗਾ ਹੋਵੇਗਾ, ਜਿਸ ਨਾਲ ਨਿਰਯਾਤ ਵਿੱਚ 40-50% ਦੀ ਕਮੀ ਆ ਸਕਦੀ ਹੈ।

ਭਾਰਤ ਅਮਰੀਕਾ ਨੂੰ 10.5 ਅਰਬ ਡਾਲਰ ਦਾ ਫ਼ਾਰਮਾ ਨਿਰਯਾਤ ਕਰਦਾ ਹੈ, ਪਰ ਮੰਗ ਘਟਣ ਨਾਲ ਮੁਨਾਫ਼ਾ ਘਟ ਸਕਦਾ ਹੈ।

ਆਟੋ ਪਾਰਟਸ ਅਤੇ ਸਟੀਲ: 2.2 ਅਰਬ ਡਾਲਰ ਦਾ ਨਿਰਯਾਤ ਦਬਾਅ ਵਿੱਚ ਆਵੇਗਾ।

ਗੁਜਰਾਤ, ਮਹਾਰਾਸ਼ਟਰ ਅਤੇ ਤਮਿਲਨਾਡੂ ਵਰਗੇ ਨਿਰਯਾਤ ਹੱਬ ਵਿੱਚ ਛੋਟੇ ਉਦਯੋਗਾਂ ਨੂੰ ਨੁਕਸਾਨ ਹੋਵੇਗਾ, ਜਿਸ ਨਾਲ ਰੁਜ਼ਗਾਰ 'ਤੇ ਅਸਰ ਪਵੇਗਾ। ਆਰਥਿਕ ਮਾਹਿਰਾਂ ਮੁਤਾਬਕ, ਇਸ ਨਾਲ ਭਾਰਤੀ ਅਰਥਵਿਵਸਥਾ 'ਤੇ 0.4-0.8% ਦਾ ਨਕਾਰਾਤਮਕ ਅਸਰ ਪੈ ਸਕਦਾ ਹੈ।



### ਕੀ ਟੈਰਿਫ਼ ਕਾਰਨ ਕੁਆਡ ਦਾ ਅੰਤ ਹੋਵੇਗਾ?

ਕੁਆਡ (ਅਮਰੀਕਾ, ਭਾਰਤ, ਜਾਪਾਨ, ਆਸਟ੍ਰੇਲੀਆ) ਦਾ ਮਕਸਦ ਚੀਨ ਦੀ ਵਧਦੀ ਹਮਲਾਵਰ ਨੀਤੀ ਨੂੰ ਰੋਕਣਾ ਸੀ। ਪਰ ਟਰੰਪ ਦੀਆਂ ਨੀਤੀਆਂ ਨੇ ਇਸ ਗੱਠਜੋੜ ਨੂੰ ਕਮਜ਼ੋਰ ਕਰ ਦਿੱਤਾ ਹੈ।

ਟਰੰਪ ਨੇ ਭਾਰਤ 'ਤੇ 50%, ਜਾਪਾਨ 'ਤੇ 15%, ਤੇ ਆਸਟ੍ਰੇਲੀਆ 'ਤੇ ਸਟੀਲ-ਐਲਮੀਨੀਅਮ 'ਤੇ ਟੈਰਿਫ਼ ਲਾਏ ਹਨ। ਇਸ ਨਾਲ ਕੁਆਡ ਮੈਂਬਰਾਂ ਵਿੱਚ ਅਮਰੀਕਾ 'ਤੇ ਭਰੋਸਾ ਘਟਿਆ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਚੀਨ ਨਾਲ ਸਬੰਧ ਸੁਧਾਰਨ ਦੀ ਸਹਿਮਤੀ ਦਿੱਤੀ ਹੈ, ਕਿਉਂਕਿ ਉਸ ਦੀ ਅਰਥਵਿਵਸਥਾ ਚੀਨ 'ਤੇ ਨਿਰਭਰ ਹੈ। ਜਾਪਾਨ ਨੇ ਵੀ ਅਮਰੀਕੀ ਨਿਰਭਰਤਾ ਘਟਾਉਣ ਲਈ ਆਪਣੀ ਫ਼ੌਜ ਵਧਾਉਣ ਦਾ ਐਲਾਨ ਕੀਤਾ ਹੈ। ਜੇ ਟਰੰਪ ਨੀਤੀਆਂ ਨਹੀਂ ਬਦਲਦੇ, ਤਾਂ ਭਾਰਤ ਵਰਗਾ ਅਹਿਮ ਮੈਂਬਰ ਪਿੱਛੇ ਹਟ ਸਕਦਾ ਹੈ, ਜਿਸ ਨਾਲ ਕੁਆਡ ਦਾ ਅੰਤ ਹੋ ਸਕਦਾ ਹੈ। ਇਸ ਦਾ ਸਿੱਧਾ ਫ਼ਾਇਦਾ ਚੀਨ ਨੂੰ ਹੋਵੇਗਾ, ਜੋ ਹਿੰਦ-ਪ੍ਰਸ਼ਾਂਤ ਵਿੱਚ ਆਪਣਾ ਦਬਦਬਾ ਵਧਾਉਣਾ ਚਾਹੁੰਦਾ ਹੈ। ਚੀਨ ਦੀ ਬੈਲਟ ਐਂਡ ਰੋਡ ਪਹਿਲ ਨੇ ਸ੍ਰੀਲੰਕਾ, ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵਿੱਚ ਪੈਰ ਪਸਾਰੇ ਹਨ। ਕੁਆਡ ਦੀ ਕਮਜ਼ੋਰੀ ਨਾਲ ਚੀਨ ਦਾ ਹਿੰਦ ਮਹਾਸਾਗਰ ਅਤੇ ਦੱਖਣੀ ਚੀਨ ਸਾਗਰ ਵਿੱਚ ਪ੍ਰਭਾਵ ਵਧੇਗਾ। ਸੀਮਾ ਵਿਵਾਦ ਦੇ ਬਾਵਜੂਦ, ਭਾਰਤ ਦਾ ਚੀਨ ਤੋਂ ਆਯਾਤ 100 ਅਰਬ ਡਾਲਰ ਤੱਕ ਪਹੁੰਚਿਆ ਹੈ।

**ਭਾਰਤ ਕੋਲ ਕਈ ਰਾਹ ਹਨ:**

ਨਹਿਰੂ ਦੀ ਗੁਟਨਿਰਪੇਖ ਨੀਤੀ ਅੱਜ ਵੀ ਪ੍ਰਸੰਗਿਕ ਹੈ। ਭਾਰਤ ਨੂੰ ਅਮਰੀਕਾ ਅਤੇ ਚੀਨ ਦੇ ਦਬਾਅ 'ਚੋਂ ਨਿਕਲ ਕੇ ਆਪਣੀ ਰਣਨੀਤਕ ਸੁਤੰਤਰਤਾ ਬਣਾਈ ਰੱਖਣੀ ਹੋਵੇਗੀ। ਸਵਦੇਸ਼ੀ ਉਤਪਾਦਨ ਅਤੇ ਰਿਸਰਚ 'ਤੇ ਜ਼ੋਰ ਦੇ ਕੇ ਭਾਰਤ ਵਿਦੇਸ਼ੀ ਨਿਰਭਰਤਾ ਘਟਾ ਸਕਦਾ ਹੈ। ਬ੍ਰਿਕਸ ਵਰਗੇ ਮੰਚਾਂ 'ਤੇ ਸਰਗਰਮੀ ਵਧਾਉਣ ਨਾਲ ਭਾਰਤ ਚੀਨ ਅਤੇ ਰੂਸ ਨਾਲ ਸਬੰਧ ਮਜ਼ਬੂਤ ਕਰ ਸਕਦਾ ਹੈ। ਘਰੇਲੂ ਮੰਗ ਅਤੇ ਮਜ਼ਬੂਤ ਨੀਤੀਆਂ ਨਾਲ ਭਾਰਤ ਅਰਥਵਿਵਸਥਾ ਨੂੰ ਸਥਿਰ ਰੱਖ ਸਕਦਾ ਹੈ।

(ਬਾਕੀ ਸਫ਼ਾ 30 'ਤੇ)

# ਟਰੰਪ ਦੇ ਟੈਰਿਫ਼ ਯੁੱਧ ਕਾਰਨ ਵਪਾਰਕ ਖੇਤਰ 'ਚ ਹੋਈ ਉਥਲ-ਪੁਥਲ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਨੇ ਭਾਰਤੀ ਸਟੀਲ, ਐਲੂਮੀਨੀਅਮ ਅਤੇ ਸਬੰਧਿਤ ਉਤਪਾਦਾਂ 'ਤੇ 50 ਫ਼ੀਸਦੀ ਦੀ ਭਾਰੀ ਇੰਪੋਰਟ ਡਿਊਟੀ ਲਾਈ ਹੈ। ਇਸ ਦੇ ਜਵਾਬ 'ਚ ਭਾਰਤ ਵੀ ਚੋਣਵੇਂ ਅਮਰੀਕੀ ਸਾਮਾਨ 'ਤੇ ਟੈਰਿਫ਼ ਲਾਉਣ 'ਤੇ ਵਿਚਾਰ ਕਰ ਰਿਹਾ ਹੈ। ਸੂਤਰਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ ਹੈ।

ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ਼ 'ਤੇ ਭਾਰਤ ਦਾ ਪਹਿਲਾ ਰਸਮੀ ਪਲਟਵਾਰ ਹੋਵੇਗਾ। ਟਰੰਪ ਨੇ 31 ਜੁਲਾਈ ਨੂੰ ਸਾਰੀਆਂ ਭਾਰਤੀ ਵਸਤਾਂ 'ਤੇ 25 ਫ਼ੀਸਦੀ ਟੈਰਿਫ਼ ਲਾਇਆ ਸੀ। ਫ਼ਿਰ 6 ਅਗਸਤ ਨੂੰ ਰੂਸ ਤੋਂ ਤੇਲ ਦਰਾਮਦ ਨੂੰ ਲੈ ਕੇ 25 ਫ਼ੀਸਦੀ ਦਾ ਐਕਸਟ੍ਰਾ ਟੈਰਿਫ਼ ਲਾ ਦਿੱਤਾ ਸੀ।

ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਵਾਸ਼ਿੰਗਟਨ ਭਾਰਤ ਦੀਆਂ ਚਿੰਤਾਵਾਂ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਿਆਰ ਨਹੀਂ ਹੈ, ਜਿਸ ਨਾਲ ਭਾਰਤ ਕੋਲ ਪਲਟਵਾਰ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਬਚਦਾ। ਇਸ ਪਲਟਵਾਰ ਦੀ ਸ਼ੁਰੂਆਤ ਅਮਰੀਕੀ ਵਸਤਾਂ ਦੇ ਇੱਕ ਸੈੱਟ 'ਤੇ ਅਜਿਹੇ ਟੈਰਿਫ਼ ਨਾਲ ਹੋ ਸਕਦੀ ਹੈ, ਜੋ ਅਮਰੀਕੀ ਡਿਊਟੀ ਨਾਲ ਹੋਏ ਨੁਕਸਾਨ ਦੇ ਅਨੁਪਾਤ 'ਚ ਹੋਣ।

ਇੱਕ ਹੋਰ ਅਧਿਕਾਰੀ ਨੇ ਦੱਸਿਆ, 'ਅਮਰੀਕਾ ਇੱਕ ਪਾਸੇ ਦੋਪੱਖੀ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹਾ ਹੈ ਤਾਂ ਦੂਜੇ ਪਾਸੇ ਭਾਰਤ ਦੇ



ਆਰਥਿਕ ਹਿੱਤਾਂ ਖ਼ਿਲਾਫ਼ ਅਣ-ਉਚਿਤ ਕਦਮ ਉਠਾ ਰਿਹਾ ਹੈ। ਭਾਰਤ ਨੂੰ ਅਮਰੀਕਾ ਦੀ ਇੱਕਪਾਸੜ ਅਤੇ ਅਣ-ਉਚਿਤ ਕਾਰਵਾਈ ਦਾ ਜਵਾਬ ਦੇਣ ਦਾ ਅਧਿਕਾਰ ਹੈ।"

**ਦਾਅ 'ਤੇ ਲੱਗਾ ਅਰਬਾਂ ਡਾਲਰ ਦਾ ਵਪਾਰ :** ਭਾਰਤ ਨੂੰ ਅਮਰੀਕਾ 45 ਅਰਬ ਡਾਲਰ ਤੋਂ ਜ਼ਿਆਦਾ ਦਾ ਮਾਲ ਬਰਾਮਦ ਕਰਦਾ ਹੈ। ਉਥੇ ਹੀ, ਹਾਲੀਆ ਟੈਰਿਫ਼ ਤੋਂ ਪਹਿਲਾਂ ਭਾਰਤ ਦੀ ਅਮਰੀਕਾ ਨੂੰ ਬਰਾਮਦ 86 ਅਰਬ ਡਾਲਰ ਦੀ ਸੀ। ਜੇਕਰ ਭਾਰਤ ਟੈਰਿਫ਼ ਦੇ ਮਾਮਲੇ 'ਚ ਜਵਾਬੀ ਕਾਰਵਾਈ ਕਰਦਾ ਹੈ ਤਾਂ ਵਪਾਰ ਘਾਟਾ ਹੋਰ ਵਧ ਸਕਦਾ ਹੈ।

ਇਸ ਸਾਲ ਫ਼ਰਵਰੀ 'ਚ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਪੱਖੀ ਵਪਾਰ ਨੂੰ 500 ਅਰਬ ਡਾਲਰ ਤੱਕ ਵਧਾਉਣ ਅਤੇ ਵਿਆਪਕ ਗੱਲਬਾਤ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ ਪਰ ਅਮਰੀਕਾ ਭਾਰਤ ਦੇ ਖੇਤੀਬਾੜੀ ਅਤੇ ਸੰਵੇਦਨਸ਼ੀਲ ਖੇਤਰਾਂ 'ਚ ਜ਼ਿਆਦਾ ਪਹੁੰਚ ਚਾਹੁੰਦਾ ਹੈ। ਅਮਰੀਕੀ ਮੰਗ ਨੂੰ ਭਾਰਤ ਨੇ ਠੁਕਰਾ ਦਿੱਤਾ, ਜਿਸ ਤੋਂ ਬਾਅਦ ਗੱਲਬਾਤ ਠੱਪ ਪੈ ਗਈ।

**ਮੈਟਲ ਤੱਕ ਹੀ ਸੀਮਿਤ ਨਹੀਂ ਹੈ ਵਪਾਰ :** ਅਮਰੀਕਾ ਨੇ 2024-25 'ਚ ਭਾਰਤ ਨੂੰ 13.62 ਅਰਬ ਡਾਲਰ ਦੀ ਊਰਜਾ ਬਰਾਮਦ ਕੀਤੀ, ਨਾਲ ਹੀ ਇਲੈਕਟ੍ਰਾਨਿਕਸ, ਕੈਮੀਕਲਜ਼ ਅਤੇ ਹੋਰ ਵਸਤਾਂ 'ਚ ਵੀ ਜ਼ਿਕਰਯੋਗ ਵਪਾਰ ਕੀਤਾ। ਸੇਵਾ ਵਪਾਰ ਵੀ ਮਹੱਤਵਪੂਰਨ ਹੈ। 2024 'ਚ ਦੋਪੱਖੀ ਸੇਵਾਵਾਂ ਦਾ ਵਪਾਰ 83.4 ਅਰਬ ਡਾਲਰ ਦਾ ਰਿਹਾ, ਜਿਸ 'ਚ ਅਮਰੀਕਾ ਦਾ 102 ਮਿਲੀਅਨ ਡਾਲਰ ਦਾ ਸਰਪਲੱਸ ਸੀ।

2024 'ਚ ਭਾਰਤ ਨੂੰ ਅਮਰੀਕੀ ਸੇਵਾ ਬਰਾਮਦ ਕਰੀਬ 16 ਫ਼ੀਸਦੀ ਵਧ ਕੇ 41.8 ਅਰਬ ਡਾਲਰ ਤੱਕ ਪੁੱਜੀ, ਜਦੋਂਕਿ ਭਾਰਤ ਤੋਂ ਦਰਾਮਦ ਵੀ ਲੱਗਭਗ ਸਮਾਨ ਦਰ ਨਾਲ ਵਧ ਕੇ 41.6 ਅਰਬ ਡਾਲਰ ਹੋ ਗਈ।

# ਬੇਘਰੇ ਲੋਕ ਤੁਰੰਤ ਰਾਜਧਾਨੀ ਛੱਡ ਕੇ ਚਲੇ ਜਾਣ: ਟਰੰਪ

## ਬੇਘਰਿਆਂ ਨੂੰ ਰਾਜਧਾਨੀ ਤੋਂ ਦੂਰ ਦਿੱਤੀ ਜਾਵੇਗੀ ਜਗਾ


ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਰੀ ਇੱਕ ਬਿਆਨ ਵਿੱਚ ਬੇਘਰੇ ਲੋਕਾਂ ਨੂੰ ਕਿਹਾ ਹੈ ਕਿ ਉਹ ਤੁਰੰਤ ਵਾਸ਼ਿੰਗਟਨ, ਡੀ. ਸੀ. ਛੱਡ ਕੇ ਚਲੇ ਜਾਣ। ਹਾਲਾਂ ਕਿ ਪਿਛਲੇ ਸਾਲ ਵਾਸ਼ਿੰਗਟਨ ਡੀ. ਸੀ. ਵਿੱਚ ਹਿੰਸਕ ਅਪਰਾਧ ਘਟਿਆ ਹੈ ਪਰੰਤੂ ਰਾਸ਼ਟਰਪਤੀ ਨੇ ਸ਼ਹਿਰ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਇੱਕ ਯੋਜਨਾ ਉੱਪਰ ਕੰਮ ਕਰ ਰਹੇ ਹਨ ਜਿਸ ਤਹਿਤ ਬੇਘਰੇ ਲੋਕਾਂ ਦੀ ਸਮੱਸਿਆ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਨੇ ਟਰੁੱਥ ਸੋਸ਼ਲ ਮੀਡੀਆ ਉੱਪਰ ਲਿਖਿਆ ਹੈ ਕਿ ਬੇਘਰੇ ਲੋਕਾਂ ਨੂੰ ਤੁਰੰਤ ਸ਼ਹਿਰ ਛੱਡ ਕੇ ਜਾਣਾ ਪਵੇਗਾ, ਅਸੀਂ ਤੁਹਾਨੂੰ ਰਹਿਣ ਲਈ ਜਗਾ ਦੇਵਾਂਗੇ ਪਰੰਤੂ ਉਹ ਜਗਾ



ਰਾਜਧਾਨੀ ਤੋਂ ਦੂਰ ਹੋਵੇਗੀ। ਟਰੰਪ ਨੇ ਕਿਹਾ ਉਹ ਛੇਤੀ ਇੱਕ ਯੋਜਨਾ ਦਾ ਐਲਾਨ ਕਰਨ ਵਾਲੇ ਹਨ, ਜਿਸ ਨਾਲ ਸ਼ਹਿਰ ਵਿੱਚ ਅਪਰਾਧ ਤੇ ਗੰਦਗੀ ਦੀ ਸਮੱਸਿਆ ਹੱਲ ਹੋ ਜਾਵੇਗੀ। ਸ਼ਹਿਰ ਦਾ ਆਮ ਨਵੀਨੀਕਰਨ ਹੋਵੇਗਾ ਤੇ ਸ਼ਹਿਰ ਵਿਚਲੇ ਹਾਲਾਤ ਬਦਲ ਜਾਣਗੇ ਜੋ ਕਦੇ ਸਾਡੇ ਸੁੰਦਰ ਤੇ ਵਧੀਆ ਰੱਖ ਰਖਾਓ ਵਾਲੇ ਸ਼ਹਿਰ ਵਿੱਚ ਹੁੰਦੇ ਸਨ। ਇੱਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਬੀਤੇ ਦਿਨ ਅਪਰਾਧ ਬਾਰੇ ਸ਼ਿਕਾਇਤ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਵਾਸ਼ਿੰਗਟਨ ਡੀ. ਸੀ. ਦੇ ਨਿਯੰਤਰਣ ਨੂੰ ਸੰਘੀ ਪ੍ਰਸ਼ਾਸਨ ਆਪਣੇ ਹੱਥ ਵਿੱਚ ਲੈ ਲਵੇਗਾ। ਉਨ੍ਹਾਂ ਕਿਹਾ ਸੀ ਕਿ ਵਾਸ਼ਿੰਗਟਨ ਡੀ. ਸੀ. ਵਿੱਚ ਅਪਰਾਧ ਮੁਕੰਮਲ ਤੌਰ 'ਤੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ, ਜੇਕਰ ਇਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਉਹ ਆਪਣੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਸ਼ਹਿਰ ਦਾ ਸੰਘੀਕਰਨ ਕਰ ਦੇਣਗੇ। ਇਸ ਤੋਂ ਬਾਅਦ ਟਰੰਪ ਨੇ ਸ਼ਹਿਰ ਵਿੱਚ ਸੰਘੀ ਲਾਅ ਇਨਫ਼ੋਰਸਮੈਂਟ ਅਫ਼ਸਰਾਂ ਦੀ ਹਾਜਰੀ ਵਧਾਉਣ ਦਾ ਆਦੇਸ਼ ਦਿੱਤਾ ਸੀ।

## ਰੂਸੀ ਤੇਲ ਸਬੰਧੀ ਚੀਨ 'ਤੇ ਟੈਰਿਫ਼ ਲਗਾਉਣ ਦਾ ਢੁੱਕਵੇਂ ਸਮੇਂ 'ਤੇ ਹੋਵੇਗਾ ਫ਼ੈਸਲਾ: ਵੇਂਸ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ. ਡੀ. ਵੇਂਸ ਨੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਤੋਂ ਤੇਲ ਖਰੀਦਣ ਲਈ ਚੀਨ 'ਤੇ ਟੈਰਿਫ ਲਾਉਣ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ, ਕਿਉਂਕਿ ਚੀਨ ਨਾਲ ਅਮਰੀਕਾ ਦੇ ਸਬੰਧ 'ਕਈ ਚੀਜ਼ਾਂ ਨੂੰ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ ਦਾ ਰੂਸੀ ਸਥਿਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।'



ਵੇਂਸ ਨੇ ਕਿਹਾ ਕਿ ਰਾਸ਼ਟਰਪਤੀ ਨੇ ਕਿਹਾ ਹੈ ਕਿ ਉਹ ਅਜੇ ਇਸ ਬਾਰੇ ਸੋਚ ਰਹੇ ਹਨ ਪਰ ਉਨ੍ਹਾਂ ਨੇ ਅਜੇ ਤੱਕ ਕੋਈ ਠੋਸ ਫੈਸਲਾ ਨਹੀਂ ਲਿਆ ਹੈ। ਵੇਂਸ ਤੋਂ ਪੁੱਛਿਆ ਗਿਆ ਸੀ ਕਿ ਜੇਕਰ ਟਰੰਪ ਰੂਸੀ ਤੇਲ ਖਰੀਦਣ ਲਈ ਭਾਰਤ ਵਰਗੇ ਦੇਸ਼ 'ਤੇ ਭਾਰੀ ਟੈਰਿਫ ਲਗਾ ਰਹੇ ਹਨ, ਤਾਂ ਕੀ ਅਮਰੀਕਾ ਚੀਨ 'ਤੇ ਵੀ ਇਸੇ ਤਰ੍ਹਾਂ ਦਾ ਟੈਰਿਫ ਲਗਾਵੇਗਾ ਕਿਉਂਕਿ ਚੀਨ ਵੀ ਰੂਸ ਤੋਂ ਤੇਲ ਖਰੀਦਦਾ ਹੈ।

ਵੇਂਸ ਨੇ ਕਿਹਾ ਕਿ ਸਪੱਸ਼ਟ ਤੌਰ 'ਤੇ ਚੀਨ ਦਾ ਮੁੱਦਾ ਥੋੜ੍ਹਾ ਹੋਰ ਗੁੰਝਲਦਾਰ ਹੈ ਕਿਉਂਕਿ ਚੀਨ ਨਾਲ ਸਾਡੇ ਸਬੰਧ ਕਈ ਹੋਰ ਚੀਜ਼ਾਂ ਨੂੰ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ ਦਾ ਰੂਸੀ ਸਥਿਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਟਰੰਪ ਆਪਣੇ ਬਦਲਾਂ ਦੀ ਸਮੀਖਿਆ ਕਰ ਰਹੇ ਹਨ ਅਤੇ ਉਹ ਯਕੀਨੀ ਤੌਰ 'ਤੇ ਢੁਕਵੇਂ ਸਮੇਂ 'ਤੇ ਇਸ ਬਾਰੇ ਫੈਸਲਾ ਲੈਣਗੇ।

# ਸਾਲਾਨਾ ਤੀਆਂ 'ਚ ਪੰਜਾਬਣਾਂ ਨੇ ਨੱਚ ਨੱਚ ਪੂਰੇ ਕੀਤੇ ਚਾਅ

ਸਾਊਥਾਲ/ਏ.ਟੀ.ਨਿਊਜ਼ : ਪੰਜਾਬੀ ਦੁਨੀਆ ਦੇ ਜਿਸ ਵੀ ਖਿੱਤੇ ਵਿੱਚ ਗਏ ਹਨ, ਆਪਣੇ ਮਨਪਰਚਾਵੇ ਦੇ ਸਾਧਨ, ਤਿੱਥ ਤਿਊਹਾਰ ਵੀ ਨਾਲ ਲੈ ਕੇ ਗਏ। ਭਾਰਤ 'ਚ ਮਨਾਇਆ ਜਾਂਦਾ ਹਰ ਤਿਊਹਾਰ, ਹਰ ਮੇਲਾ ਲਗਭਗ ਵਿਦੇਸ਼ਾਂ 'ਚ ਹੂ ਬ ਹੂ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਲੰਡਨ ਵਿੱਚ ਦੇਸੀ ਰੇਡੀਓ ਸਾਊਥਾਲ ਦੇ 'ਦ ਪੰਜਾਬੀ ਸੈਂਟਰ' ਵੱਲੋਂ ਹਰ ਸਾਲ ਮਨਾਇਆ ਜਾਂਦਾ ਤੀਆਂ ਦਾ ਤਿਊਹਾਰ ਇਸ ਵਾਰ ਵੀ ਧੂਮ ਧਾਮ ਨਾਲ ਮਨਾਇਆ ਗਿਆ। ਤਕਰੀਬਨ 25 ਕੁ ਸਾਲ ਪਹਿਲਾਂ ਲੰਡਨ 'ਚ ਪਹਿਲੀ ਵਾਰੀ ਸ਼ੁਰੂ ਕੀਤੇ ਇਸ ਪ੍ਰੋਗਰਾਮ ਵਿੱਚ ਇਸ ਵਾਰ ਵੀ ਵੱਡੀ



ਗਿਣਤੀ ਵਿੱਚ ਬੀਬੀਆਂ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਸਾਵਣ ਦੇ ਚਾਰ ਸ਼ਨੀਵਾਰਾਂ ਨੂੰ 'ਦ ਪੰਜਾਬੀ ਸੈਂਟਰ' ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਪੰਜਾਬ ਦੇ ਰਵਾਇਤੀ ਪਹਿਰਾਵੇ ਵਿੱਚ ਸਜ ਧਜ ਕੇ ਪੁੱਜੀਆਂ ਪੰਜਾਬਣਾਂ ਨੇ ਗਿੱਧੇ ਦੇ ਪਿੜ ਵਿੱਚ ਆਪਣੀਆਂ ਵੰਨ ਸੁਵੰਨੀਆਂ ਬੋਲੀਆਂ ਨਾਲ ਖ਼ੂਬ ਰੰਗ ਬੰਨ੍ਹਿਆ। ਸ਼ਿਰਕਤ ਕਰ ਰਹੀਆਂ ਸਾਰੀਆਂ ਬੀਬੀਆਂ ਨੇ ਇਸ ਗੱਲ ਨੂੰ ਹਮੇਸ਼ਾ ਵਾਂਗ ਇਸ ਵਾਰ ਫਿਰ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਦੇਸੀ ਰੇਡੀਓ ਦਾ ਇਹ ਸ਼ਲਾਘਾਯੋਗ ਉੱਦਮ ਉਨ੍ਹਾਂ ਦੇ ਇਕੱਠੇ ਹੋਣ ਅਤੇ ਆਪਣੇ ਵਿਰਸੇ ਨਾਲ ਜੁੜਨ ਲਈ ਇੱਕ ਚੰਗਾ ਸਬੱਬ ਸਿਰਜਦਾ ਹੈ। ਇਸ ਮੌਕੇ ਦੇਸੀ ਰੇਡੀਓ ਵੱਲੋਂ ਲਹਿੰਦੇ ਪੰਜਾਬ ਦੀ ਪੰਜਾਬਣ ਲੇਖਿਕਾ ਸ਼ਗੁਫਤਾ ਗਿੰਮੀ ਲੋਧੀ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਕਾਰਜ ਵਿੱਚ ਪਾਏ ਯੋਗਦਾਨ ਬਦਲੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਈਲਿੰਗ ਬਾਰੋਅ ਦੇ ਡਿਪਟੀ ਮੇਅਰ ਮੈਡਮ ਫ਼ਦੂਮਾ ਮੁਹੰਮਦ, ਕੌਂਸਲਰ ਅਮਰਜੀਤ ਜੰਮੂ ਅਤੇ ਕੌਂਸਲਰ ਮਹਿੰਦਰ ਮਿੱਡਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਵੱਲੋਂ 50 ਫ਼ੀਸਦੀ ਟੈਰਿਫ਼ ਲਗਾਉਣ ਕਾਰਨ ਟੈਕਸਟਾਈਲ ਉਦਯੋਗ 'ਚ ਮਚੀ ਵੱਡੀ ਹਲਚਲ

## ਅਮਰੀਕਾ ਨੂੰ ਹਰ ਸਾਲ ਲਗਭਗ 83,000 ਕਰੋੜ ਰੁਪਏ ਦੇ ਉਤਪਾਦਾਂ ਦੀ ਬਰਾਮਦ ਕਰਦੈ ਭਾਰਤੀ ਟੈਕਸਟਾਈਲ ਉਦਯੋਗ







ਲੁਧਿਆਣਾ/ਏ.ਟੀ.ਨਿਊਜ਼: ਅਮਰੀਕਾ ਵੱਲੋਂ ਭਾਰਤ ਦੇ ਟੈਕਸਟਾਈਲ ਉਤਪਾਦਾਂ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਦੇ ਫ਼ੈਸਲੇ ਨੇ ਦੇਸ਼ ਅਤੇ ਖਾਸ ਕਰ ਕੇ ਲੁਧਿਆਣਾ ਦੇ ਟੈਕਸਟਾਈਲ ਉਦਯੋਗ 'ਚ ਵੱਡੀ ਹਲਚਲ ਮਚਾ ਦਿੱਤੀ ਹੈ।

**83,000 ਕਰੋੜ ਰੁਪਏ ਦੇ ਕਾਰੋਬਾਰ ਦਾ ਨੁਕਸਾਨ**

ਉਦਯੋਗ ਦਾ ਕਹਿਣਾ ਹੈ ਕਿ ਭਾਰਤੀ ਟੈਕਸਟਾਈਲ ਉਦਯੋਗ ਹਰ ਸਾਲ ਅਮਰੀਕਾ ਨੂੰ ਲਗਭਗ 83,000 ਕਰੋੜ ਰੁਪਏ ਦੇ ਉਤਪਾਦਾਂ ਦਾ ਨਿਰਯਾਤ ਕਰਦਾ ਹੈ। 50 ਪ੍ਰਤੀਸ਼ਤ ਟੈਰਿਫ਼ ਲਗਾਉਣ ਨਾਲ ਭਾਰਤੀ ਟੈਕਸਟਾਈਲ ਉਦਯੋਗ ਮੁਕਾਬਲੇਬਾਜ਼ੀ ਤੋਂ ਬਾਹਰ ਹੋ ਜਾਵੇਗਾ। ਇਸ ਫ਼ੈਸਲੇ ਨਾਲ ਨਾ ਸਿਰਫ਼ ਨਿਰਯਾਤ ਪ੍ਰਭਾਵਿਤ ਹੋਵੇਗਾ, ਸਗੋਂ ਉਦਯੋਗ ਲਈ ਨਵੀਆਂ ਚੁਣੌਤੀਆਂ ਵੀ ਪੈਦਾ ਹੋਣਗੀਆਂ। ਅਮਰੀਕਾ ਵਲੋਂ ਲਗਾਏ ਗਏ 50 ਫ਼ੀਸਦੀ ਟੈਰਿਫ਼ ਨੇ ਟੈਕਸਟਾਈਲ ਉਦਯੋਗ ਲਈ ਇਕ ਗੰਭੀਰ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਹਾਲਾਂਕਿ ਨਿਰਯਾਤ ਪ੍ਰਭਾਵਿਤ ਹੋਵੇਗਾ, ਕਾਰੋਬਾਰੀਆਂ ਦਾ ਮੰਨਣਾ ਹੈ ਕਿ ਘਰੇਲੂ ਬਾਜ਼ਾਰ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਵਿਸ਼ਵ ਪੱਧਰ 'ਤੇ ਉਤਪਾਦਾਂ ਅਤੇ ਬਾਜ਼ਾਰਾਂ ਨੂੰ ਵਿਭਿੰਨ ਬਣਾਉਣਾ ਮਹੱਤਵਪੂਰਨ ਹੈ।

ਇਸ ਦੇ ਨਾਲ ਲਾਗਤਾਂ ਨੂੰ ਘਟਾਉਣਾ, ਗੁਣਵੱਤਾ 'ਚ ਸੁਧਾਰ ਕਰਨਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ ਇਸ ਚੁਣੌਤੀ ਨੂੰ ਦੂਰ ਕਰਨ ਦਾ ਤਰੀਕਾ ਹੈ। ਟੈਕਸਟਾਈਲ ਉਦਯੋਗ ਹੁਣ ਸਵੈ-ਨਿਰਭਰ ਬਣਨ ਅਤੇ ਨਵੀਆਂ ਉਚਾਈਆਂ ਨੂੰ ਛੂਹਣ ਵੱਲ ਵਧ ਰਿਹਾ ਹੈ। ਉਦਯੋਗ ਦੇ ਦਿੱਗਜਾਂ ਨੇ ਇਸ ਫ਼ੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਚਿੰਤਾ ਪ੍ਰਗਟ ਕੀਤੀ ਹੈ ਪਰ ਨਾਲ ਹੀ ਉਨ੍ਹਾਂ ਨੇ ਸਕਾਰਾਤਮਕ ਰਵੱਈਏ ਨਾਲ ਹੱਲ ਲੱਭਣ ਦੀ ਵੀ ਗੱਲ ਕੀਤੀ ਹੈ।

**ਮੁਦਰਾ ਭੰਡਾਰ ਅਤੇ ਰੁਜ਼ਗਾਰ 'ਤੇ ਸਿੱਧਾ ਅਸਰ**

ਉਦਯੋਗਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਫ਼ੈਸਲੇ ਨਾਲ ਭਾਰਤੀ ਟੈਕਸਟਾਈਲ ਕਾਰੋਬਾਰੀਆਂ ਨੂੰ ਇੱਕ ਵੱਡਾ ਬਾਜ਼ਾਰ ਗੁਆਉਣਾ ਪਵੇਗਾ। ਨਾਲ ਹੀ ਦੇਸ਼ ਦੀ ਨਿਰਮਾਣ ਸਮਰੱਥਾ, ਵਿਦੇਸ਼ੀ ਮੁਦਰਾ ਭੰਡਾਰ ਅਤੇ ਰੁਜ਼ਗਾਰ 'ਤੇ ਅਸਰ ਪਵੇਗਾ। ਉਦਯੋਗ ਸੰਗਠਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਨਾ ਸਿਰਫ਼ ਅਮਰੀਕੀ ਪ੍ਰਸ਼ਾਸਨ ਨਾਲ ਗੱਲ ਕਰੇ, ਸਗੋਂ ਨਵੇਂ ਨਿਰਯਾਤ ਬਾਜ਼ਾਰ ਲੱਭਣ ਲਈ ਇੱਕ ਠੋਸ ਰਣਨੀਤੀ ਵੀ ਬਣਾਏ। ਪੰਜਾਬ ਦੀ ਲੁਧਿਆਣਾ ਮਾਰਕਿਟ ਗੁਆਉਣਾ ਨਾ ਸਿਰਫ਼ ਆਰਥਿਕ ਨੁਕਸਾਨ ਹੋਵੇਗਾ, ਸਗੋਂ ਲੱਖਾਂ ਪਰਿਵਾਰਾਂ ਦੀ ਰੋਜ਼ੀ-ਰੋਟੀ 'ਤੇ ਵੀ ਸਿੱਧਾ ਝਟਕਾ ਲੱਗੇਗਾ।

ਟੈਰਿਫ਼ ਲਗਾਉਣ ਦੇ ਫ਼ੈਸਲੇ ਦੇ ਟੈਕਸਟਾਈਲ ਉਦਯੋਗ 'ਤੇ ਕਈ ਪ੍ਰਭਾਵ ਪੈ ਸਕਦੇ ਹਨ-

**ਨਕਾਰਾਤਮਕ ਪ੍ਰਭਾਵ**

1. ਟੈਰਿਫ਼ 'ਚ ਵਾਧੇ ਨਾਲ ਅਮਰੀਕਾ 'ਚ ਭਾਰਤੀ ਟੈਕਸਟਾਈਲ ਉਤਪਾਦ ਹੋਰ ਮਹਿੰਗੇ ਹੋ ਜਾਣਗੇ, ਜਿਸ ਨਾਲ ਮੰਗ ਘੱਟ ਸਕਦੀ ਹੈ ਅਤੇ ਨਿਰਯਾਤ ਪ੍ਰਭਾਵਿਤ ਹੋ ਸਕਦਾ ਹੈ।
2. ਟੈਰਿਫ਼ ਭਾਰਤੀ ਟੈਕਸਟਾਈਲ ਉਤਪਾਦਾਂ ਦੀਆਂ ਕੀਮਤਾਂ 'ਚ ਵਾਧਾ ਕਰ ਸਕਦੇ ਹਨ, ਜਿਸ ਨਾਲ ਅਮਰੀਕੀ ਬਾਜ਼ਾਰ 'ਚ ਉਨ੍ਹਾਂ ਦੀ ਮੁਕਾਬਲੇਬਾਜ਼ੀ ਪ੍ਰਭਾਵਿਤ ਹੋ ਸਕਦੀ ਹੈ।
3. ਟੈਰਿਫ਼ ਫ਼ੈਸਲੇ ਨਾਲ ਭਾਰਤੀ ਟੈਕਸਟਾਈਲ ਉਦਯੋਗ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖਾਸ ਕਰ ਕੇ ਜੇਕਰ ਉਹ ਅਮਰੀਕੀ ਬਾਜ਼ਾਰ 'ਤੇ ਨਿਰਭਰ ਹਨ।

**ਸਕਾਰਾਤਮਕ ਪ੍ਰਭਾਵ**

1. ਟੈਰਿਫ਼ ਫ਼ੈਸਲੇ ਨਾਲ ਭਾਰਤੀ ਟੈਕਸਟਾਈਲ ਉਦਯੋਗ ਘਰੇਲੂ ਬਾਜ਼ਾਰ 'ਤੇ ਵਧੇਰੇ ਧਿਆਨ ਕੇਂਦਰਿਤ ਕਰ ਸਕਦਾ ਹੈ, ਜਿਸ ਨਾਲ ਘਰੇਲੂ ਮੰਗ ਵਧ ਸਕਦੀ ਹੈ।
2. ਇਸ ਫ਼ੈਸਲੇ ਨਾਲ ਭਾਰਤੀ ਟੈਕਸਟਾਈਲ ਉਦਯੋਗ ਆਪਣੇ ਉਤਪਾਦਾਂ ਅਤੇ ਬਾਜ਼ਾਰਾਂ 'ਚ ਵਿਭਿੰਨਤਾ ਲਿਆ ਸਕਦਾ ਹੈ।

**ਨਿਰਯਾਤ 'ਤੇ ਭਾਰੀ ਅਸਰ ਪਵੇਗਾ : ਕਮਲ ਚੌਹਾਨ**

ਪੀ. ਡੀ. ਏ. ਦੇ ਡਾਇਰੈਕਟਰ ਕਮਲ ਚੌਹਾਨ ਨੇ ਕਿਹਾ ਕਿ ਅਮਰੀਕਾ ਦੇ ਇਸ ਟੈਰਿਫ਼ ਫ਼ੈਸਲੇ ਨਾਲ ਅਮਰੀਕੀ ਬਾਜ਼ਾਰ 'ਚ ਭਾਰਤੀ ਟੈਕਸਟਾਈਲ ਉਤਪਾਦਾਂ ਦੀਆਂ ਕੀਮਤਾਂ ਵਧ ਜਾਣਗੀਆਂ, ਜਿਸ ਨਾਲ ਸਾਡੀ ਮੁਕਾਬਲੇਬਾਜ਼ੀ ਘੱਟ ਜਾਵੇਗੀ। ਨਿਰਯਾਤ 'ਚ ਕਮੀ ਆਉਣ ਦੀ ਸੰਭਾਵਨਾ ਹੈ, ਜੋ ਕਿ ਸਾਡੇ ਉਦਯੋਗ ਲਈ ਇੱਕ ਵੱਡਾ ਝਟਕਾ ਹੋਵੇਗਾ। ਅਮਰੀਕਾ ਸਾਡੇ ਸਭ ਤੋਂ ਵੱਡੇ ਨਿਰਯਾਤ ਬਾਜ਼ਾਰਾਂ 'ਚੋਂ ਇੱਕ ਹੈ, ਇਸ ਲਈ ਇਸ ਦਾ ਪ੍ਰਭਾਵ ਡੂੰਘਾ ਹੋਵੇਗਾ।

**ਕੀਮਤਾਂ 'ਚ ਵਾਧੇ ਨਾਲ ਨਜਿੱਠਣਾ ਮੁਸ਼ਕਿਲ ਹੋਵੇਗਾ : ਬੌਬੀ ਜਿੰਦਲ**

ਪੀ. ਡੀ. ਏ. ਦੇ ਡਾਇਰੈਕਟਰ ਬੌਬੀ ਜਿੰਦਲ ਨੇ ਇਸ ਫ਼ੈਸਲੇ ਨੂੰ ਇੱਕ ਚੁਣੌਤੀ ਦੱਸਿਆ ਅਤੇ ਕਿਹਾ ਕਿ ਟੈਰਿਫ਼ ਕਾਰਨ ਸਾਡੇ ਉਤਪਾਦਾਂ ਦੀਆਂ ਕੀਮਤਾਂ ਵਧਣਗੀਆਂ, ਜਿਸ ਨਾਲ ਅਮਰੀਕੀ ਬਾਜ਼ਾਰ 'ਚ ਉਨ੍ਹਾਂ ਦੀ ਮੰਗ ਘੱਟ ਜਾਵੇਗੀ। ਇਹ ਸਥਿਤੀ ਸਾਡੇ ਨਿਰਯਾਤਕਾਂ ਲਈ ਚਿੰਤਾਜਨਕ ਹੈ ਅਤੇ ਸਾਨੂੰ ਇਸ ਨਵੀਂ ਸਥਿਤੀ ਨਾਲ ਨਜਿੱਠਣ ਲਈ ਰਣਨੀਤੀਆਂ ਬਣਾਉਣੀਆਂ ਪੈਣਗੀਆਂ।

**ਵਿਭਿੰਨਤਾ ਜ਼ਰੂਰੀ ਹੈ : ਅਸ਼ੋਕ ਮੱਕੜ**

ਰੰਗਾਈ ਕਾਰੋਬਾਰੀ ਅਸ਼ੋਕ ਮੱਕੜ ਨੇ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਉਤਪਾਦਾਂ ਅਤੇ ਬਾਜ਼ਾਰਾਂ 'ਚ ਵਿਭਿੰਨਤਾ ਲਿਆਉਣੀ ਪਵੇਗੀ। ਸਿਰਫ਼ ਅਮਰੀਕਾ 'ਤੇ ਨਿਰਭਰ ਕਰਨਾ ਸਹੀ ਨਹੀਂ ਹੋਵੇਗਾ। ਸਾਨੂੰ ਹੋਰ ਵਿਸ਼ਵ ਬਾਜ਼ਾਰਾਂ ਦੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਤਕਨੀਕੀ ਸੁਧਾਰਾਂ 'ਤੇ ਕੰਮ ਕਰਨਾ ਚਾਹੀਦਾ ਹੈ।

**ਗੁਣਵੱਤਾ 'ਚ ਸੁਧਾਰ ਕਰੋ : ਗੁਰਪ੍ਰੀਤ ਸਿੰਘ ਜੀ. ਪੀ.**

ਰੰਗਾਈ ਕਾਰੋਬਾਰੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਲਾਗਤ ਘਟਾਉਣ ਅਤੇ ਉਤਪਾਦ ਦੀ ਗੁਣਵੱਤਾ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ, ਤਾਂ ਜੋ ਅਸੀਂ ਵਿਸ਼ਵਵਿਆਪੀ ਮੁਕਾਬਲੇ 'ਚ ਬਚ ਸਕੀਏ। ਇਹ ਸਮਾਂ ਇਕੱਠੇ ਕੰਮ ਕਰਨ ਅਤੇ ਨਵੀਨਤਾ ਨੂੰ ਅਪਣਾਉਣ ਦਾ ਹੈ।

**ਸਾਨੂੰ ਨਵੀਆਂ ਰਣਨੀਤੀਆਂ 'ਤੇ ਡਟੇ ਰਹਿਣਾ ਪਵੇਗਾ : ਸੁਨੀਲ ਵਰਮਾ**

ਮੇਗਲਾਈਨ ਡਾਇੰਗ ਦੇ ਮਾਲਕ ਸੁਨੀਲ ਵਰਮਾ ਨੇ ਕਿਹਾ ਕਿ ਬਦਲਦੇ ਬਾਜ਼ਾਰ ਹਾਲਾਤ 'ਚ ਸਾਨੂੰ ਲਗਾਤਾਰ ਨਵੀਆਂ ਰਣਨੀਤੀਆਂ ਬਣਾਉਣੀਆਂ ਪੈਣਗੀਆਂ। ਸਿਰਫ਼ ਤਕਨੀਕੀ ਵਿਕਾਸ ਅਤੇ ਨਵੀਨਤਾ ਹੀ ਸਾਨੂੰ ਇਸ ਸੰਕਟ ਤੋਂ ਬਚਾਏਗੀ।

**ਚੁਣੌਤੀਆਂ ਦੇ ਵਿਚਕਾਰ ਉਮੀਦ : ਵਿਸ਼ਾਲ ਜੈਨ**

ਡਾਇੰਗ ਕਾਰੋਬਾਰੀ ਵਿਸ਼ਾਲ ਜੈਨ ਨੇ ਕਿਹਾ ਕਿ ਇਹ ਫ਼ੈਸਲਾ ਸਾਡੇ ਲਈ ਯਕੀਨੀ ਤੌਰ 'ਤੇ ਚੁਣੌਤੀਪੂਰਨ ਹੈ ਪਰ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਗੁਣਵੱਤਾ 'ਚ ਸੁਧਾਰ ਅਤੇ ਨਵੇਂ ਬਾਜ਼ਾਰ ਲੱਭਣਾ ਸਾਡੀ ਤਰਜੀਹ ਹੋਣੀ ਚਾਹੀਦੀ ਹੈ।

**196 ਦੇਸ਼ਾਂ ਤੋਂ ਪੁਲਾੜ ਤੱਕ: ਬਹਿਲ ਦਾ ਅਨੋਖਾ ਅਡਵੈਂਚਰ**

# ਪੁਲਾੜ 'ਚ ਪਹਿਲਾ ਸਿੱਖ: ਅਰਵਿੰਦਰ ਸਿੰਘ ਬਹਿਲ ਨੇ ਕੀਤੀ ਇਤਿਹਾਸਕ ਯਾਤਰਾ





ਅਮਰੀਕਾ ਵਿੱਚ ਰਹਿੰਦੇ ਅਰਵਿੰਦਰ ਸਿੰਘ ਬਹਿਲ ਨੇ ਹਾਲ ਹੀ ਵਿੱਚ ਇੱਕ ਅਜਿਹੀ ਯਾਤਰਾ ਕੀਤੀ, ਜਿਸ ਨੇ ਨਾ ਸਿਰਫ਼ ਸਿੱਖ ਪੰਥ ਦਾ ਮਾਣ ਵਧਾਇਆ ਹੈ, ਸਗੋਂ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਉਹ ਪੁਲਾੜ ਵਿੱਚ ਜਾਣ ਵਾਲੇ ਪਹਿਲੇ ਸਿੱਖ ਬਣ ਗਏ ਹਨ। 3 ਅਗਸਤ 2025 ਨੂੰ ਜੈੱਫ ਬੇਜ਼ੋਸ ਦੀ ਕੰਪਨੀ ਬਲੂ ਓਰਿਜਿਨ ਦੇ ਐੱਨਐੱਸ-34 ਮਿਸ਼ਨ ਰਾਹੀਂ ਉਨ੍ਹਾਂ ਨੇ ਧਰਤੀ ਤੋਂ ਉੱਪਰ ਉਡਾਣ ਭਰੀ ਅਤੇ ਕਰੀਬ 10 ਮਿੰਟਾਂ ਵਿੱਚ ਪੁਲਾੜ ਦੇ ਕਿਨਾਰੇ ਤੱਕ ਪਹੁੰਚ ਗਏ। ਇਹ ਯਾਤਰਾ ਸਿਰਫ਼ ਇੱਕ ਅਨੰਦ ਨਹੀਂ ਸੀ, ਸਗੋਂ ਉਨ੍ਹਾਂ ਦੀ ਜ਼ਿੰਦਗੀ ਦੇ ਲੰਮੇ ਸਫ਼ਰ ਦਾ ਸਿਖਰ ਸੀ। ਬਹਿਲ ਸਾਹਿਬ ਦੀ ਉਮਰ ਕਰੀਬ 80 ਸਾਲ ਹੈ ਅਤੇ ਉਹ ਰੀਅਲ ਇਸਟੇਟ ਦੇ ਕਾਰੋਬਾਰੀ ਹਨ। ਉਨ੍ਹਾਂ ਨੇ ਨਾ ਸਿਰਫ਼ ਪੁਲਾੜ ਵਿੱਚ ਪੈਰ ਰੱਖਿਆ, ਸਗੋਂ ਆਪਣੀ ਪੱਗ ਨਾਲ ਵੀ ਇਤਿਹਾਸ ਰਚਿਆ। ਅਮਰੀਕੀ ਅਖ਼ਬਾਰਾਂ ਅਤੇ ਮੀਡੀਆ ਨੇ ਉਨ੍ਹਾਂ ਨੂੰ ਇੱਕ ਅਨੋਖੇ ਅਡਵੈਂਚਰ ਵਜੋਂ ਪੇਸ਼ ਕੀਤਾ ਹੈ।

ਅਰਵਿੰਦਰ ਸਿੰਘ ਬਹਿਲ ਦਾ ਜਨਮ 13 ਅਕਤੂਬਰ 1945 ਨੂੰ ਆਗਰਾ ਵਿੱਚ ਹੋਇਆ ਸੀ। ਉਹ ਤਾਜ ਮਹਿਲ ਦੇ ਨੇੜੇ ਵੱਡੇ ਹੋਏ ਅਤੇ ਬਚਪਨ ਤੋਂ ਹੀ ਯਾਤਰਾ ਅਤੇ ਅਡਵੈਂਚਰ ਨੂੰ ਪਸੰਦ ਕਰਦੇ ਸਨ। ਉਨ੍ਹਾਂ ਨੇ 1962 ਵਿੱਚ ਨੈਸ਼ਨਲ ਡਿਫੈਂਸ ਅਕੈਡਮੀ ਜੁਆਇਨ ਕੀਤੀ ਸੀ ਪਰ ਇੱਕ ਪੋਲੋ ਹਾਦਸੇ ਕਾਰਨ ਉਨ੍ਹਾਂ ਨੂੰ ਇਹ ਨੌਕਰੀ ਛੱਡਣੀ ਪਈ ਸੀ। ਹਾਦਸੇ ਵਿੱਚ ਉਨ੍ਹਾਂ ਦੀ ਸੁਣਨ ਸ਼ਕਤੀ ਥੋੜ੍ਹੀ ਪ੍ਰਭਾਵਿਤ ਹੋ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਦਾਰਜੀਲਿੰਗ ਵਿੱਚ ਚਾਹ ਦੇ ਬਾਗ ਵਿੱਚ ਚਾਰ ਸਾਲ ਕੰਮ ਕੀਤਾ ਅਤੇ ਫਿਰ 1970 ਤੱਕ ਦਿੱਲੀ ਨੇੜੇ ਕੱਪੜੇ ਦਾ ਕਾਰੋਬਾਰ ਸ਼ੁਰੂ ਕੀਤਾ ਸੀ। 1975 ਵਿੱਚ ਉਹ ਪਹਿਲੀ ਵਾਰ ਅਮਰੀਕਾ ਗਏ ਅਤੇ ਉੱਥੇ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਵੱਸ ਗਏ ਸਨ। ਉਨ੍ਹਾਂ ਨੂੰ 1977 ਵਿੱਚ ਗ੍ਰੀਨ ਕਾਰਡ ਮਿਲਿਆ ਅਤੇ 1979 ਤੱਕ ਅਮਰੀਕੀ ਨਾਗਰਿਕ ਬਣ ਗਏ ਸਨ। ਹੁਣ ਉਹ ਬਹਿਲ ਪ੍ਰਾਪਰਟੀਜ਼ ਨਾਂ ਦੀ ਰੀਅਲ ਇਸਟੇਟ ਕੰਪਨੀ ਚਲਾਉਂਦੇ ਹਨ ਅਤੇ ਬੇਵਰਲੀ, ਮੈਸਾਚੂਸੈੱਟਸ ਵਿੱਚ ਰਹਿੰਦੇ ਹਨ। ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵੀ ਖੁਸ਼ਹਾਲ ਹੈ - ਦੋ ਬੱਚੇ ਅਤੇ ਚਾਰ ਪੋਤੇ ਪੋਤਰੀਆਂ ਹਨ। ਉਹ ਛੇ ਭਾਸ਼ਾਵਾਂ ਬੋਲਦੇ ਹਨ ਅਤੇ ਫੋਟੋਗ੍ਰਾਫੀ ਦੇ ਸ਼ੌਕੀਨ ਹਨ। ਉਨ੍ਹਾਂ ਕੋਲ ਇੱਕ ਮਿਲੀਅਨ ਤੋਂ ਵੱਧ ਤਸਵੀਰਾਂ ਦਾ ਸੰਗ੍ਰਹਿ ਹੈ।

ਬਹਿਲ ਸਾਹਿਬ ਨੂੰ ਯਾਤਰਾ ਦਾ ਜਨੂਨ ਹੈ। ਉਨ੍ਹਾਂ ਨੇ ਦੁਨੀਆਂ ਦੇ 196 ਦੇਸ਼ ਘੁੰਮੇ ਹਨ। ਉੱਤਰੀ ਅਤੇ ਦੱਖਣੀ ਧਰੁਵਾਂ ਤੱਕ ਪਹੁੰਚੇ ਹਨ, ਮਾਊਂਟ ਐਵਰੈਸਟ ਅਤੇ ਗੀਜ਼ਾ ਦੇ ਪਿਰਾਮਿਡਾਂ ਉੱਤੇ ਸਕਾਈਡਾਈਵਿੰਗ ਕੀਤੀ ਹੈ। ਉਨ੍ਹਾਂ ਨੇ ਪ੍ਰਾਈਵੇਟ ਪਾਇਲਟ ਦਾ ਲਾਇਸੈਂਸ ਵੀ ਹਾਸਲ ਕੀਤਾ ਹੈ ਅਤੇ ਹੈਲੀਕਾਪਟਰ ਉਡਾਉਂਦੇ ਹਨ। ਉਹ ਗ੍ਰੀਨਲੈਂਡ, ਪੈਟਾਗੋਨੀਆ ਅਤੇ ਦੁਨੀਆਂ ਦੇ ਵੱਡੇ ਮਾਰੂਥਲਾਂ ਵਿੱਚ ਘੁੰਮ ਚੁੱਕੇ ਹਨ। ਉਨ੍ਹਾਂ ਮੁਤਾਬਕ, ਯਾਤਰਾ ਨਾਲ ਆਦਮੀ ਨੂੰ ਜ਼ਿੰਦਗੀ ਜਿਊਣ ਦੀ ਕਲਾ ਸਿਖਣ ਨੂੰ ਮਿਲਦੀ ਹੈ। ਉਹ ਕਹਿੰਦੇ ਹਨ, 'ਸਾਡੀ ਧਰਤੀ ਤੇ ਸਾਰੀਆਂ ਥਾਵਾਂ ਵੇਖਣ ਲਈ 10 ਜਨਮ ਵੀ ਘੱਟ ਨੇ। ਮੈਂ 196 ਦੇਸ਼ ਵੇਖ ਲਏ ਪਰ ਅਜੇ ਤਾਂ 2% ਵੀ ਨਹੀਂ ਵੇਖਿਆ।' ਅਫ਼ਰੀਕਾ ਵਿੱਚ ਉਨ੍ਹਾਂ ਨੇ ਕਬੀਲੇ ਵਾਲਿਆਂ ਨਾਲ ਟੈਂਟ ਲਾ ਕੇ ਰਹਿ ਕੇ ਉਨ੍ਹਾਂ ਦੇ ਸੱਭਿਆਚਾਰ ਨੂੰ ਸਮਝਿਆ। ਉਹ ਕਹਿੰਦੇ ਹਨ ਕਿ ਯਾਤਰਾ ਨਾਲ ਸਹਿਜ ਆਉਂਦਾ ਹੈ ਅਤੇ ਮੁਸ਼ਕਿਲਾਂ ਨਾਲ ਨਜਿੱਠਣ ਦੀ ਸਮਰਥਾ ਪੈਦਾ ਹੁੰਦੀ ਹੈ।

ਪੁਲਾੜ ਦੀ ਯਾਤਰਾ ਬਹਿਲ ਸਾਹਿਬ ਦੀ ਸਾਲਾਂ ਤੋਂ ਖ਼ਾਹਿਸ਼ ਸੀ। ਉਨ੍ਹਾਂ ਨੇ 16 ਸਾਲ ਪਹਿਲਾਂ ਵਿਰਜਿਨ ਗੈਲੈਕਟਿਕ ਨਾਲ ਟਿਕਟ ਬੁੱਕ ਕੀਤੀ ਸੀ ਪਰ ਹਾਦਸੇ ਕਾਰਨ ਉਹ ਮਿਸ਼ਨ ਰੁਕ ਗਿਆ। ਉਮਰ 80 ਹੋਣ 'ਤੇ ਉਨ੍ਹਾਂ ਨੇ ਬਲੂ ਓਰਿਜਿਨ ਨਾਲ ਸੰਪਰਕ ਕੀਤਾ ਅਤੇ ਐੱਨਐੱਸ-34 ਮਿਸ਼ਨ ਵਿੱਚ ਸ਼ਾਮਲ ਹੋ ਗਏ ਸਨ। ਇਹ ਯਾਤਰਾ ਧਰਤੀ ਤੋਂ 100 ਕਿਲੋਮੀਟਰ ਉੱਚੀ ਸੀ ਅਤੇ ਕਰੀਬ 10 ਮਿੰਟਾਂ ਦੀ ਸੀ। ਉਨ੍ਹਾਂ ਨਾਲ ਚੀਨੀ ਕ੍ਰਿਪਟੋ ਅਰਬਪਤੀ ਜਸਟਿਨ ਸਨ ਸਮੇਤ ਪੰਜ ਹੋਰ ਯਾਤਰੀ ਸਨ। ਜਸਟਿਨ ਨੇ ਇਹ ਸੀਟ 28 ਮਿਲੀਅਨ ਡਾਲਰਾਂ ਵਿੱਚ ਖ਼ਰੀਦੀ ਸੀ ਪਰ ਬਹਿਲ ਸਾਹਿਬ ਨੇ ਘੱਟ ਪੈਸੇ ਵਿੱਚ ਯਾਤਰਾ ਕੀਤੀ ਸੀ। ਖਰਚੇ ਬਾਰੇ ਉਨ੍ਹਾਂ ਨੇ ਕੰਪਨੀ ਨਾਲ ਕਰਾਰ ਕਾਰਨ ਵੇਰਵੇ ਨਹੀਂ ਦੱਸੇ ਸਨ। ਪੁਲਾੜ ਵਿੱਚ ਤਜਰਬੇ ਬਾਰੇ ਬਹਿਲ ਸਾਹਿਬ ਨੇ ਦੱਸਿਆ ਕਿ ਜਦੋਂ ਕਾਰਮਾਨ ਲਾਈਨ 'ਤੇ ਪਹੁੰਚੇ ਤਾਂ ਭਾਰ ਮਹਿਸੂਸ ਨਹੀਂ ਹੁੰਦਾ। ਉਹ ਕਹਿੰਦੇ ਹਨ, 'ਜਿਵੇਂ ਚਿੜੀਆਂ ਉੱਡਦੀਆਂ, ਤੁਸੀਂ ਵੀ ਉੱਡ ਸਕਦੇ ਹੋ। ਕੁਰਸੀ ਤੋਂ ਆਪਣੇ ਆਪ ਉੱਠ ਜਾਂਦੇ ਹੋ। ਪਹਿਲੇ ਕੁਝ ਸਕਿੰਟਾਂ ਵਿੱਚ ਡਿਸਓਰੀਐਂਟ ਹੋ ਜਾਂਦੇ ਹੋ ਪਰ ਫਿਰ ਖੜਬਾਜ਼ੀਆਂ ਮਾਰੋ, ਜੋ ਮਰਜ਼ੀ ਕਰੋ। ਬਾਹਰ ਵੇਖੋ ਤਾਂ ਪੂਰਾ ਪੁਲਾੜ ਕਾਲ਼ਾ ਹੋ ਜਾਂਦਾ ਹੈ। ਥੱਲੇ ਵੇਖੋ ਤਾਂ ਧਰਤੀ ਨੀਲੀ ਨਜ਼ਰ ਆਉਂਦੀ ਹੈ - ਬਲੂ ਪਲੈਨੈੱਟ। ਚੰਨ ਵਾਂਗ ਚਮਕਦੀ ਧਰਤੀ ਨਜ਼ਰ ਆਉਂਦੀ ਹੈ ਅਤੇ ਪੂਰਾ ਘੁੰਮਾਅ ਵਿਖਾਈ ਦਿੰਦਾ ਹੈ। ਬੜਾ ਭਾਵੁਕ ਮਹਿਸੂਸ ਹੁੰਦਾ ਹੈ ਕਿ ਅਸੀਂ ਇਸ ਧਰਤੀ ਤੋਂ ਕਿੱਥੇ ਉੱਪਰ ਪਹੁੰਚ ਗਏ ਹਾਂ।'ਯਾਤਰਾ ਵੇਲੇ ਪੱਗ ਪਾ ਕੇ ਜਾਣ ਬਾਰੇ ਉਨ੍ਹਾਂ ਨੇ ਦੱਸਿਆ ਕਿ ਡਰ ਅਤੇ ਘਬਰਾਹਟ ਤਾਂ ਲੱਗਦੀ ਹੈ। ਲਾਂਚ ਵੇਲੇ ਚਾਰੇ ਪਾਸੇ ਅੱਗ ਹੀ ਅੱਗ ਹੁੰਦੀ ਹੈ ਪਰ ਉਤਸੁਕਤਾ ਘਬਰਾਹਟ ਤੋਂ ਵੱਧ ਹੁੰਦੀ ਹੈ। ਆਵਾਜ਼ ਨਾਲੋਂ ਤਿੰਨ ਗੁਣਾ ਤੇਜ਼ ਸਪੀਡ 'ਤੇ ਉੱਪਰ ਜਾਂਦੇ ਹੋ। ਗ੍ਰੈਵਿਟੀ ਟੁੱਟਣ 'ਤੇ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ ਪਰ ਟ੍ਰੇਨਿੰਗ ਨਾਲ ਸਭ ਠੀਕ ਹੋ ਜਾਂਦਾ ਹੈ। ਪੱਗ ਬਾਰੇ ਉਨ੍ਹਾਂ ਨੇ ਕਿਹਾ ਕਿ ਸੀਟ ਮੋਲਡ ਕਰਨ ਵੇਲੇ ਪੱਗ ਨਾਲ ਕੋਈ ਫਰਕ ਨਹੀਂ ਪਿਆ। ਥੋੜ੍ਹੀ ਢਿੱਲੀ ਹੋ ਗਈ ਪਰ ਆਰਾਮਦਾਇਕ ਰਿਹਾ। ਉਹ ਹੱਸ ਕੇ ਕਹਿੰਦੇ ਹਨ ਕਿ ਪੱਗ ਨਾਲ ਪੁਲਾੜ ਵਿੱਚ ਵੀ ਸਿੱਖੀ ਦਾ ਮਾਣ ਵਧਿਆ ਹੈ।

# ਅਮਰੀਕਾ ਨੇ 90 ਦਿਨ ਲਈ ਵਧਾਇਆ ਚੀਨ ਨਾਲ ਵਪਾਰ ਸਮਝੌਤਾ

## ਸਮਝੌਤੇ ਦੀ ਮਿਆਦ ਵਧਣ ਨਾਲ ਦੋਵਾਂ ਦੇਸ਼ਾਂ ਨੂੰ ਆਪਣੇ ਕੁਝ ਮਤਭੇਦ ਸੁਲਝਾਉਣ ਦਾ ਸਮਾਂ ਮਿਲਿਆ


ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਚੀਨ ਨਾਲ ਵਪਾਰ ਸਮਝੌਤਾ ਹੋਰ 90 ਦਿਨਾਂ ਲਈ ਟਾਲ ਦਿੱਤਾ ਹੈ, ਜਿਸ ਨਾਲ ਦੁਨੀਆ ਦੇ ਦੋ ਸਭ ਤੋਂ ਵੱਡੇ ਅਰਥਚਾਰਿਆਂ ਵਿਚਾਲੇ ਇੱਕ ਵਾਰ ਫਿਰ ਤੋਂ ਹੋਣ ਵਾਲਾ ਖਤਰਨਾਕ ਟਕਰਾਅ ਟਲ ਗਿਆ ਹੈ। ਟਰੰਪ ਨੇ 'ਟਰੁੱਥ ਸੋਸ਼ਲ' ਮੰਚ 'ਤੇ ਪੋਸਟ ਕੀਤਾ ਕਿ ਉਨ੍ਹਾਂ ਵਿਸਤਾਰ ਲਈ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਹਨ ਅਤੇ 'ਸਮਝੌਤੇ ਦੀਆਂ ਹੋਰ ਸਾਰੀਆਂ ਗੱਲਾਂ ਜਿਉਂ ਦੀਆਂ ਤਿਉਂ ਰਹਿਣਗੀਆਂ।' ਚੀਨ ਨਾਲ ਵਪਾਰ ਸਮਝੌਤੇ ਦੀ 90 ਦਿਨ ਦੀ ਪਿਛਲੀ ਸਮਾਂ-ਸੀਮਾ ਅੱਜ ਰਾਤ 12 ਵੱਜ ਕੇ ਇੱਕ ਮਿੰਟ 'ਤੇ ਖਤਮ ਹੋਣ ਵਾਲੀ ਸੀ।



ਜੇ ਅਜਿਹਾ ਹੁੰਦਾ ਤਾਂ ਅਮਰੀਕਾ, ਚੀਨ ਤੋਂ ਹੋਣ ਵਾਲੀ ਦਰਾਮਦ 'ਤੇ ਪਹਿਲਾਂ ਤੋਂ ਜਾਰੀ 30 ਫੀਸਦੀ ਦੇ ਉੱਚ ਟੈਕਸ ਨੂੰ ਹੋਰ ਵਧਾ ਸਕਦਾ ਸੀ ਅਤੇ ਚੀਨ ਅਮਰੀਕੀ ਬਰਾਮਦ 'ਤੇ ਜਵਾਬੀ ਟੈਕਸ ਵਧਾ ਕੇ ਇਸ ਦਾ ਜਵਾਬ ਦੇ ਸਕਦਾ ਸੀ। ਇਸ ਸਮਝੌਤੇ ਦੀ ਮਿਆਦ ਵਧਣ ਨਾਲ ਦੋਵਾਂ ਦੇਸ਼ਾਂ ਨੂੰ ਆਪਣੇ ਕੁਝ ਮਤਭੇਦ ਸੁਲਝਾਉਣ ਦਾ ਸਮਾਂ ਮਿਲ ਗਿਆ ਹੈ, ਜਿਸ ਨਾਲ ਸੰਭਵ ਹੈ ਕਿ ਇਸ ਸਾਲ ਦੇ ਅੰਤ ਵਿੱਚ ਟਰੰਪ ਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਸਿਖਰ ਸੰਮੇਲਨ ਦਾ ਰਾਹ ਸਾਫ ਹੋ ਗਿਆ ਹੈ। ਦੂਜੇ ਪਾਸੇ ਚੀਨ ਨਾਲ ਵਪਾਰ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਨੇ ਵੀ ਇਸ ਦਾ ਸਵਾਗਤ ਕੀਤਾ ਹੈ। 'ਯੂਐੱਸ-ਚਾਈਨਾ ਬਿਜ਼ਨਸ ਕਾਊਂਸਲ' ਦੇ ਪ੍ਰਧਾਨ ਸੀਨ ਸਟੀਨ ਨੇ ਕਿਹਾ ਕਿ ਇਸ ਵਿਸਤਾਰ ਨਾਲ ਦੋਵਾਂ ਸਰਕਾਰਾਂ ਨੂੰ ਵਪਾਰ ਸਮਝੌਤੇ ਬਾਰੇ ਗੱਲਬਾਤ ਕਰਨ ਲਈ ਹੋਰ ਸਮਾਂ ਮਿਲੇਗਾ ਜੋ ਕਾਫੀ ਅਹਿਮ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਕਾਰੋਬਾਰੀਆਂ ਨੂੰ ਉਮੀਦ ਹੈ ਕਿ ਇਸ ਨਾਲ ਚੀਨ 'ਚ ਉਨ੍ਹਾਂ ਦੀ ਬਾਜ਼ਾਰ ਪਹੁੰਚ ਵਿੱਚ ਸੁਧਾਰ ਹੋਵੇਗਾ ਅਤੇ ਕੰਪਨੀਆਂ 'ਚ ਦਰਮਿਆਨੇ ਤੇ ਲੰਮੇ ਸਮੇਂ ਦੀਆਂ ਯੋਜਨਾਵਾਂ ਬਣਾਉਣ ਲਈ ਲੋੜੀਂਦਾ ਭਰੋਸਾ ਕਾਇਮ ਹੋਵੇਗਾ।

# ਟਰੰਪ ਨੇ ਪੁਲਿਸ ਵਿਭਾਗ ਨੂੰ ਲਿਆ ਆਪਣੇ ਕੰਟਰੋਲ ਹੇਠ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਸ਼ਹਿਰ ਦੇ ਪੁਲਿਸ ਵਿਭਾਗ ਨੂੰ ਆਪਣੇ ਹੱਥ ਵਿੱਚ ਲੈ ਰਹੇ ਹਨ ਅਤੇ ਇੱਥੇ ਨੈਸ਼ਨਲ ਗਾਰਡ ਤਾਇਨਾਤ ਕਰ ਰਹੇ ਹਨ ਤਾਂ ਜੋ ਅਪਰਾਧ ਨੂੰ ਘੱਟ ਕੀਤਾ ਜਾ ਸਕੇ। ਰਾਸ਼ਟਰਪਤੀ ਕਿਹਾ ਕਿ ਉਹ ਰਸਮੀ ਤੌਰ 'ਤੇ ਜਨਤਕ ਸੁਰੱਖਿਆ ਐਮਰਜੈਂਸੀ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਨੇ ਅਮਰੀਕੀ ਰਾਜਧਾਨੀ ਵਿੱਚ ਅਪਰਾਧ ਦੀ ਤੁਲਨਾ ਦੂਜੇ ਵੱਡੇ ਸ਼ਹਿਰਾਂ ਨਾਲ ਕੀਤੀ ਅਤੇ ਕਿਹਾ ਕਿ ਵਾਸ਼ਿੰਗਟਨ ਇਰਾਕ, ਬ੍ਰਾਜ਼ੀਲ ਅਤੇ ਕੋਲੰਬੀਆ ਦੀਆਂ ਰਾਜਧਾਨੀਆਂ ਦੇ ਮੁਕਾਬਲੇ ਸੁਰੱਖਿਆ ਦੇ ਮਾਮਲੇ ਵਿੱਚ ਮਾੜਾ ਪ੍ਰਦਰਸ਼ਨ ਕਰਦਾ ਹੈ।



ਟਰੰਪ ਨੇ ਆਪਣੀ ਨਿਊਜ਼ ਬ੍ਰੀਫਿੰਗ ਵਿੱਚ ਇਹ ਵੀ ਕਿਹਾ ਕਿ ਪ੍ਰਸ਼ਾਸਨ ਨੇ ਸਾਰੇ ਪਾਰਕਾਂ ਵਿੱਚੋਂ ਬੇਘਰ ਕੈਂਪਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, ਅਸੀਂ ਝੁੱਗੀਆਂ-ਝੌਂਪੜੀਆਂ ਤੋਂ ਵੀ ਛੁਟਕਾਰਾ ਪਾ ਰਹੇ ਹਾਂ, ਅਮਰੀਕਾ ਆਪਣੇ ਸ਼ਹਿਰਾਂ ਨੂੰ ਨਹੀਂ ਗੁਆਏਗਾ ਅਤੇ ਵਾਸ਼ਿੰਗਟਨ ਸਿਰਫ਼ ਇੱਕ ਸ਼ੁਰੂਆਤ ਹੈ।

(ਬਾਕੀ ਸਫ਼ਾ 31 'ਤੇ)

# ਟਰੰਪ ਅਤੇ ਪੂਤਿਨ ਵਿਚਾਲੇ ਮੀਟਿੰਗ ਦੇ ਨਿਕਲ ਸਕਦੇ ਹਨ ਹਾਂ-ਪੱਖੀ ਸਿੱਟੇ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਯੂਕ੍ਰੇਨ 'ਚ ਜੰਗ ਖ਼ਤਮ ਕਰਨ ਦੇ ਮੁੱਦੇ 'ਤੇ ਚਰਚਾ ਲਈ ਅਗਲੇ ਸ਼ੁੱਕਰਵਾਰ 15 ਅਗਸਤ ਨੂੰ ਅਲਾਸਕਾ 'ਚ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨਾਲ ਮੁਲਾਕਾਤ ਕਰਨਗੇ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਮੁਲਾਕਾਤ ਨਾਲ ਹਾਂ-ਪੱਖੀ ਸਿੱਟੇ ਨਿਕਲ ਸਕਦੇ ਹਨ। ਉਂਝ ਪਿਛਲੇ ਕੁਝ ਹਫ਼ਤਿਆਂ ਤੋਂ ਟਰੰਪ ਇਸ ਗੱਲ ਨੂੰ ਲੈ ਕੇ ਨਿਰਾਸ਼ਾ ਜਤਾ ਰਹੇ ਹਨ ਕਿ ਜੰਗ ਰੋਕਣ ਲਈ ਜ਼ਿਆਦਾ ਕੋਸ਼ਿਸ਼ਾਂ ਨਹੀਂ ਹੋ ਰਹੀਆਂ ਹਨ। ਪੂਤਿਨ ਨਾਲ ਸੰਭਾਵੀ ਮੁਲਾਕਾਤ ਨੂੰ 'ਚਿਰਾਂ ਤੋਂ ਉਡੀਕੀ ਜਾ ਰਹੀ ਮੀਟਿੰਗ' ਕਰਾਰ ਦਿੰਦਿਆਂ ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ 'ਚ ਕਿਹਾ ਕਿ ਇਹ ਮੀਟਿੰਗ 15





ਅਗਸਤ ਨੂੰ ਅਲਾਸਕਾ 'ਚ ਹੋਵੇਗੀ।

ਉਨ੍ਹਾਂ ਕਿਹਾ ਕਿ ਰੂਸ ਅਤੇ ਯੂਕ੍ਰੇਨ 'ਚ ਸੰਭਾਵੀ ਸਮਝੌਤਾ ਸਾਢੇ ਤਿੰਨ ਸਾਲਾਂ ਦੇ ਸੰਘਰਸ਼ ਨੂੰ ਹੱਲ ਕਰ ਸਕਦਾ ਹੈ, ਜਿਸ ਲਈ ਯੂਕ੍ਰੇਨ ਨੂੰ ਮਹੱਤਵਪੂਰਨ ਖੇਤਰ ਛੱਡਣ ਦੀ ਲੋੜ ਹੋ ਸਕਦੀ ਹੈ। ਟਰੰਪ ਨੇ ਪਹਿਲਾਂ ਵ੍ਹਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸੁਝਾਅ ਦਿੱਤਾ ਸੀ ਕਿ ਸਮਝੌਤੇ ਵਿੱਚ ਜ਼ਮੀਨ ਦੀ ਕੁਝ ਅਦਲਾ-ਬਦਲੀ ਸ਼ਾਮਲ ਹੋ ਸਕਦੀ ਹੈ। ਟਰੰਪ ਨੇ ਕਿਹਾ, "ਦੋਵਾਂ ਦੀ ਬਿਹਤਰੀ ਲਈ ਖੇਤਰਾਂ ਦੀ ਕੁਝ ਅਦਲਾ-ਬਦਲੀ ਹੋਵੇਗੀ। ਕ੍ਰੈਮਲਿਨ ਦੇ ਨੇੜਲੇ ਵਿਅਕਤੀਆਂ ਸਮੇਤ ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਰੂਸ ਉਨ੍ਹਾਂ ਇਲਾਕਿਆਂ ਨੂੰ ਛੱਡਣ ਦੀ ਤਜਵੀਜ਼ ਦੇ ਸਕਦਾ ਹੈ ਜੋ ਉਨ੍ਹਾਂ ਚਾਰ ਖੇਤਰਾਂ ਦੇ ਬਾਹਰ ਹਨ ਜਿਨ੍ਹਾਂ ਨੂੰ ਉਹ ਪਹਿਲਾਂ ਹੀ ਆਪਣੇ ਮੁਲਕ 'ਚ ਮਿਲਾ ਲੈਣ ਦਾ ਦਾਅਵਾ ਕਰ ਚੁੱਕਿਆ ਹੈ। ਪੂਤਿਨ ਚਾਰ ਯੂਕ੍ਰੇਨੀ ਖੇਤਰਾਂ ਲੁਹਾਨਸਕ, ਡੋਨੇਤਸਕ, ਜ਼ਾਪੋਰਿਜ਼ੀਆ ਅਤੇ ਖੇਰਸਾਨ ਦੇ ਨਾਲ-ਨਾਲ ਕ੍ਰੀਮੀਆ ਦੇ ਕਾਲੇ ਸਾਗਰ (ਬਾਕੀ ਸਫ਼ਾ 30 'ਤੇ)

## ਯੂਕ੍ਰੇਨੀ ਇਲਾਕੇ ਨਹੀਂ ਛੱਡਾਂਗੇ: ਜ਼ੇਲੈਂਸਕੀ

ਕੀਵ/ਏ.ਟੀ.ਨਿਊਜ਼: ਯੂਕ੍ਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ ਮੀਟਿੰਗ ਨੂੰ ਨਕਾਰਦਿਆਂ ਚਿਤਾਵਨੀ ਦਿੱਤੀ ਕਿ ਕਿਸੇ ਵੀ ਸ਼ਾਂਤੀ ਸਮਝੌਤੇ 'ਚੋਂ ਕੀਵ ਨੂੰ ਬਾਹਰ ਰੱਖਣ ਨਾਲ ਮਸਲੇ ਦਾ ਕੋਈ ਹੱਲ ਨਹੀਂ ਨਿਕਲੇਗਾ। ਜ਼ੇਲੈਂਸਕੀ ਨੇ 'ਟੈਲੀਗ੍ਰਾਮ' 'ਤੇ ਕਿਹਾ ਕਿ ਯੂਕ੍ਰੇਨ ਆਪਣੀ ਜ਼ਮੀਨ ਕਿਸੇ ਧਾੜਵੀ ਨੂੰ ਨਹੀਂ ਦੇਵੇਗਾ। ਇਸ ਤੋਂ ਪਹਿਲਾਂ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿੱਚ ਜ਼ੈਲੇਂਸਕੀ ਨੇ ਕਿਹਾ ਸੀ ਕਿ ਜਦੋਂ ਤੱਕ ਰੂਸ 'ਤੇ ਲੋੜੀਂਦਾ



ਦਬਾਅ ਨਹੀਂ ਪਾਇਆ ਜਾਂਦਾ ਹੈ, ਜੰਗਬੰਦੀ ਹੋਣਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਉਹ ਵੱਖ-ਵੱਖ ਮੁਲਕਾਂ ਦੇ ਆਗੂਆਂ ਨਾਲ ਗੱਲਬਾਤ ਕਰ ਚੁੱਕੇ ਹਨ ਅਤੇ ਉਨ੍ਹਾਂ ਦੀ ਟੀਮ ਲਗਾਤਾਰ ਅਮਰੀਕਾ ਦੇ ਸੰਪਰਕ ਵਿੱਚ ਹੈ।

# ਅਮਰੀਕਾ 'ਚ ਗੁਰਦੁਆਰੇ ਨੇੜੇ ਹੋਏ ਹਮਲੇ 'ਚ 70 ਸਾਲਾ ਸਿੱਖ ਵਿਅਕਤੀ ਜ਼ਖ਼ਮੀ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਨੌਰਥ ਹਾਲੀਵੁੱਡ ਦੇ ਇੱਕ ਗੁਰਦੁਆਰੇ ਨੇੜੇ ਰੋਜ਼ਾਨਾ ਵਾਂਗ ਸੈਰ ਕਰ ਰਹੇ ਇੱਕ ਸਿੱਖ ਵਿਅਕਤੀ ਹਰਪਾਲ ਸਿੰਘ (70) 'ਤੇ ਗੋਲਫ ਸਟਿੱਕ ਨਾਲ ਹਮਲਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪਿਛਲੇ ਦਿਨੀਂ ਵਾਪਰੀ ਇਸ ਘਟਨਾ ਵਿਚ ਜ਼ਖ਼ਮੀ ਹੋਇਆ ਵਿਅਕਤੀ ਇਸ ਸਮੇਂ ਹਸਪਤਾਲ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਰਿਪੋਰਟ ਅਨੁਸਾਰ ਹਰਪਾਲ ਸਿੰਘ ਨੂੰ ਲੈਂਕਰਸ਼ਿਮ ਸਿੱਖ ਗੁਰਦੁਆਰਾ ਦੇ ਨੇੜੇ ਇੱਕ 7-ਇਲੈਵਨ ਦੇ ਕੋਲ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ ਗਿਆ। ਉਹ ਗੰਭੀਰ ਹਾਲਤ ਵਿੱਚ ਆਈ.ਸੀ.ਯੂ. ਵਿੱਚ ਦਾਖ਼ਲ ਹੈ ਅਤੇ ਉਸ ਦੇ ਸਿਰ ਅਤੇ ਚਿਹਰੇ 'ਤੇ ਲੱਗੀਆਂ ਗੰਭੀਰ ਸੱਟਾਂ ਦਾ ਇਲਾਜ ਕਰਨ ਲਈ ਤਿੰਨ ਅਪਰੇਸ਼ਨ ਕੀਤੇ ਗਏ ਹਨ।

ਇੱਕ ਪ੍ਰੈੱਸ ਕਾਨਫਰੰਸ ਦੌਰਾਨ ਹਰਪਾਲ ਸਿੰਘ ਦੇ ਭਰਾ ਨੇ ਦੱਸਿਆ ਕਿ ਦਿਮਾਗ ਵਿੱਚ ਖ਼ੂਨ ਵਹਿਣ ਕਾਰਨ ਉਹ ਬੇਹੋਸ਼ ਹੈ ਅਤੇ ਬੋਲਣ ਵਿੱਚ ਅਸਮਰੱਥ ਹੈ। ਪਰਿਵਾਰ ਨੇ ਇਸ ਹਮਲੇ ਨੂੰ ਸਿੱਖ ਭਾਈਚਾਰੇ ਲਈ ਭਿਆਨਕ ਅਤੇ ਡੂੰਘੇ ਸਦਮੇ ਵਾਲਾ ਦੱਸਿਆ। ਹਰਪਾਲ ਸਿੰਘ ਦੇ ਭਰਾ ਨੇ ਭਾਵੁਕ ਹੁੰਦਿਆਂ ਕਿਹਾ, 'ਅਸੀਂ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਉਹ ਰੋਜ਼ਾਨਾ ਵਾਂਗ ਸਿਰਫ਼ ਸੈਰ 'ਤੇ ਗਿਆ ਸੀ।' ਅਧਿਕਾਰੀਆਂ ਨੇ ਅਜੇ ਤੱਕ ਹਮਲਾਵਰ ਦੀ ਪਛਾਣ ਨਹੀਂ ਕੀਤੀ ਹੈ ਅਤੇ ਨਾ ਹੀ ਇਸ ਹਮਲੇ ਦੇ ਪਿੱਛਲੇ ਅਸਲ ਕਾਰਨਾਂ ਦੀ ਪੁਸ਼ਟੀ ਕੀਤੀ ਹੈ। ਪੁਲਿਸ ਵੱਲੋਂ ਘਟਨਾ ਸਥਾਨ ਨਜ਼ਦੀਕ ਸੀਸੀਟੀਵੀ ਕੈਮਰਿਆਂ ਦੀ ਜਾਂਚ ਅਤੇ ਗਵਾਹਾਂ ਦੀ ਭਾਲ ਕੀਤੀ ਜਾ ਰਹੀ ਹੈ ਹਾਲਾਂਕਿ ਐੱਲਏਪੀਡੀ ਦਾ ਮੰਨਣਾ ਹੈ ਕਿ ਇਹ ਹਮਲਾ ਨਸਲੀ ਅਪਰਾਧ ਨਹੀਂ ਸੀ, (ਬਾਕੀ ਸਫ਼ਾ 30 'ਤੇ)

# ਗਾਜ਼ਾ ਸ਼ਹਿਰ 'ਤੇ ਕਬਜ਼ਾ ਕਰਨਾ ਚਾਹੁੰਦੈ ਇਜ਼ਰਾਇਲ

ਯਰੂਸ਼ਲਮ/ਏ.ਟੀ.ਨਿਊਜ਼: ਇਜ਼ਰਾਇਲ ਦੀ ਹਮਾਸ ਨਾਲ ਚੱਲ ਰਹੀ 22 ਮਹੀਨਿਆਂ ਦੀ ਜੰਗ ਨੂੰ ਹੋਰ ਤੇਜ਼ ਕਰਨ ਦੇ ਫੈਸਲੇ ਦਾ ਅਰਥ ਉਸ ਦੀ ਗਾਜ਼ਾ ਸ਼ਹਿਰ 'ਤੇ ਕਬਜ਼ਾ ਕਰਨ ਦੀ ਯੋਜਨਾ ਹੈ। ਇਸ ਕਾਰਨ ਫਲਸਤੀਨੀ ਨਾਗਰਿਕਾਂ ਅਤੇ ਗਾਜ਼ਾ ਵਿੱਚ ਬੰਦੀ ਬਣਾਏ ਇਜ਼ਰਾਇਲੀ ਨਾਗਰਿਕਾਂ 'ਚ ਦਹਿਸ਼ਤ ਫ਼ੈਲ ਗਈ ਹੈ। ਇਸ ਫ਼ੈਸਲੇ ਨੇ ਸੰਘਰਸ਼ ਖ਼ਤਮ ਕਰਨ ਦੇ ਕੌਮਾਂਤਰੀ ਦਬਾਅ ਨੂੰ ਹੋਰ ਵਧਾ ਦਿੱਤਾ ਹੈ।

ਇਜ਼ਰਾਇਲ ਦੀਆਂ ਹਵਾਈ ਅਤੇ ਜ਼ਮੀਨੀ ਕਾਰਵਾਈਆਂ ਕਾਰਨ ਗਾਜ਼ਾ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ। ਜ਼ਿਆਦਾਤਰ ਆਬਾਦੀ ਬੇਘਰ ਹੋ ਚੁੱਕੀ




ਹੈ। ਵੱਡੇ ਖੇਤਰ ਤਬਾਹ ਹੋ ਚੁੱਕੇ ਹਨ ਅਤੇ ਇਲਾਕੇ 'ਚ ਭੁੱਖਮਰੀ ਫ਼ੈਲ ਗਈ ਹੈ। ਇੱਕ ਹੋਰ ਵੱਡੀ ਜ਼ਮੀਨੀ ਕਾਰਵਾਈ ਕਦੋਂ ਸ਼ੁਰੂ ਹੋਵੇਗੀ, ਇਹ ਸਪੱਸ਼ਟ ਨਹੀਂ ਹੈ। ਇਸ ਲਈ ਹਜ਼ਾਰਾਂ ਫ਼ੌਜੀਆਂ ਨੂੰ ਤਿਆਰ ਕਰਨਾ ਅਤੇ ਨਾਗਰਿਕਾਂ ਨੂੰ ਜ਼ਬਰਦਸਤੀ ਕੱਢਣਾ ਪਵੇਗਾ, ਜਿਸ ਨਾਲ ਗਾਜ਼ਾ ਦਾ ਮਾਨਵਤਾਵਾਦੀ ਸੰਕਟ ਹੋਰ ਬਦਤਰ ਹੋ ਜਾਵੇਗਾ। ਇਸ ਯੋਜਨਾ ਤੋਂ ਜਾਣੂ ਅਧਿਕਾਰੀ ਨੇ ਦੱਸਿਆ ਕਿ ਗਾਜ਼ਾ ਸ਼ਹਿਰ 'ਤੇ ਕਬਜ਼ਾ ਕਰਨ ਦੀ ਕਾਰਵਾਈ 'ਹੌਲੀ-ਹੌਲੀ' ਹੋਵੇਗੀ ਅਤੇ ਇਸ ਦੀ ਕੋਈ ਸ਼ੁਰੂਆਤੀ ਤਰੀਕ ਨਹੀਂ ਹੈ। ਉੱਧਰ, ਹਮਾਸ ਨੇ ਇਜ਼ਰਾਇਲ ਦੀਆਂ ਇਨ੍ਹਾਂ ਯੋਜਨਾਵਾਂ ਨੂੰ ਰੱਦ ਕਰ ਦਿੱਤਾ। ਬਿਆਨ ਵਿੱਚ ਸਮੂਹ ਨੇ ਕਿਹਾ, "ਫਲਸਤੀਨੀ ਲੋਕਾਂ ਵਿਰੁੱਧ ਹਮਲੇ ਨੂੰ ਵਿਆਪਕ ਤੇ ਤੇਜ਼ ਕਰਨਾ ਸੌਖਾ ਨਹੀਂ ਹੋਵੇਗਾ।'

# ਅਨਮੋਲਦੀਪ ਸਿੰਘ ਦਸਤਾਰ ਨਾਲ ਬਕਿੰਘਮ ਪੈਲੇਸ ਵਿੱਚ ਪਹੁੰਚਿਆ

## ਸਿੱਖ ਪਛਾਣ ਦੀ ਸ਼ਾਨ ਵਧੀ , ਰਾਇਲ ਗਾਰਡ ਵਿੱਚ ਬਣਾਈ ਜਗ੍ਹਾ

ਤਰਨਤਾਰਨ ਜ਼ਿਲ੍ਹੇ ਦੇ ਪਿੰਡ ਲੋਹਕਾ ਦਾ ਜੰਮਪਲ ਅਨਮੋਲਦੀਪ ਸਿੰਘ ਹੁਣ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਦਾ ਮਾਣ ਵਧਾਉਣ ਲਈ ਬਕਿੰਘਮ ਪੈਲੇਸ ਵਿੱਚ ਦਸਤਾਰ ਸਜਾਕੇ ਸੇਵਾਵਾਂ ਨਿਭਾਏਗਾ। ਬਰਤਾਨੀਆ ਦੀ ਵੱਕਾਰੀ ਰਾਇਲ ਗਾਰਡ ਵਿੱਚ ਥਾਂ ਹਾਸਲ ਕਰਕੇ ਅਨਮੋਲਦੀਪ ਨੇ ਇੱਕ ਅਜਿਹਾ ਇਤਿਹਾਸ ਰਚਿਆ, ਜਿਸ ਨਾਲ ਪਿੰਡ ਲੋਹਕਾ, ਤਰਨਤਾਰਨ ਅਤੇ ਪੂਰੇ ਪੰਜਾਬ ਦਾ ਸਿਰ ਮਾਣ ਨਾਲ ਉੱਚਾ ਹੋਇਆ। ਅਨਮੋਲਦੀਪ ਦੇ ਪਰਿਵਾਰ





ਦਾ ਫ਼ੌਜੀ ਪਿਛੋਕੜ ਵੀ ਇਸ ਪ੍ਰਾਪਤੀ ਨੂੰ ਹੋਰ ਖ਼ਾਸ ਬਣਾਉਂਦਾ ਹੈ। ਉਸ ਦੇ ਪਿਤਾ ਹਰਵੰਤ ਸਿੰਘ ਭਾਰਤੀ ਫ਼ੌਜ ਵਿੱਚ ਨਾਇਕ ਦੇ ਅਹੁਦੇ ਤੋਂ ਸੇਵਾਮੁਕਤ ਸਨ, ਜਦਕਿ ਦਾਦਾ ਸੀ.ਆਰ.ਪੀ.ਐਫ਼. ਵਿੱਚ ਸੇਵਾਵਾਂ ਨਿਭਾ ਚੁੱਕੇ ਹਨ। ਸੱਤ ਸਾਲ ਪਹਿਲਾਂ ਹਰਵੰਤ ਸਿੰਘ ਦੀ ਮੌਤ ਹੋ ਗਈ ਸੀ, ਪਰ ਉਨ੍ਹਾਂ ਦਾ ਸੁਪਨਾ ਸੀ ਕਿ ਉਨ੍ਹਾਂ ਦਾ ਪੁੱਤਰ ਅਨਮੋਲਦੀਪ ਫ਼ੌਜ ਵਿੱਚ ਜਾ ਕੇ ਦੇਸ਼-ਵਿਦੇਸ਼ ਵਿੱਚ ਸੇਵਾ ਕਰੇ।

(ਬਾਕੀ ਸਫ਼ਾ 30 'ਤੇ)

# ਸੌਦਾ ਸਾਧ ਦੀ ਪੈਰੋਲ ਅਤੇ ਫ਼ਰਲੋ: ਕਾਨੂੰਨ ਜਾਂ ਰਸੂਖ ?

**ਰਜਿੰਦਰ ਸਿੰਘ ਪੁਰੇਵਾਲ**



ਕਾਨੂੰਨ ਦੀ ਤਾਕਤ ਉਦੋਂ ਹੀ ਮੰਨੀ ਜਾਂਦੀ ਹੈ ਜਦੋਂ ਇਹ ਸਭ ਲਈ ਬਰਾਬਰ ਹੋਵੇ। ਜੇਕਰ ਰਸੂਖ ਅਤੇ ਪਹਿਚਾਣ ਦੇ ਆਧਾਰ 'ਤੇ ਰਿਆਇਤਾਂ ਮਿਲਦੀਆਂ ਰਹੀਆਂ, ਤਾਂ ਲੋਕਾਂ ਦਾ ਭਰੋਸਾ ਨਾ ਸਿਰਫ਼ ਕਾਨੂੰਨ ਤੋਂ, ਸਗੋਂ ਲੋਕਤੰਤਰ ਤੋਂ ਵੀ ਚੁੱਕਿਆ ਜਾਵੇਗਾ। ਸਮੇਂ ਦੀ ਮੰਗ ਹੈ ਕਿ ਭਾਰਤੀ ਸਿਸਟਮ ਨੂੰ ਸਿਸਟਮ ਵਾਂਗ ਚਲਾਇਆ ਜਾਵੇ, ਨਾ ਕਿ ਕਿਸੇ ਖਾਸ ਵਿਅਕਤੀ ਦੀ ਸਹੂਲਤ ਵਾਂਗ।

ਭਾਰਤੀ ਸੰਵਿਧਾਨ ਦਾ ਇਕ ਮੁੱਢਲਾ ਸਿਧਾਂਤ ਹੈ—ਕਾਨੂੰਨ ਦੀ ਨਜ਼ਰ ਵਿੱਚ ਸਭ ਬਰਾਬਰ ਹਨ। ਅਨੁਛੇਦ 14 ਇਸ ਦੀ ਗਰੰਟੀ ਦਿੰਦਾ ਹੈ। ਪਰ ਜਦੋਂ ਅਸੀਂ ਰਸੂਖਦਾਰ ਅਤੇ ਤਾਕਤਵਰ ਲੋਕਾਂ ਨਾਲ ਕਾਨੂੰਨ ਦਾ ਵਿਵਹਾਰ ਵੇਖਦੇ ਹਾਂ, ਤਾਂ ਇਹ ਬਰਾਬਰੀ ਦਾ ਸਿਧਾਂਤ ਅਕਸਰ ਸਿਰਫ਼ ਕਿਤਾਬਾਂ ਤੱਕ ਸੀਮਤ ਰਹਿ ਜਾਂਦਾ ਹੈ।

ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦਾ ਮਾਮਲਾ ਇਸ ਦੀ ਸਭ ਤੋਂ ਤਾਜ਼ਾ ਮਿਸਾਲ ਹੈ। 2017 ਵਿੱਚ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਉਸ ਨੂੰ 20 ਸਾਲ ਦੀ ਸਜ਼ਾ ਹੋਈ। ਇਸ ਤੋਂ ਬਾਅਦ ਪੱਤਰਕਾਰ ਰਾਮਚੰਦਰ ਛਤਰਪਤੀ ਅਤੇ ਡੇਰੇ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲਿਆਂ ਵਿੱਚ ਉਮਰਕੈਦ ਦੀ ਸਜ਼ਾ ਮਿਲੀ। ਇੰਨੀਆਂ ਗੰਭੀਰ ਸਜ਼ਾਵਾਂ ਦੇ ਬਾਵਜੂਦ, 2020 ਤੋਂ 2025 ਤੱਕ ਉਸ ਨੂੰ ਘੱਟੋ-ਘੱਟ 14 ਵਾਰ ਪੈਰੋਲ ਜਾਂ ਫ਼ਰਲੋ ਮਿਲੀ, ਅਤੇ ਉਸ ਨੇ ਕੁੱਲ 326 ਦਿਨ ਜੇਲ੍ਹ ਤੋਂ ਬਾਹਰ ਬਿਤਾਏ। ਅਗਸਤ 2025 ਵਿੱਚ ਫ਼ਿਰ 40 ਦਿਨ ਦੀ ਪੈਰੋਲ ਮਿਲੀ—ਸੱਤ ਸਾਲਾਂ ਵਿੱਚ ਇਹ ਤੀਜੀ ਵਾਰ ਦੀ ਰਿਹਾਈ ਸੀ।

ਹਰਿਆਣਾ ਦਾ 'ਗੁੱਡ ਕੰਡਕਟ ਪ੍ਰਿਜ਼ਨਰਜ਼ ਐਕਟ, 2022' ਕਹਿੰਦਾ ਹੈ ਕਿ ਇੱਕ ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਕੋਈ ਵੀ ਕੈਦੀ ਸਾਲ ਵਿੱਚ 10 ਹਫ਼ਤਿਆਂ ਦੀ ਪੈਰੋਲ ਅਤੇ 21 ਦਿਨਾਂ ਦੀ ਫ਼ਰਲੋ ਦਾ ਹੱਕਦਾਰ ਹੈ। ਫ਼ਰਲੋ ਨੂੰ ਕੈਦੀ ਦਾ ਹੱਕ ਮੰਨਿਆ ਜਾਂਦਾ ਹੈ, ਤਾਂ ਜੋ ਉਹ ਸਮਾਜ ਅਤੇ ਪਰਿਵਾਰ ਨਾਲ ਜੁੜਿਆ ਰਹੇ। ਪਰ ਪੈਰੋਲ ਸਿਰਫ਼ ਖਾਸ ਕਾਰਨਾਂ ਜਿਵੇਂ ਬਿਮਾਰੀ, ਪਰਿਵਾਰਕ ਸੰਕਟ ਜਾਂ ਅਦਾਲਤੀ ਪੇਸ਼ੀ ਲਈ ਦਿੱਤੀ ਜਾਂਦੀ ਹੈ। ਪਰ ਸੌਦਾ ਸਾਧ ਨੂੰ ਮਿਲੀਆਂ ਰਿਹਾਈਆਂ ਦੇ ਕਾਰਨ ਅਕਸਰ ਅਸਪਸ਼ਟ ਜਾਂ ਵਿਵਾਦਿਤ ਰਹੇ। ਕੋਈ ਤੁਰੰਤ ਜ਼ਰੂਰਤ ਜਾਂ ਪਰਿਵਾਰਕ ਸੰਕਟ ਸਾਹਮਣੇ ਨਹੀਂ ਆਇਆ। ਫ਼ਿਰ ਵਾਰ-ਵਾਰ ਰਿਹਾਈ ਕਿਉਂ?

ਡੇਰਾ ਸੌਦਾ ਦਾ ਪ੍ਰਭਾਵ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਦਿੱਲੀ ਤੱਕ ਫ਼ੈਲਿਆ ਹੋਇਆ ਹੈ। ਅਨੁਮਾਨ ਹੈ ਕਿ ਡੇਰੇ ਦੇ 90-95 ਲੱਖ ਅਨੁਯਾਈ ਹਨ, ਜੋ ਕਿਸੇ ਵੀ ਸਿਆਸੀ ਪਾਰਟੀ ਲਈ ਵੱਡਾ ਵੋਟ ਬੈਂਕ ਹੈ। 2022 ਦੀਆਂ ਪੰਜਾਬ ਚੋਣਾਂ, 2023 ਦੀਆਂ ਰਾਜਸਥਾਨ ਚੋਣਾਂ ਅਤੇ 2024 ਦੀਆਂ ਹਰਿਆਣਾ ਚੋਣਾਂ—ਹਰ ਵਾਰ ਉਸ ਦੀ ਰਿਹਾਈ ਚੋਣਾਂ ਤੋਂ ਪਹਿਲਾਂ ਹੋਈ। ਇਹ ਸਵਾਲ ਸੁਭਾਵਿਕ ਹੈ ਕਿ ਕੀ ਇਹ ਰਿਹਾਈਆਂ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਸਨ ਜਾਂ ਸਿਆਸੀ ਸਮੀਕਰਨਾਂ ਦਾ ਨਤੀਜਾ?


ਹਰਿਆਣਾ ਸਰਕਾਰ ਅਤੇ ਜੇਲ੍ਹ ਮੰਤਰੀ ਰਣਜੀਤ ਸਿੰਘ ਚੌਟਾਲਾ ਦਾ ਕਹਿਣਾ ਹੈ ਕਿ ਸੌਦਾ ਸਾਧ ਨੂੰ ਜੋ ਰਿਹਾਈਆਂ ਮਿਲੀਆਂ, ਉਹ ਕਾਨੂੰਨ ਮੁਤਾਬਕ ਹਨ ਅਤੇ ਹੋਰ ਕੈਦੀਆਂ ਨੂੰ ਵੀ ਅਜਿਹੀਆਂ ਛੋਟਾਂ ਦਿੱਤੀਆਂ ਜਾਂਦੀਆਂ ਹਨ। ਪਰ 2023 ਦੇ ਅੰਕੜੇ ਕੁਝ ਹੋਰ ਹੀ ਕਹਾਣੀ ਦੱਸਦੇ ਹਨ—ਹਰਿਆਣਾ ਦੀਆਂ ਜੇਲ੍ਹਾਂ ਵਿੱਚ 5,832 ਕੈਦੀਆਂ ਵਿੱਚੋਂ ਸਿਰਫ਼ 2,801 ਨੂੰ ਹੀ ਪੈਰੋਲ ਜਾਂ ਫ਼ਰਲੋ ਮਿਲੀ ਅਤੇ ਕਿਸੇ ਨੂੰ ਵੀ ਰਾਮ ਰਹੀਮ ਜਿੰਨੀ ਵਾਰ ਜਾਂ ਇੰਨੇ ਲੰਬੇ ਸਮੇਂ ਲਈ ਰਿਹਾਈ ਨਹੀਂ ਮਿਲੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਦੀਆਂ ਲਗਾਤਾਰ ਰਿਹਾਈਆਂ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਪਰ ਅਦਾਲਤ ਨੇ ਇਸ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਫ਼ੈਸਲਾ ਕਾਨੂੰਨੀ ਪ੍ਰਕਿਰਿਆ ਅਨੁਸਾਰ ਲਿਆ ਗਿਆ। ਪਰ ਅਦਾਲਤ ਦੀ ਇਹ ਟਿੱਪਣੀ ਲੋਕਾਂ ਦੇ ਮਨਾਂ ਵਿਚ ਉੱਠ ਰਹੇ ਸਵਾਲ ਨੂੰ ਹੋਰ ਪੇਚੀਦਾ ਕਰ ਦਿੰਦੀ ਹੈ—ਜੇ ਹਰ ਸਾਲ 90 ਦਿਨ ਬਾਹਰ ਰਹਿਣਾ ਸੰਭਵ ਹੈ, ਤਾਂ ਸਜ਼ਾ ਦਾ ਮਤਲਬ ਕੀ ਰਹਿ ਜਾਂਦਾ ਹੈ? ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਇਸ ਨੂੰ ਕਾਨੂੰਨ ਦਾ ਮਜ਼ਾਕ ਕਿਹਾ ਹੈ ਅਤੇ ਇਹ ਗੱਲ ਸਿਰਫ਼ ਭਾਵੁਕ ਨਹੀਂ, ਸਗੋਂ ਤਰਕਸੰਗਤ ਵੀ ਜਾਪਦੀ ਹੈ। ਸੌਦਾ ਸਾਧ ਦੀ ਰਿਹਾਈ ਦਾ ਅਸਰ ਸਿਰਫ਼ ਅਦਾਲਤਾਂ ਅਤੇ ਜੇਲ੍ਹ ਦੀਆਂ ਦੀਵਾਰਾਂ ਤੱਕ ਸੀਮਤ ਨਹੀਂ। 2017 ਵਿੱਚ ਜਦੋਂ ਉਸ ਨੂੰ ਦੋਸ਼ੀ ਠਹਿਰਾਇਆ ਗਿਆ, ਤਾਂ ਹਰਿਆਣਾ ਅਤੇ ਪੰਜਾਬ ਵਿੱਚ ਹਿੰਸਾ ਭੜਕ ਉੱਠੀ ਸੀ। ਲਗਭਗ 40 ਲੋਕਾਂ ਦੀ ਜਾਨ ਗਈ ਅਤੇ ਕਰੋੜਾਂ ਦੀ ਜਾਇਦਾਦ ਸੜ ਗਈ। ਹੁਣ ਉਹੀ ਵਿਅਕਤੀ ਵਾਰ-ਵਾਰ ਬਾਹਰ ਆ ਰਿਹਾ ਹੈ। ਇਹ ਨਾ ਸਿਰਫ਼ ਪੀੜਤ ਪਰਿਵਾਰਾਂ, ਸਗੋਂ ਗਵਾਹਾਂ ਲਈ ਵੀ ਖ਼ਤਰਾ ਬਣ ਸਕਦਾ ਹੈ। ਸਿਰਸਾ ਆਸ਼ਰਮ ਵਿੱਚ ਚੱਲ ਰਹੇ ਨਿਪੁੰਸਕਤਾ ਮਾਮਲੇ ਵਿੱਚ ਅਜੇ ਵੀ ਮੁਕੱਦਮਾ ਜਾਰੀ ਹੈ, ਅਤੇ ਉਸ ਦੀ ਮੌਜੂਦਗੀ ਗਵਾਹਾਂ 'ਤੇ ਦਬਾਅ ਪਾ ਸਕਦੀ ਹੈ।

ਸੌਦਾ ਸਾਧ ਦਾ ਮਾਮਲਾ ਸਾਫ਼ ਦਿਖਾਉਂਦਾ ਹੈ ਕਿ ਕਿਵੇਂ ਕੁਝ ਲੋਕ ਆਪਣੇ ਪ੍ਰਭਾਵ ਅਤੇ ਪਹੁੰਚ ਦੇ ਦਮ 'ਤੇ ਕਾਨੂੰਨ ਨੂੰ ਆਪਣੇ ਹਿਸਾਬ ਨਾਲ ਮੋੜ ਲੈਂਦੇ ਹਨ। ਇਹ ਸਿਰਫ਼ ਇੱਕ ਵਿਅਕਤੀ ਦੀ ਗੱਲ ਨਹੀਂ—ਇਹ ਭਾਰਤ ਦੀ ਸਮੁੱਚੀ ਕਾਨੂੰਨੀ ਵਿਵਸਥਾ ਦੀ ਕਮਜ਼ੋਰੀ ਨੂੰ ਬੇਨਕਾਬ ਕਰਦਾ ਹੈ। ਪੈਰੋਲ ਅਤੇ ਫ਼ਰਲੋ ਵਰਗੀਆਂ ਵਿਵਸਥਾਵਾਂ ਪੁਨਰਵਾਸ ਅਤੇ ਸਮਾਜਿਕ ਮੁੜ-ਸੁਮੇਲ ਲਈ ਬਣਾਈਆਂ ਗਈਆਂ ਸਨ, ਪਰ ਜਦੋਂ ਇਨ੍ਹਾਂ ਦੀ ਵਰਤੋਂ ਖਾਸ ਅਪਰਾਧੀ ਲੋਕਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਹੁੰਦੀ ਹੈ, ਤਾਂ ਪੂਰੀ ਵਿਵਸਥਾ 'ਤੇ ਸਵਾਲ ਉੱਠਣਾ ਲਾਜ਼ਮੀ ਹੈ।ਸੁਆਲ ਇਹ ਵੀ ਹੈ ਕਿ ਸਿੱਖ ਬੰਦੀਆਂ ਨੂੰ ਪੈਰੋਲ ਕਿਉਂ ਨਹੀਂ ਦਿੱਤੀ ਜਾ ਰਹੀ?

ਜੇ ਭਾਰਤੀ ਸੱਤਾਧਾਰੀ ਸੱਚਮੁੱਚ ਕਾਨੂੰਨ ਨੂੰ ਇੱਜ਼ਤ ਦੇਣੀ ਚਾਹੁੰਦੇ ਹਨ, ਤਾਂ ਜ਼ਰੂਰੀ ਹੈ ਕਿ ਪੈਰੋਲ ਅਤੇ ਫ਼ਰਲੋ ਨਾਲ ਜੁੜੀ ਪ੍ਰਕਿਰਿਆ ਪਾਰਦਰਸ਼ੀ ਅਤੇ ਜਵਾਬਦੇਹ ਹੋਵੇ। ਹਰ ਰਿਹਾਈ ਲਈ ਠੋਸ ਕਾਰਨ ਲਾਜ਼ਮੀ ਹੋਣ ਅਤੇ ਪੂਰੀ ਪ੍ਰਕਿਰਿਆ ਨੂੰ ਸੁਤੰਤਰ ਨਿਗਰਾਨੀ ਹੇਠ ਰੱਖਿਆ ਜਾਵੇ। ਸਭ ਤੋਂ ਜ਼ਰੂਰੀ ਹੈ ਕਿ ਚੋਣਾਂ ਦੇ ਸਮੇਂ ਕਿਸੇ ਵੀ ਕੈਦੀ ਦੀ ਰਿਹਾਈ 'ਤੇ ਪਾਬੰਦੀ ਹੋਵੇ, ਤਾਂ ਜੋ ਸਿਆਸੀ ਦਖ਼ਲ-ਅੰਦਾਜ਼ੀ ਤੋਂ ਬਚਿਆ ਜਾ ਸਕੇ। ਕਾਨੂੰਨ ਦੀ ਤਾਕਤ ਉਦੋਂ ਹੀ ਮੰਨੀ ਜਾਂਦੀ ਹੈ ਜਦੋਂ ਇਹ ਸਭ ਲਈ ਬਰਾਬਰ ਹੋਵੇ। ਜੇਕਰ ਰਸੂਖ ਅਤੇ ਪਹਿਚਾਣ ਦੇ ਆਧਾਰ 'ਤੇ ਰਿਆਇਤਾਂ ਮਿਲਦੀਆਂ ਰਹੀਆਂ, ਤਾਂ ਲੋਕਾਂ ਦਾ ਭਰੋਸਾ ਨਾ ਸਿਰਫ਼ ਕਾਨੂੰਨ ਤੋਂ, ਸਗੋਂ ਲੋਕਤੰਤਰ ਤੋਂ ਵੀ ਚੁੱਕ ਜਾਵੇਗਾ। ਸਮਾਂ ਮੰਗ ਕਰਦਾ ਹੈ ਕਿ ਸਿਸਟਮ ਨੂੰ ਸਿਸਟਮ ਵਾਂਗ ਚਲਾਇਆ ਜਾਵੇ, ਕਿਸੇ ਖਾਸ ਵਿਅਕਤੀ ਦੀ ਸਹੂਲਤ ਵਾਂਗ ਨਹੀਂ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
• ਓ ਸੀ ਆਈ
• ਸਰੈਂਡਰ ਸਰਟੀਫਿਕੇਟ, ਪੈਨ ਕਾਰਡ
• ਫੈਮਲੀ ਪਟੀਸ਼ਨ • ਗਰੀਨ ਕਾਰਡ
• ਸਿਟੀਜ਼ਨ • ਵਸੀਅਤ • Living Trust
• ਫੈਮਲੀ ਪਟੀਸ਼ਨ • Legal Documents
The Attorney has 25 years of experience in your favor for all legal services
Vehicle Registration
(Approved by CA DMV)
• ਕਾਰ ਸਟਿੱਕਰ ਸਲਾਨਾ
• ਕਾਰ ਟਰਾਂਸਫਰ
• ਪਲੇਟਾਂ ਤੇ ਸਟਿੱਕਰ
• ਕਮਰਸ਼ੀਅਲ ਵਹੀਕਲ
• Vin Verification
Lic.43779
Other Services
• Live Scan / Fingerprints
• Covered California.
• Drug Testing • Alcohol Test
• Notary Services
• International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਜੀ.ਐਨ.ਡੀ.ਯੂ. ਦੇ ਵੀ.ਸੀ. ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਨਾਲ ਜੋੜਿਆ

## ਵਾਇਰਲ ਵੀਡੀਓ ਉੱਪਰ ਸਿੱਖ ਪੰਥ ਦਾ ਤਿੱਖਾ ਪ੍ਰਤੀਕਰਮ

## ਸ਼੍ਰੋਮਣੀ ਕਮੇਟੀ ਨੇ ਵਾਈਸ ਚਾਂਸਲਰ ਨੂੰ ਕਮੇਟੀ 'ਚੋਂ ਹਟਾਇਆ

ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐਨ.ਡੀ.ਯੂ.) ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੂੰ ਸੰਬੋਧਨ ਕਰਦਿਆਂ ਇੱਕ ਵਿਵਾਦਤ ਵੀਡੀਓ ਗੁਰੂ ਗ੍ਰੰਥ ਸਾਹਿਬ ਤੇ ਵੇਦਾਂ ਦੀ ਸਾਂਝ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਨ ਸਿੱਖ ਪੰਥ ਵਿੱਚ ਵਿਵਾਦ ਨੂੰ ਜਨਮ ਦਿੱਤਾ ਹੈ। ਇਸ ਮਾਮਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਇਸੇ ਕਾਰਨ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਬਾਰੇ ਬਣਾਈ ਕਮੇਟੀ ਵਿੱਚੋਂ ਹਟਾ ਦਿੱਤਾ ਹੈ।

**ਵੀਡੀਓ ਦਾ ਮਾਮਲਾ ਅਤੇ ਵਿਵਾਦ**

ਵਾਇਰਲ ਵੀਡੀਓ ਵਿੱਚ ਡਾ. ਕਰਮਜੀਤ ਸਿੰਘ ਅੰਮ੍ਰਿਤਾ ਯੂਨੀਵਰਸਿਟੀ, ਕੋਚੀ ਵਿਖੇ ਇੱਕ ਸਮਾਗਮ ਦੌਰਾਨ ਮੋਹਨ ਭਾਗਵਤ ਨੂੰ ਸੰਬੋਧਨ ਕਰਦੇ ਦਿਖਾਈ ਦੇ ਰਹੇ ਹਨ। ਉਹ ਜੀ.ਐਨ.ਡੀ.ਯੂ. ਵਿੱਚ ਪ੍ਰੀ-ਪੀਐਚਡੀ ਕੋਰਸ ਵਿੱਚ 'ਭਾਰਤੀ ਗਿਆਨ ਪ੍ਰੰਪਰਾ' ਸ਼ੁਰੂ ਕਰਨ, ਰਿਗਵੇਦ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਜੋੜਦੀ ਇੱਕ ਚੇਅਰ ਸਥਾਪਤ ਕਰਨ ਦੀ ਗੱਲ ਕਰਦੇ ਹਨ। ਇਸ ਨੇ ਸਿੱਖ ਭਾਈਚਾਰੇ ਵਿੱਚ ਇਹ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਸਿੱਖ



ਧਰਮ ਦੀ ਵਿਲੱਖਣਤਾ ਨੂੰ ਵੈਦਿਕ ਪ੍ਰੰਪਰਾਵਾਂ ਨਾਲ ਜੋੜਨ ਦੀ ਕੋਸ਼ਿਸ਼ ਸਿੱਖ ਮਰਿਆਦਾ ਦੀ ਉਲੰਘਣਾ ਨਹੀਂ? ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ, 'ਸਿੱਖ ਧਰਮ ਦੀ ਮਰਿਆਦਾ ਵੱਖਰੀ ਹੈ। ਕਿਸੇ ਨੂੰ ਅਧਿਕਾਰ ਨਹੀਂ ਕਿ ਉਹ ਸਿੱਖ ਪ੍ਰੰਪਰਾਵਾਂ ਨੂੰ ਛੁਟਿਆਵੇ।

**ਸ਼੍ਰੋਮਣੀ ਕਮੇਟੀ ਦਾ ਐਕਸ਼ਨ**

ਸਿੱਖ ਬੁੱਧੀਜੀਵੀਆਂ ਅਤੇ ਵਿਦਿਆਰਥੀ ਜਥੇਬੰਦੀ ਸੱਥ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਨਾਕਾਫੀ ਦੱਸਿਆ। ਸੱਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਕੇ ਪੂਰੀ ਪੜਤਾਲ ਕੀਤੀ ਜਾਵੇ। ਉਨ੍ਹਾਂ ਮੁਤਾਬਕ, ਆਰ.ਐਸ.ਐਸ. ਸਿੱਖ ਪੰਥ ਦੀ ਵਿਲੱਖਣ ਪਛਾਣ ਨੂੰ ਹਿੰਦੂ ਸੱਭਿਆਚਾਰ ਵਿੱਚ ਜਜ਼ਬ ਕਰਨ ਦੀ ਕੋਸ਼ਿਸ਼ ਕਰਦੀ ਹੈ। ਸੱਥ ਨੇ 2001, 2002 ਅਤੇ 2004 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਘ ਨੂੰ 'ਪੰਥ ਵਿਰੋਧੀ' ਸੰਸਥਾ ਘੋਸ਼ਿਤ ਕੀਤਾ ਗਿਆ ਸੀ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਲੰਮਾ ਸਿਆਸੀ ਗਠਜੋੜ ਰਿਹਾ ਹੈ। ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਸਿਰਫ਼ ਇੱਕ ਦਿਖਾਵਾ ਹੈ। ਉਨ੍ਹਾਂ ਅੱਗੇ ਕਿਹਾ ਕਿ ਆਰ.ਐਸ.ਐਸ. ਦਾ ਸਿੱਖ ਸੰਸਥਾਵਾਂ 'ਤੇ ਪ੍ਰਭਾਵ ਵਧ ਰਿਹਾ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਨੂੰ ਰੋਕਣ ਲਈ ਪੁਖਤਾ ਕਦਮ ਚੁੱਕਣੇ ਚਾਹੀਦੇ ਹਨ। ਸੱਥ ਨੇ ਸਵਾਲ ਉਠਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇਸ ਮਾਮਲੇ 'ਤੇ ਸਖ਼ਤ ਐਕਸ਼ਨ ਕਿਉਂ ਨਹੀਂ ਲੈ ਰਹੇ? ਉਨ੍ਹਾਂ ਮੁਤਾਬਕ, ਆਰ.ਐਸ.ਐਸ. ਸਿੱਖ ਸੰਸਥਾਵਾਂ ਵਿੱਚ ਸਿੱਖ ਚਿਹਰਿਆਂ ਨੂੰ ਵਰਤ ਕੇ ਆਪਣੀ ਵਿਚਾਰਧਾਰਾ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ।

(ਬਾਕੀ ਸਫ਼ਾ 31 'ਤੇ)

# ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼ ਕਾਰਨ ਲੋਕਾਂ ਵਿੱਚ ਗੁੱਸਾ

## ਸਾਲਾਨਾ ਸਮਾਗਮ ਰੱਦ: ਓਮਾਨੰਦ ਦਾ ਸੋਸ਼ਲ ਮੀਡੀਆ 'ਤੇ ਐਲਾਨ

## ਬਾਲ ਘਰ ਦੇ ਅੱਤਿਆਚਾਰਾਂ ਦੇ ਖ਼ੁਲਾਸਿਆਂ ਨੇ ਲੋਕਾਂ ਵਿੱਚ ਵਿਰੋਧ ਕੀਤਾ ਤੇਜ਼

ਜਗਰਾਓਂ ਦੇ ਨੇੜੇ ਸਥਿਤ ਤਲਵੰਡੀ ਧਾਮ, ਜੋ ਕਦੇ ਸਵਾਮੀ ਗੰਗਾਨੰਦ ਜੀ ਦੀ ਯਾਦ ਵਿੱਚ ਧਾਰਮਿਕ ਸ਼ਰਧਾ ਦਾ ਕੇਂਦਰ ਸੀ, ਅੱਜ-ਕੱਲ੍ਹ ਵਿਵਾਦਾਂ ਦੇ ਘੇਰੇ ਵਿੱਚ ਹੈ। ਡੇਰੇ ਦੇ ਮੁਖੀ ਸਵਾਮੀ ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼ ਜੂਨ ਅਤੇ ਅਗਸਤ 2025 ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਨਾਲ ਸੰਗਤ ਅਤੇ ਸਥਾਨਕ ਲੋਕਾਂ ਵਿੱਚ ਗੁੱਸਾ ਫੈਲ ਗਿਆ। ਇਹ ਵੀਡੀਓਜ਼, ਜਿਨ੍ਹਾਂ ਨੂੰ ਸ਼ਰਧਾਲੂਆਂ ਅਤੇ ਪਿੰਡ ਵਾਸੀਆਂ ਨੇ ਅਸ਼ਲੀਲ ਕਰਾਰ ਦਿੱਤਾ, ਨੇ ਡੇਰੇ ਦੀ ਸਾਖ ਨੂੰ ਡੂੰਘੀ ਚੋਟ ਪਹੁੰਚਾਈ। ਪਹਿਲੀ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਮੁੱਲਾਂਪੁਰ ਦਾਖਾ ਪੁਲਿਸ ਨੇ ਸ਼ੰਕਰਾਨੰਦ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ। ਪਰ, ਸ਼ੰਕਰਾਨੰਦ ਤੁਰੰਤ ਡੇਰਾ ਛੱਡ ਕੇ ਫਰਾਰ ਹੋ ਗਿਆ ਅਤੇ ਅੱਜ ਤੱਕ ਪੁਲਿਸ ਦੀ ਪਕੜ ਵਿੱਚ ਨਹੀਂ ਆਇਆ। ਇਸ ਵਿਵਾਦ ਨੇ ਨਾ ਸਿਰਫ ਸਥਾਨਕ ਲੋਕਾਂ, ਸਗੋਂ ਵਿਦੇਸ਼ਾਂ ਵਿੱਚ ਰਹਿੰਦੀ ਸੰਗਤ, ਖਾਸ ਕਰਕੇ ਕੈਨੇਡਾ ਦੀ ਸੰਗਤ ਨੂੰ ਵੀ ਹਿਲਾ ਕੇ ਰੱਖ ਦਿੱਤਾ। ਕੈਨੇਡਾ ਦੀ ਸੰਗਤ ਨੇ ਇਸ ਮੁੱਦੇ 'ਤੇ ਮਤਾ ਪਾਸ ਕਰਕੇ ਸ਼ੰਕਰਾਨੰਦ ਅਤੇ ਡੇਰੇ ਦੀਆਂ ਗਤੀਵਿਧੀਆਂ ਦੀ ਸਖ਼ਤ ਨਿਖੇਧੀ ਕੀਤੀ। ਸ਼ੰਕਰਾਨੰਦ ਦੇ ਸਮਰਥਕਾਂ ਨੇ ਵੀਡੀਓਜ਼ ਨੂੰ 'ਫੇਕ' ਅਤੇ ਸਾਜ਼ਿਸ਼ ਦਾ ਹਿੱਸਾ ਦੱਸਿਆ, ਪਰ ਜਨਤਕ ਰੋਹ ਅਤੇ ਪੁਲਿਸ ਦੀ ਕਾਰਵਾਈ ਨੇ ਇਸ ਮਾਮਲੇ ਨੂੰ ਹੋਰ ਗੰਭੀਰ ਕਰ ਦਿੱਤਾ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਵਿਅਕਤੀ, ਜੋ ਧਰਮ ਦੀ ਆੜ ਵਿੱਚ ਅਸ਼ਲੀਲਤਾ ਫੈਲਾਉਣ, ਨੂੰ ਡੇਰੇ ਦੀ ਸੇਵਾ ਦਾ ਹੱਕ ਨਹੀਂ।

**ਸਾਲਾਨਾ ਸਮਾਗਮ ਰੱਦ: ਓਮਾਨੰਦ ਦਾ ਸੋਸ਼ਲ ਮੀਡੀਆ 'ਤੇ ਐਲਾਨ**

ਤਲਵੰਡੀ ਧਾਮ ਵਿੱਚ ਹਰ ਸਾਲ ਸਵਾਮੀ ਗੰਗਾਨੰਦ ਜੀ ਦੀ ਯਾਦ ਵਿੱਚ ਪੰਜ ਰੋਜ਼ਾ ਸਾਲਾਨਾ ਸਮਾਗਮ ਕਰਵਾਇਆ ਜਾਂਦਾ ਸੀ, ਜਿਸ ਵਿੱਚ ਹਜ਼ਾਰਾਂ ਸ਼ਰਧਾਲੂ ਸ਼ਾਮਲ ਹੁੰਦੇ ਸਨ। ਇਸ ਸਾਲ 14 ਤੋਂ 18 ਅਗਸਤ ਤੱਕ ਸਮਾਗਮ ਦੀਆਂ ਤਰੀਕਾਂ ਐਲਾਨੀਆਂ ਗਈਆਂ ਸਨ, ਪਰ ਸ਼ੰਕਰਾਨੰਦ ਦੇ ਵਿਵਾਦ ਕਾਰਨ ਇਸ ਨੂੰ ਰੱਦ ਕਰਨ ਦਾ ਫੈਸਲਾ ਲਿਆ ਗਿਆ। ਡੇਰੇ ਦੇ ਮੌਜੂਦਾ ਸੰਚਾਲਕ ਓਮਾਨੰਦ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਸੰਗਤ ਨੂੰ ਸਮਾਗਮ ਵਿੱਚ ਨਾ ਪਹੁੰਚਣ ਦੀ ਅਪੀਲ ਕੀਤੀ ਅਤੇ ਐਲਾਨ ਕੀਤਾ



ਕਿ ਵਿਵਾਦ ਨੂੰ ਦੇਖਦਿਆਂ ਸਮਾਗਮ ਨਹੀਂ ਹੋਵੇਗਾ।

ਓਮਾਨੰਦ ਦੀ ਮੌਜੂਦਗੀ ਵੀ ਵਿਵਾਦ ਦਾ ਕਾਰਨ ਬਣੀ ਹੋਈ ਹੈ। ਛੜਾਨੀ ਧਾਮ ਦੇ ਮੁਖੀ ਸ੍ਰੀਮਹੰਤ ਦਯਾਸਾਗਰ ਨੇ ਡੀ.ਸੀ. ਲੁਧਿਆਣਾ ਨੂੰ ਚਿੱਠੀ ਲਿਖ ਕੇ ਕਿਹਾ ਕਿ ਓਮਾਨੰਦ ਨੇ ਨਾਜਾਇਜ਼ ਤਰੀਕੇ ਨਾਲ ਡੇਰੇ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਸਮਾਗਮ ਦਾ ਆਯੋਜਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਮਾਗਮ ਨੂੰ ਰੋਕਿਆ ਜਾਵੇ, ਕਿਉਂਕਿ ਇਸ ਨਾਲ ਸਥਾਨਕ ਪਿੰਡਾਂ ਵਿੱਚ ਅਸ਼ਾਂਤੀ ਫੈਲ ਸਕਦੀ ਹੈ। ਪਿੰਡ ਤਲਵੰਡੀ ਖੁਰਦ ਦੀ ਪੰਚਾਇਤ ਅਤੇ ਕਈ ਜਥੇਬੰਦੀਆਂ ਨੇ ਵੀ ਸਮਾਗਮ ਦਾ ਸਖ਼ਤ ਵਿਰੋਧ ਕੀਤਾ, ਜਿਸ ਕਾਰਨ ਓਮਾਨੰਦ ਨੂੰ ਪਿੱਛੇ ਹਟਣਾ ਪਿਆ।

**ਲੋਕਾਂ ਦਾ ਗੁੱਸਾ ਅਤੇ ਬਾਲ ਘਰ ਦੇ ਅੱਤਿਆਚਾਰਾਂ ਦੇ ਖ਼ੁਲਾਸੇ**

ਸ਼ੰਕਰਾਨੰਦ ਦੀਆਂ ਵੀਡੀਓਜ਼ ਤੋਂ ਇਲਾਵਾ, ਤਲਵੰਡੀ ਧਾਮ ਦੇ ਬਾਲ ਘਰ ਵਿੱਚ ਹੋਏ ਕਥਿਤ ਅੱਤਿਆਚਾਰਾਂ ਨੇ ਵੀ ਲੋਕਾਂ ਦੇ ਗੁੱਸੇ ਨੂੰ ਹੋਰ ਭੜਕਾਇਆ। ਇੱਕ ਸਾਬਕਾ ਬਾਲ ਘਰ ਦੀ ਬੱਚੀ ਨੇ ਸੋਸ਼ਲ ਮੀਡੀਆ 'ਤੇ ਆਪਣੇ 15 ਸਾਲ ਦੇ ਅਨੁਭਵ ਸਾਂਝੇ ਕੀਤੇ, ਜਿਨ੍ਹਾਂ ਵਿੱਚ ਬੱਚਿਆਂ 'ਤੇ ਮਾਰਕੁਟਾਈ, ਜੇਲ੍ਹ ਵਰਗੀਆਂ ਸਥਿਤੀਆਂ ਵਿੱਚ ਰੱਖਣ ਅਤੇ ਮਾਨਸਿਕ-ਸਰੀਰਕ ਤਸ਼ੱਦਦ ਦੇ ਗੰਭੀਰ ਦੋਸ਼ ਸ਼ਾਮਲ ਸਨ। ਇਸ ਖ਼ੁਲਾਸੇ ਨੇ ਸਥਾਨਕ ਲੋਕਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਡੇਰੇ ਦੇ ਸੰਚਾਲਨ 'ਤੇ ਸਵਾਲ ਉਠਾਉਣ ਲਈ ਮਜਬੂਰ ਕੀਤਾ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਸ਼ੰਕਰਾਨੰਦ ਦੀ ਫਰਾਰੀ ਅਤੇ ਓਮਾਨੰਦ ਦੀ ਮੌਜੂਦਗੀ ਨੇ ਡੇਰੇ ਦੀ ਸਾਖ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਉਹ ਸਵਾਲ ਉਠਾਉਂਦੇ ਹਨ ਕਿ ਜੇ ਡੇਰੇ ਦੇ ਮੁਖੀ ਹੀ ਅਜਿਹੀਆਂ ਹਰਕਤਾਂ ਵਿੱਚ ਸ਼ਾਮਲ ਹਨ, ਤਾਂ ਸਮਾਗਮ ਜਾਂ ਧਾਰਮਿਕ ਗਤੀਵਿਧੀਆਂ ਦਾ ਕੀ ਅਰਥ ਰਹਿ ਜਾਂਦਾ ਹੈ? ਕਈ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਡੇਰੇ ਦੀ ਜਾਂਚ ਕੀਤੀ ਜਾਵੇ ਅਤੇ ਸ਼ੰਕਰਾਨੰਦ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ। ਸ਼ੰਕਰਾਨੰਦ ਨੇ ਲੁਧਿਆਣਾ ਅਦਾਲਤ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਅਰਜ਼ੀਆਂ ਦਾਇਰ ਕੀਤੀਆਂ, ਪਰ ਇਹ ਰੱਦ ਹੋ ਗਈਆਂ ਸਨ। ਤਲਵੰਡੀ ਧਾਮ ਦਾ ਵਿਵਾਦ ਪੰਜਾਬ ਵਿੱਚ ਡੇਰਿਆਂ ਦੀ ਸਮਾਜਿਕ ਅਤੇ ਧਾਰਮਿਕ ਸਾਖ 'ਤੇ ਸਵਾਲ ਉਠਾਉਂਦਾ ਹੈ। ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼, ਬਾਲ ਘਰ ਦੇ ਅੱਤਿਆਚਾਰਾਂ ਦੇ ਖ਼ੁਲਾਸ, ਅਤੇ ਓਮਾਨੰਦ ਦੀ ਮੌਜੂਦਗੀ ਨੇ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ। ਪੁਲਿਸ ਅਤੇ ਪ੍ਰਸ਼ਾਸਨ ਨੂੰ ਇਸ ਮਾਮਲੇ ਵਿੱਚ ਸਖ਼ਤ ਅਤੇ ਪਾਰਦਰਸ਼ੀ ਕਾਰਵਾਈ ਕਰਨ ਦੀ ਲੋੜ ਹੈ, ਤਾਂ ਜੋ ਸ਼ਰਧਾਲੂਆਂ ਦੀਆਂ ਭਾਵਨਾਵਾਂ ਦੀ ਰਾਖੀ ਹੋ ਸਕੇ ਅਤੇ ਅਜਿਹੀਆਂ ਘਟਨਾਵਾਂ ਦੀ ਪੁਨਰਾਵ੍ਰਿਤੀ ਨੂੰ ਰੋਕਿਆ ਜਾ ਸਕੇ।

# ਅਮਰੀਕਾ 'ਚ ਸਿੱਖ ਬਜ਼ੁਰਗ 'ਤੇ ਨਸਲੀ ਹਮਲਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ : ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਮਰੀਕਾ 'ਚ ਕੈਲੀਫੋਰਨੀਆ ਦੇ ਨਾਰਥ ਹੋਲੀਵੁੱਡ ਵਿੱਚ 70 ਸਾਲਾ ਸਿੱਖ ਹਰਪਾਲ ਸਿੰਘ ਉੱਤੇ ਹੋਏ ਨਫ਼ਰਤੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਸ ਏਂਜਲਸ ਪੁਲਿਸ ਵਿਭਾਗ (ਐੱਲ.ਏ.ਪੀ.ਡੀ) ਅਤੇ ਅਮਰੀਕੀ ਜਾਂਚ ਏਜੰਸੀਆਂ ਦੋਸ਼ੀ ਵਿਅਕਤੀ ਨੂੰ ਸਖ਼ਤ ਤੇ ਮਿਸਾਲੀ ਸਜ਼ਾ ਯਕੀਨੀ ਬਣਾਉਣ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਹਮਲੇ ਪਿੱਛੇ ਮੁਲਜ਼ਮ ਦੀ ਮਨਸ਼ਾ ਨੂੰ ਸਮਝਣਾ ਅਤਿ ਜ਼ਰੂਰੀ ਹੈ ਅਤੇ ਇਸ ਨੂੰ ਨਫ਼ਰਤੀ ਅਪਰਾਧ ਵਜੋਂ ਦਰਜ ਕੀਤਾ ਜਾਣਾ ਚਾਹੀਦਾ ਹੈ।

ਜਾਣਕਾਰੀ ਅਨੁਸਾਰ ਹਰਪਾਲ ਸਿੰਘ ਸੈਟੀਕੋਏ ਸਟ੍ਰੀਟ ਅਤੇ ਲੈਂਕਰਸ਼ਿਮ ਬੁਲੇਵਾਰਡ ਦੇ ਨੇੜੇ ਪੈਦਲ ਜਾ ਰਿਹਾ ਸੀ, ਜਦੋਂ ਇੱਕ ਵਿਅਕਤੀ ਨੇ ਉਨ੍ਹਾਂ



ਦੇ ਉੱਪਰ ਹਮਲਾ ਕਰ ਦਿੱਤਾ ਅਤੇ ਉਹ ਹੁਣ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਪੁਲਿਸ ਵੱਲੋਂ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਐੱਫ.ਬੀ.ਆਈ. ਦੀ ਸਾਲ 2024 ਦੀ ਨਫ਼ਰਤੀ ਅਪਰਾਧ ਦੀ ਰਿਪੋਰਟ ਮੁਤਾਬਕ ਭਾਵੇਂ ਕਿ

(ਬਾਕੀ ਸਫ਼ਾ 30 'ਤੇ)

# ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਧਾਰਮਿਕ ਸਜ਼ਾ ਪੂਰੀ ਕੀਤੀ

ਅੰਮ੍ਰਿਤਸਰ/ਏ.ਟੀ.ਨਿਊਜ਼: ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਹੋਈ ਤਨਖਾਹ ਪੂਰੀ ਕਰਨ ਤੋਂ ਬਾਅਦ ਇੱਥੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ ਹੈ ਅਤੇ ਇੱਕ ਵਾਰ ਮੁੜ ਖਾਲਸਾ ਪੰਥ ਤੋਂ ਹੋਈ ਭੁੱਲ ਚੁੱਕ ਦੀ ਖਿਮਾ ਮੰਗੀ ਹੈ। ਸਰਕਾਰ ਵੱਲੋਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਗੀਤ ਗਾਉਣ ਤੇ ਨੱਚਣ ਟੱਪਣ ਨਾਲ ਹੋਈ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਵਿੱਚ ਕੈਬਿਨਟ ਮੰਤਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਸੀ। ਉਨ੍ਹਾਂ ਇੱਥੇ ਸਿੱਖ ਸੰਗਤ ਦੇ ਸਾਹਮਣੇ ਹੋਈ ਗਲਤੀ ਨੂੰ ਕਬੂਲ ਕੀਤਾ ਸੀ।



ਹਰਜੋਤ ਬੈਂਸ ਤਨਖਾਹ ਪੂਰੀ ਕਰਨ ਮਗਰੋਂ ਸ੍ਰੀ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਵਾਸਤੇ ਪੁੱਜੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਉਨ੍ਹਾਂ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਅਤੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਬੈਂਸ ਨੇ ਰਾਜਨੀਤੀ ਬਾਰੇ ਕੁਝ ਵੀ ਕਹਿਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਅੱਜ ਉਹ ਇਸ ਸਬੰਧ ਵਿੱਚ ਕੋਈ ਗੱਲ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਤਖ਼ਤ ਵੱਲੋਂ ਲਾਈ

(ਬਾਕੀ ਸਫ਼ਾ 30 'ਤੇ)

# ਮੋਦੀ ਦਾ ਅਮਰੀਕਾ ਦੌਰਾ ਅਗਲੇ ਮਹੀਨੇ

ਨਿਊਯਾਰਕ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ (ਯੂ.ਐੱਨ.ਜੀ.ਏ.) ਦੇ ਸਤੰਬਰ ਵਿੱਚ ਹੋਣ ਵਾਲੇ ਸਾਲਾਨਾ ਉੱਚ ਪੱਧਰੀ ਇਜਲਾਸ ਨੂੰ ਸੰਬੋਧਨ ਕਰ ਸਕਦੇ ਹਨ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਬੁਲਾਰਿਆਂ ਦੀ ਅਸਥਾਈ ਸੂਚੀ ਵਿੱਚ ਇਹ ਦਾਅਵਾ ਕੀਤਾ ਗਿਆ ਹੈ।

ਯੂ.ਐੱਨ.ਜੀ.ਏ. ਦਾ 80ਵਾਂ ਸੈਸ਼ਨ 9 ਸਤੰਬਰ ਨੂੰ ਸ਼ੁਰੂ ਹੋਵੇਗਾ। ਉੱਚ-ਪੱਧਰੀ ਆਮ ਬਹਿਸ 23-29 ਸਤੰਬਰ ਤੱਕ ਚੱਲੇਗੀ, ਜਿਸ ਵਿੱਚ ਬ੍ਰਾਜ਼ੀਲ ਸੈਸ਼ਨ ਦਾ ਰਵਾਇਤੀ ਪਹਿਲਾ ਤੇ ਅਮਰੀਕਾ ਦੂਜਾ ਬੁਲਾਰਾ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 23 ਸਤੰਬਰ ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮੰਚ ਤੋਂ ਆਲਮੀ ਆਗੂਆਂ ਨੂੰ ਸੰਬੋਧਨ ਕਰਨਗੇ। ਵ੍ਹਾਈਟ ਹਾਊਸ ਵਿੱਚ ਆਪਣੇ ਦੂਜੇ ਕਾਰਜਕਾਲ ਵਿੱਚ ਸੰਯੁਕਤ ਰਾਸ਼ਟਰ ਸੈਸ਼ਨ ਨੂੰ ਟਰੰਪ ਦਾ ਇਹ ਪਹਿਲਾ ਸੰਬੋਧਨ ਹੈ। ਜਨਰਲ ਅਸੈਂਬਲੀ ਦੇ 80ਵੇਂ ਸੈਸ਼ਨ ਦੀ ਉੱਚ-ਪੱਧਰੀ ਬਹਿਸ

(ਬਾਕੀ ਸਫ਼ਾ 30 'ਤੇ)

ਦਰਪਣ ਝੂਠ ਨਹੀਂ ਬੋਲਦਾ

# ਪਹਿਲੀ ਸਿੱਖ ਔਰਤ ਪੁਲਿਸ ਪ੍ਰੀਸਿੰਕਟ ਕਮਾਂਡਰ ਪ੍ਰਤਿਮਾ ਭੁੱਲਰ ਮਾਲਡੋਨਾਡੋ ਸਨਮਾਨਿਤ

## ਨਿਊਯਾਰਕ ਸਿਟੀ ਪੁਲਿਸ ਵਿਭਾਗ ਵਿੱਚ ਸਿੱਖ ਔਰਤ ਇਤਿਹਾਸਕ ਪ੍ਰਾਪਤੀ



ਨਿਊਯਾਰਕ ਸਟੇਟ ਦੀ ਵਿਧਾਇਕ ਜੈਨੀਫ਼ਰ ਰਾਜਕੁਮਾਰ ਨੇ ਨਿਊਯਾਰਕ ਸਿਟੀ ਪੁਲਿਸ ਵਿਭਾਗ ਦੇ 102ਵੇਂ ਪ੍ਰੀਸਿੰਕਟ ਦੀ ਕਮਾਂਡਿੰਗ ਅਫ਼ਸਰ ਕੈਪਟਨ ਪ੍ਰਤਿਮਾ ਭੁੱਲਰ ਮਾਲਡੋਨਾਡੋ ਨੂੰ ਸਨਮਾਨਿਤ ਕੀਤਾ ਗਿਆ। ਪ੍ਰਤਿਮਾ ਨੇ ਇਸ ਸਾਲ ਫ਼ਰਵਰੀ ਵਿੱਚ ਪਹਿਲੀ ਸਿੱਖ ਔਰਤ ਅਤੇ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਵਜੋਂ ਪ੍ਰੀਸਿੰਕਟ ਕਮਾਂਡਰ ਬਣ ਕੇ ਇਤਿਹਾਸ ਰਚਿਆ। ਉਹ ਬੀਤੇ ਦਿਨੀਂ ਕੁਈਨਜ਼ ਦੇ ਸਾਊਥ ਰਿਚਮੰਡ ਹਿੱਲ ਵਿੱਚ 102ਵੇਂ ਪ੍ਰੀਸਿੰਕਟ ਦੀ ਅਗਵਾਈ ਕਰ ਰਹੀ ਸੀ, ਜੋ ਸ਼ਹਿਰ ਦੇ ਸਭ ਤੋਂ ਵਿਭਿੰਨ ਇਲਾਕਿਆਂ 'ਚੋਂ ਇੱਕ ਹੈ। ਜੈਨੀਫ਼ਰ ਰਾਜਕੁਮਾਰ ਨੇ ਪ੍ਰਤਿਮਾ ਨੂੰ 'ਪੰਜਾਬੀ ਯੋਧਾ' ਕਹਿ ਕੇ ਸ਼ਲਾਘਾ ਕੀਤੀ। ਐਕਸ 'ਤੇ ਇੱਕ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਪ੍ਰਤਿਮਾ ਨੇ ਵੁੱਡਹੇਵਨ ਅਤੇ ਰਿਚਮੰਡ ਹਿੱਲ ਨੂੰ ਸੁਰੱਖਿਅਤ ਰੱਖਣ, ਲੋਕਾਂ ਅਤੇ ਪੁਲਿਸ ਵਿਚਕਾਰ ਵਿਸ਼ਵਾਸ ਵਧਾਉਣ ਅਤੇ ਔਰਤਾਂ ਤੇ ਘੱਟ-ਗਿਣਤੀਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਪੰਜਾਬ ਦੇ ਇੱਕ ਪਿੰਡ ਵਿੱਚ ਜਨਮੀ ਪ੍ਰਤਿਮਾ 9 ਸਾਲ ਦੀ ਉਮਰ ਵਿੱਚ ਪਰਿਵਾਰ ਨਾਲ ਅਮਰੀਕਾ ਆਈ ਸੀ। ਕੁਈਨਜ਼ ਵਿੱਚ ਵੱਡੀ ਹੋਈ, ਉਸ ਨੇ ਹਮੇਸ਼ਾ ਭਾਈਚਾਰੇ ਦੀ ਸੇਵਾ ਦਾ ਸੁਪਨਾ ਵੇਖਿਆ। ਉਹ ਪੁਲਿਸ ਵਿਭਾਗ ਵਿੱਚ ਪਹਿਲੀ ਸਿੱਖ ਮਹਿਲਾ ਸਾਰਜੈਂਟ, ਪਹਿਲੀ ਭਾਰਤੀ ਮਹਿਲਾ ਲੈਫ਼ਟੀਨੈਂਟ ਅਤੇ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਵਰਦੀਧਾਰੀ ਐਗਜ਼ਿਕਿਊਟਿਵ ਬਣੀ। 2023 ਵਿੱਚ ਉਸ ਨੂੰ ਕੈਪਟਨ ਦਾ ਰੈਂਕ ਮਿਲਿਆ ਅਤੇ 2025 ਵਿੱਚ ਉਸ ਨੇ 102ਵੇਂ ਪ੍ਰੀਸਿੰਕਟ ਦੀ ਕਮਾਨ ਸੰਭਾਲੀ।

ਚਾਰ ਬੱਚਿਆਂ ਦੀ ਮਾਂ ਪ੍ਰਤਿਮਾ ਸ਼ਹਿਰ ਦੀਆਂ ਮੁਸ਼ਕਿਲ ਜ਼ਿੰਮੇਵਾਰੀਆਂ ਨੂੰ ਸੰਭਾਲਦੀ ਹੈ। ਉਹ ਮੰਨਦੀ ਹੈ ਕਿ ਵਿਭਿੰਨ ਪੁਲਿਸ ਫ਼ੋਰਸ ਹੀ ਭਾਈਚਾਰਿਆਂ ਨਾਲ ਮਜ਼ਬੂਤ ਸਬੰਧ ਬਣਾ ਸਕਦੀ ਹੈ। ਉਸ ਦੀ ਨਿਯੁਕਤੀ ਨੂੰ ਪੁਲਿਸ ਵਿੱਚ ਨੁਮਾਇੰਦਗੀ ਦੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ।

ਰਾਜਕੁਮਾਰ, ਜੋ ਪਹਿਲੀ ਭਾਰਤੀ-ਅਮਰੀਕੀ ਮਹਿਲਾ ਵਿਧਾਇਕ ਹੈ, ਨੇ ਕਿਹਾ ਕਿ ਪ੍ਰਤਿਮਾ ਨੌਜਵਾਨਾਂ ਨੂੰ ਜਨਤਕ ਸੇਵਾ ਵਿੱਚ ਕੈਰੀਅਰ ਲਈ ਪ੍ਰੇਰਿਤ ਕਰਦੀ ਹੈ ਅਤੇ ਅੰਡਰ-ਰਿਪ੍ਰਜ਼ੈਂਟਿਡ ਗਰੁੱਪਾਂ ਲਈ ਮੈਂਟਰਸ਼ਿਪ ਨੂੰ ਉਤਸ਼ਾਹਿਤ ਕਰਦੀ ਹੈ। ਪ੍ਰਤਿਮਾ ਦੀ ਅਗਵਾਈ ਸੁਨੇਹਾ ਦਿੰਦੀ ਹੈ ਕਿ ਸਮਝ ਅਤੇ ਸ਼ਮੂਲੀਅਤ ਨਾਲ ਭਾਈਚਾਰੇ ਸੁਰੱਖਿਅਤ ਅਤੇ ਮਜ਼ਬੂਤ ਹੋ ਸਕਦੇ ਹਨ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਫ਼ਿਰ ਠੱਪ ਕਿਉਂ ਹੋਈਆਂ ?

ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਕਹਾਉਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਇੱਕ ਵਾਰ ਫ਼ਿਰ ਅਣਮਿੱਥੇ ਸਮੇਂ ਲਈ ਠੱਪ ਹੋ ਗਈਆਂ ਨੇ। ਮੌਜੂਦਾ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ.ਐੱਸ. ਸਾਰੋਂ ਦੇ 70 ਸਾਲ ਪੂਰੇ ਹੋਣ ਕਾਰਨ ਸੇਵਾਮੁਕਤ ਹੋ ਜਾਣ ਨਾਲ ਚੋਣ ਪ੍ਰਕਿਰਿਆ ਰੁੱਕ ਗਈ ਏ। ਜਸਟਿਸ ਸਾਰੋਂ ਦੀ ਨਿਯੁਕਤੀ ਦੀ ਮਿਆਦ 30 ਜੂਨ ਨੂੰ ਖ਼ਤਮ ਹੋ ਗਈ ਸੀ ਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਐਕਸਟੈਨਸ਼ਨ ਨਹੀਂ ਦਿੱਤੀ। ਗੁਰਦੁਆਰਾ ਐਕਟ ਮੁਤਾਬਕ ਚੀਫ਼ ਕਮਿਸ਼ਨਰ ਦਾ ਕਾਰਜਕਾਲ 70 ਸਾਲ ਤੱਕ ਹੀ ਹੈ, ਪਰ ਇਸ ਵਿੱਚ ਵਾਧੇ ਲਈ ਤਜਵੀਜ਼ ਚੱਲੀ ਸੀ, ਜੋ ਸਿਰੇ ਨਹੀਂ ਚੜ੍ਹੀ। ਹੁਣ ਨਵੇਂ ਚੀਫ਼ ਕਮਿਸ਼ਨਰ ਦੀ ਨਿਯੁਕਤੀ ਲਈ ਸੇਵਾਮੁਕਤ ਜੱਜਾਂ ਤੋਂ ਅਰਜ਼ੀਆਂ ਮੰਗੀਆਂ ਜਾਣਗੀਆਂ ਤੇ ਇਹ ਪ੍ਰਕਿਰਿਆ ਵਿੱਚ 2-3 ਮਹੀਨੇ ਲੱਗ ਸਕਦੇ ਨੇ।

ਇਹ ਚੋਣਾਂ ਹਰ ਪੰਜ ਸਾਲਾਂ ਬਾਅਦ ਹੋਣੀਆਂ ਚਾਹੀਦੀਆਂ ਨੇ, ਪਰ ਆਖਰੀ ਵਾਰ 2011 ਵਿੱਚ ਹੋਈਆਂ ਸਨ। ਅੱਜ 14 ਸਾਲਾਂ ਬਾਅਦ ਵੀ ਨਹੀਂ ਹੋ ਸਕੀਆਂ। ਜਸਟਿਸ

## ਸਰਕਾਰੀ ਦੇਰੀ ਕਿਉਂ ਕਰ ਰਹੀ ਹੈ ?

## 14 ਸਾਲਾਂ ਬਾਅਦ ਵੀ ਨਹੀਂ ਹੋ ਸਕੀਆਂ ਚੋਣਾਂ

ਸਾਰੋਂ ਦੇ ਕਾਰਜਕਾਲ ਵਿੱਚ ਪੰਜਾਬ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਵੋਟਾਂ ਬਣਾਉਣ ਦੀ ਪ੍ਰਕਿਰਿਆ ਪੂਰੀ ਹੋ ਗਈ ਸੀ। ਲਗਭਗ 50 ਲੱਖ ਵੋਟਾਂ ਬਣੀਆਂ ਨੇ ਤੇ ਵੋਟਾਂ ਸਬੰਧੀ ਇਤਰਾਜ਼ਾਂ ਦੇ ਨਿਬੇੜੇ ਦੀ ਪ੍ਰਕਿਰਿਆ ਚੱਲ ਰਹੀ ਸੀ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਚੋਣਾਂ 'ਤੇ ਰੋਕ ਲਾ ਦਿੱਤੀ ਸੀ। ਹਾਈਕੋਰਟ ਵਿੱਚ ਕੇਸ ਅਗਲੇ ਦਿਨਾਂ ਵਿੱਚ ਸੁਣਵਾਈ ਲਈ ਆਉਣ ਵਾਲਾ ਹੈ।



ਸਵਾਲ ਉੱਠਦਾ ਹੈ ਕਿ ਸਰਕਾਰ ਕਿਉਂ ਇੰਨੀ ਦੇਰੀ ਕਰ ਰਹੀ ਏ ? ਕੇਂਦਰ ਸਰਕਾਰ ਨੂੰ ਨਵੇਂ ਚੀਫ਼ ਕਮਿਸ਼ਨਰ ਨਿਯੁਕਤ ਕਰਨ ਵਿੱਚ ਵਕਤ ਲੱਗ ਰਿਹਾ ਹੈ ਤੇ ਇਸ ਨਾਲ ਚੋਣ ਪ੍ਰਕਿਰਿਆ ਰੁਕੀ ਪਈ ਹੈ। ਚਰਚਾ ਹੈ ਕਿ ਸਰਕਾਰ ਨੂੰ ਰਿਪੋਰਟਾਂ ਮਿਲੀਆਂ ਨੇ ਕਿ ਇਨ੍ਹਾਂ ਚੋਣਾਂ ਵਿੱਚ ਖਾੜਕੂ ਤੱਤ ਭਾਰੂ ਹੋ ਸਕਦੇ ਨੇ, ਇਸ ਲਈ ਟਾਲਮਟੋਲ ਕੀਤੀ ਜਾ ਰਹੀ ਏ। ਵੋਟਰ ਰਜਿਸਟ੍ਰੇਸ਼ਨ ਵੀ ਚਾਰ ਵਾਰ ਵਧਾਈ ਗਈ ਹੈ, ਕਿਉਂਕਿ ਸਿੱਖ ਸੰਗਤਾਂ ਵਿੱਚ ਇਨ੍ਹਾਂ ਚੋਣਾਂ ਪ੍ਰਤੀ ਉਤਸ਼ਾਹ ਘੱਟ ਸੀ। ਇਸ ਵਾਰ ਵੋਟਾਂ ਬਣਾਉਣ ਲਈ ਆਧਾਰ ਕਾਪੀ ਤੇ ਫ਼ੋਟੋ ਫ਼ਾਰਮ ਨਾਲ ਲਗਾਉਣ ਨੂੰ ਲੈ ਕੇ ਅਕਾਲੀ ਦਲ ਨੇ ਵਿਰੋਧ ਕੀਤਾ ਸੀ, ਜਿਸ ਨਾਲ ਲੋਕਾਂ ਵਿੱਚ ਘੱਟ ਰੁਚੀ ਵੇਖੀ ਗਈ। ਸਹਿਜਧਾਰੀ ਸਿੱਖਾਂ ਦੀ ਵੋਟ ਵੀ ਖ਼ਤਮ ਕਰ ਦਿੱਤੀ ਗਈ ਹੈ, ਜੋ ਭਾਜਪਾ ਸਰਕਾਰ ਨੇ ਬਾਦਲਾਂ ਦੇ ਕਹਿਣ ਕਾਰਨ ਗੁਰਦੁਆਰਾ ਐਕਟ ਵਿੱਚ ਤਰਮੀਮ ਕਰ ਕੇ ਕੀਤੀ ਸੀ।

ਬਾਦਲ ਪਰਿਵਾਰ ਵਾਲਾ ਸ਼੍ਰੋਮਣੀ ਅਕਾਲੀ ਦਲ ਤਾਂ ਹਮੇਸ਼ਾ ਇਸ ਸੰਸਥਾ 'ਤੇ ਕਾਬਜ਼ ਰਿਹਾ ਏ ਤੇ ਚੋਣਾਂ ਨਾ ਹੋਣ ਨਾਲ ਉਹਨਾਂ ਨੂੰ ਫ਼ਾਇਦਾ ਹੀ ਹੈ। 2011 ਤੋਂ ਬਾਅਦ ਉਹੀ ਮੈਂਬਰ ਤੇ ਅਹੁਦੇਦਾਰ 14 ਸਾਲਾਂ ਤੋਂ ਕਾਬਜ਼ ਨੇ। ਅਕਾਲੀ ਦਲ ਨੂੰ ਡਰ ਹੈ ਕਿ ਨਵੀਆਂ ਚੋਣਾਂ ਵਿੱਚ ਉਹਨਾਂ ਦਾ ਕੰਟਰੋਲ ਖ਼ਤਮ ਹੋ ਜਾਵੇਗਾ। ਵਿਰੋਧੀ ਧਿਰ ਦੇ ਸਿੱਖ ਆਗੂ ਕਹਿੰਦੇ ਨੇ ਕਿ ਅਕਾਲੀ ਦਲ ਬਾਦਲ ਚੋਣਾਂ ਨੂੰ ਟਾਲ ਕੇ ਆਪਣੀ ਪਕੜ ਬਣਾਈ ਰੱਖਣਾ ਚਾਹੁੰਦਾ ਹੈ। ਹਾਲਾਂ ਕਿ ਅਕਾਲੀ ਦਲ ਨੇ ਕਈ ਵਾਰ ਵੋਟਰ ਲਿਸਟ ਵਿੱਚ ਗੜਬੜੀਆਂ ਨੂੰ ਲੈ ਕੇ ਸ਼ਿਕਾਇਤਾਂ ਵੀ ਕੀਤੀਆਂ ਨੇ, ਪਰ ਉਹ ਸਮੇਂ ਸਿਰ ਚੋਣਾਂ ਦੀ ਮੰਗ ਨਹੀਂ ਕੀਤੀ। ਪੰਜਾਬੀ ਸੂਬੇ ਬਣਨ ਤੱਕ ਚੋਣਾਂ ਸਮੇਂ ਸਿਰ ਹੁੰਦੀਆਂ ਰਹੀਆਂ ਨੇ, ਪਰ ਪਿਛਲੇ ਦਹਾਕਿਆਂ ਵਿੱਚ ਲਗਾਤਾਰ ਦੇਰੀ ਹੋ ਰਹੀ ਹੈ। ਅਕਾਲੀ ਦਲ ਬਾਦਲ ਨੇ ਇਸ ਵਰਤਾਰੇ ਨੂੰ ਫ਼ਾਇਦੇ ਵਜੋਂ ਵਰਤਿਆ ਹੈ। ਸਿੱਖਾਂ ਵਿੱਚ ਇਸ ਮੁੱਦੇ ਨੂੰ ਲੈ ਕੇ ਕੋਈ ਵੱਡੀ ਲਹਿਰ ਨਹੀਂ ਉੱਠੀ ਤੇ ਅਦਾਲਤ ਵਿੱਚ ਵੀ ਕੋਈ ਨਹੀਂ ਗਿਆ। ਮਾਹਿਰਾਂ ਨੇ ਸਿਫ਼ਾਰਸ਼ ਕੀਤੀ ਹੈ ਕਿ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਕਾ ਅਦਾਰਾ ਬਣਾਇਆ ਜਾਵੇ ਤਾਂ ਜੋ ਜ਼ਿਮਨੀ ਚੋਣਾਂ ਹੋ ਸਕਣ ਤੇ ਵੋਟਾਂ ਦੀ ਸੁਧਾਈ ਹੁੰਦੀ ਰਹੇ। ਪਰ ਸਰਕਾਰ ਨੇ ਇਸ 'ਤੇ ਕੋਈ ਫ਼ੈਸਲਾ ਨਹੀਂ ਲਿਆ। ਇਹ ਸਥਿਤੀ ਪੰਥਕ ਲੋਕਤੰਤਰ ਲਈ ਚਿੰਤਾਜਨਕ ਹੈ। ਸਿੱਖ ਗੁਰੂਘਰਾਂ ਦੇ ਪ੍ਰਬੰਧ ਨੂੰ ਲੈ ਕੇ ਸਵਾਲ ਉੱਠ ਰਹੇ ਨੇ। ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਲਈ ਪੰਥਕ ਆਗੂਆਂ ਨੂੰ ਅੱਗੇ ਆਉਣਾ ਚਾਹੀਦਾ ਹੈ ? ਨਹੀਂ ਤਾਂ ਇਹ ਦੇਰੀ ਪੰਥ ਨੂੰ ਹੋਰ ਕਮਜ਼ੋਰ ਕਰੇਗੀ।

# ਅਮਰੀਕਾ ਤੇ ਕੈਨੇਡਾ ਨਾਲ ਤਣਾਅ ਦਾ ਭਾਰਤ 'ਤੇ ਕੀ ਪੈ ਰਿਹਾ ਅਸਰ ?

## ਭਾਰਤ ਨੇ ਅਮਰੀਕਾ ਤੋਂ ਹਥਿਆਰ ਖ਼ਰੀਦਣੇ ਕਿਉਂ ਰੋਕੇ ?

## ਭਾਰਤ ਦੀ ਰੂਸ ਤੇ ਚੀਨ ਨਾਲ ਨਵੀਂ ਦੋਸਤੀ ਦੇ ਪਿੱਛੇ ਕੀ ਰਾਜ਼ ਹੈ ?

ਅੱਜ ਦੀ ਵਿਸ਼ਵ ਰਾਜਨੀਤੀ ਵਿੱਚ ਭਾਰਤ ਨੂੰ ਇੱਕ ਅਜਿਹੇ ਮੋੜ 'ਤੇ ਖੜ੍ਹਾ ਵੇਖ ਕੇ ਸਾਰੇ ਨੂੰ ਹੈਰਾਨੀ ਹੋ ਰਹੀ ਹੈ ਜਿੱਥੇ ਪੱਛਮੀ ਮੁਲਕਾਂ ਨਾਲ ਤਣਾਅ ਵਧ ਰਿਹਾ ਹੈ ਤੇ ਪੂਰਬੀ ਮਿੱਤਰਾਂ ਨਾਲ ਨਵੀਆਂ ਦੋਸਤੀਆਂ ਗੰਢੀਆਂ ਜਾ ਰਹੀਆਂ ਨੇ। ਅਮਰੀਕਾ ਤੇ ਕੈਨੇਡਾ ਨਾਲ ਵਧ ਰਹੇ ਤਣਾਅ ਨੇ ਭਾਰਤ ਦੀ ਅਰਥਵਿਵਸਥਾ, ਸੁਰੱਖਿਆ ਤੇ ਵਿਦੇਸ਼ ਨੀਤੀ ਨੂੰ ਡੂੰਘਾ ਅਸਰ ਪਾਇਆ ਹੈ। ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਉੱਤੇ 50 ਫ਼ੀਸਦੀ ਟੈਰਿਫ਼ ਲਾ ਕੇ ਵਪਾਰ ਨੂੰ ਝਟਕਾ ਦਿੱਤਾ ਹੈ, ਦੂਜੇ ਪਾਸੇ ਭਾਰਤੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਮੁਲਾਕਾਤ ਕਰ ਕੇ ਅਮਰੀਕਾ ਨੂੰ ਮਿਰਚਾਂ ਲਾ ਦਿੱਤੀਆਂ ਨੇ। ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਭਾਰਤੀ ਏਜੰਸੀਆਂ ਉੱਪਰ ਦੋਸ਼



ਲੱਗਣ ਬਾਅਦ ਕੈਨੇਡਾ ਨਾਲ ਵੀ ਰਿਸ਼ਤਿਆਂ ਵਿੱਚ ਸੁਧਾਰ ਨਹੀਂ ਆਇਆ। ਇਸ ਤਣਾਅ ਕਾਰਣ ਵੀਜ਼ਾ ਨੀਤੀਆਂ ਵਿੱਚ ਕਰੜਾਈ ਨੇ ਭਾਰਤੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਨੂੰ ਪ੍ਰੇਸ਼ਾਨ ਕੀਤਾ ਹੈ।

ਭਾਰਤ ਤੇ ਅਮਰੀਕਾ ਦੇ ਰਿਸ਼ਤੇ ਪਿਛਲੇ ਕਈ ਦਹਾਕਿਆਂ ਵਿੱਚ ਬਹੁਤ ਮਜ਼ਬੂਤ ਹੋਏ ਸਨ। ਪੀ.ਵੀ. ਨਰਸਿਮਹਾ ਰਾਓ ਦੀ ਸਰਕਾਰ ਤੋਂ ਬਾਅਦ ਅਮਰੀਕਾ ਨੇ ਭਾਰਤੀਆਂ ਨੂੰ ਸਭ ਤੋਂ ਵੱਧ ਰੁਜ਼ਗਾਰ ਤੇ ਨਾਗਰਿਕਤਾ ਦਿੱਤੀ ਸੀ। 2002 ਤੋਂ 2023 ਤੱਕ ਅਮਰੀਕਾ ਵਿੱਚ 13 ਲੱਖ ਭਾਰਤੀਆਂ ਨੂੰ ਨਾਗਰਿਕਤਾ ਮਿਲੀ ਸੀ ਤੇ ਹੁਣ ਮੈਕਸੀਕੋ ਤੋਂ ਬਾਅਦ ਸਭ ਤੋਂ ਵੱਧ ਪ੍ਰਵਾਸੀ ਭਾਰਤੀ ਅਮਰੀਕਾ ਵਿੱਚ ਵੱਸੇ ਨੇ। ਬਿੱਲ ਕਲਿੰਟਨ, ਜਾਰਜ ਬੁਸ਼ ਤੇ ਬਰਾਕ ਓਬਾਮਾ ਵਰਗੇ ਰਾਸ਼ਟਰਪਤੀਆਂ ਨੇ ਭਾਰਤ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਸੀ। ਪਰ ਅੱਜ ਪ੍ਰਧਾਨ ਮੰਤਰੀ ਨਰਿੰਦਰ



ਮੋਦੀ ਦੀ ਸਰਕਾਰ ਨਾਲ ਅਮਰੀਕਾ ਦੇ ਰਿਸ਼ਤੇ ਤਣਾਅ ਵਿੱਚ ਆ ਗਏ ਨੇ। ਇਸ ਦਾ ਮੁੱਖ ਕਾਰਨ ਹੈ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣਾ ਤੇ ਯੂਕ੍ਰੇਨ ਯੁੱਧ ਵਿੱਚ ਰੂਸ ਨਾਲ ਨੇੜਤਾ। ਡੋਨਾਲਡ ਟਰੰਪ ਨੇ ਭਾਰਤ ਉੱਤੇ 50 ਫ਼ੀਸਦੀ ਟੈਰਿਫ਼ ਲਾ ਕੇ ਕਿਹਾ ਹੈ ਕਿ ਭਾਰਤ ਰੂਸ ਨੂੰ ਆਰਥਿਕ ਮਦਦ ਦੇ ਰਿਹਾ ਹੈ ਜੋ ਯੂਕ੍ਰੇਨ ਯੁੱਧ ਨੂੰ ਲੰਮਾ ਖਿੱਚ ਰਿਹਾ ਹੈ। ਟਰੰਪ ਨੇ ਕਿਹਾ, 'ਭਾਰਤ ਰੂਸ ਤੋਂ ਸਸਤਾ ਤੇਲ ਖਰੀਦ ਕੇ ਉਸ ਨੂੰ ਮੁਨਾਫ਼ੇ ਵਿੱਚ ਵੇਚ ਰਿਹਾ ਹੈ ਤੇ ਇਹ ਪੈਸਾ ਰੂਸੀ ਯੁੱਧ ਮਸ਼ੀਨ ਨੂੰ ਚਲਾ ਰਿਹਾ ਹੈ।'

ਇਸ ਟੈਰਿਫ਼ ਨੇ ਭਾਰਤੀ ਅਰਥ-ਵਿਵਸਥਾ ਨੂੰ ਵੱਡਾ ਝਟਕਾ ਦਿੱਤਾ ਹੈ। ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਸਾਥੀ ਹੈ ਤੇ ਇਸ ਨਾਲ ਨਿਰਯਾਤ ਘਟੇਗਾ, ਨੌਕਰੀਆਂ ਖ਼ਤਰੇ ਵਿੱਚ ਪੈ ਜਾਣਗੀਆਂ ਤੇ ਮਹਿੰਗਾਈ ਵਧੇਗੀ। ਭਾਰਤੀ ਕਿਸਾਨਾਂ, ਮੱਛੀ ਪਾਲਕਾਂ ਤੇ ਡੇਅਰੀ ਉਦਯੋਗ ਨੂੰ ਵੀ ਅਸਰ ਪਵੇਗਾ ਕਿਉਂਕਿ ਅਮਰੀਕਾ ਨੇ ਇਨ੍ਹਾਂ ਉਤਪਾਦਾਂ ਉੱਤੇ ਵੀ ਟੈਕਸ ਵਧਾਏ ਨੇ। ਪੀਐੱਮ ਮੋਦੀ ਨੇ ਜਵਾਬ ਵਿੱਚ ਕਿਹਾ ਹੈ ਕਿ ਭਾਰਤ ਆਪਣੇ ਕਿਸਾਨਾਂ ਦੇ ਹਿੱਤਾਂ ਤੋਂ ਪਿੱਛੇ ਨਹੀਂ ਹਟੇਗਾ, ਭਾਵੇਂ ਵੱਡੀ ਕੀਮਤ ਵੀ ਚੁਕਾਉਣੀ ਪਵੇ। ਪਰ ਇਸ ਨਾਲ ਭਾਰਤ ਨੂੰ ਨਵੇਂ ਬਾਜ਼ਾਰ ਲੱਭਣੇ ਪੈਣਗੇ ਤੇ ਯੂਰਪੀਅਨ ਯੂਨੀਅਨ, ਬ੍ਰਿਟੇਨ, ਜਾਪਾਨ ਵਰਗੇ ਮੁਲਕਾਂ ਵਿੱਚ ਨਿਰਯਾਤ ਵਧਾਉਣਾ ਮੁਸ਼ਕਿਲ ਹੋ ਜਾਵੇਗਾ, ਕਿਉਂਕਿ ਉਹ ਵੀ ਰੂਸੀ ਤੇਲ ਵਾਲੇ ਮਾਮਲੇ ਬਾਰੇ ਭਾਰਤ ਨੂੰ ਖਲਨਾਇਕ ਵਾਂਗ ਵੇਖ ਰਹੇ ਨੇ। ਟਰੰਪ ਦੇ ਨਜ਼ਦੀਕੀ ਸਹਿਯੋਗੀ ਸਟੀਫ਼ਨ ਮਿਲਰ ਨੇ ਕਿਹਾ ਹੈ ਕਿ ਭਾਰਤ ਰੂਸ ਤੋਂ ਚੀਨ ਜਿੰਨਾ ਹੀ ਤੇਲ ਖਰੀਦ ਰਿਹਾ ਏ, ਜੋ ਹੈਰਾਨੀ ਵਾਲੀ ਗੱਲ ਹੈ। ਇਸ ਨਾਲ ਭਾਰਤ ਦੀ ਵਿਸ਼ਵ ਪੱਧਰੀ ਹੋਂਦ ਖਰਾਬ ਹੋ ਰਹੀ ਹੈ ਤੇ ਉਹ ਨਾ ਪੱਛਮ ਨਾਲ ਰਹਿੰਦਾ ਤੇ ਨਾ ਪੂਰਬ ਨਾਲ ਪੂਰੀ ਤਰ੍ਹਾਂ ਜੁੜਦਾ ਹੈ।



## ਅੱਖੀਆਂ ਉਡੀਕਦੀਆਂ, ਦਿਲ ਵਾਜਾਂ ਮਾਰਦਾ ...

# ਤਿਉਹਾਰੀ ਰੁੱਤ 'ਚ ਐਨ.ਆਰ.ਆਈ. ਪੰਜਾਬੀਆਂ ਦਾ ਵਤਨ ਗੇੜਾ

### ਸੁੰਨੇ ਪਏ ਪਰਵਾਸੀ ਪੰਜਾਬੀਆਂ ਦੇ ਆਲੀਸ਼ਾਨ ਘਰਾਂ 'ਚ ਹੁਣ ਲੱਗਣਗੀਆਂ ਰੌਣਕਾਂ, ਪੈਣਗੇ ਗਿੱਧੇ- ਭੰਗੜੇ, ਲਿਸ਼ਕਣਗੀਆਂ ਰੰਗ ਬਿਰੰਗੀਆਂ ਬਿਜਲਈ ਲੜੀਆਂ

ਜਗਮੋਹਨ ਸਿੰਘ 'ਲੱਕੀ'

**ਭਾਰਤ ਵਿੱਚ 'ਰੱਖੜੀ' ਤੋਂ ਸ਼ੁਰੂ ਹੋਈ 'ਤਿਉਹਾਰੀ ਰੁੱਤ' ਅਗਲੇ ਸਾਲ 'ਲੋਹੜੀ' ਦੇ ਪਵਿੱਤਰ ਤਿਉਹਾਰ ਤੱਕ ਚਲਦੀ ਹੈ। ਇਸ ਤਿਉਹਾਰੀ ਰੁੱਤ ਦੀ ਦੁਕਾਨਦਾਰਾਂ,ਵਪਾਰੀਆਂ, ਵਪਾਰਕ ਕੰਪਨੀਆਂ ਨੂੰ ਸਾਰਾ ਸਾਲ ਉਡੀਕ ਰਹਿੰਦੀ ਹੈ, ਕਿਉਂਕਿ ਉਹਨਾਂ ਨੇ ਇਸ ਤਿਉਹਾਰੀ ਰੁੱਤ ਦੌਰਾਨ ਸਾਰੇ ਸਾਲ ਦੀ ਕਮਾਈ ਕਰਨੀ ਹੁੰਦੀ ਹੈ। ਇਸ ਤਿਉਹਾਰੀ ਰੁੱਤ ਦੌਰਾਨ ਦੁਕਾਨਾਂ ਅਤੇ ਸ਼ੋਅਰੂਮਾਂ ਦੇ ਨਾਲ ਨਾਲ ਮਾਰਕੀਟਾਂ ਅਤੇ ਬਾਜ਼ਾਰਾਂ ਨੂੰ ਰੰਗ ਬਿਰੰਗੀਆਂ ਬਿਜਲਈ ਲੜੀਆਂ ਅਤੇ ਬਨਾਵਟੀ ਫੁੱਲ ਪੱਤੀਆਂ ਨਾਲ ਸਜਾਇਆ ਜਾਂਦਾ ਹੈ। ਇਸ ਤਿਉਹਾਰੀ ਰੁੱਤ ਦੌਰਾਨ ਹੀ ਵਿਸ਼ਵ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਅਨੇਕਾਂ ਐਨ.ਆਰ.ਆਈ.ਪੰਜਾਬੀ ਆਪਣੀ ਜਨਮ ਭੂਮੀ ਪੰਜਾਬ ਵਿੱਚ ਗੇੜਾ ਮਾਰਦੇ ਹਨ। ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀ ਇਸ ਤਿਉਹਾਰੀ ਰੁੱਤ ਦੌਰਾਨ ਹੀ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ। ਭਾਰਤੀ ਸਮਾਜ ਵਿੱਚ ਇਹ ਤਿਉਹਾਰੀ ਰੁੱਤ ਵਿਸ਼ੇਸ਼ ਮਹੱਤਤਾ ਰੱਖਦੀ ਹੈ।**



'ਤੀਆਂ' ਅਤੇ 'ਰੱਖੜੀ' ਦੇ ਤਿਉਹਾਰਾਂ ਤੋਂ ਸ਼ੁਰੂ ਹੋ ਕੇ ਅਗਲੇ ਨਵੇਂ ਸਾਲ 'ਲੋਹੜੀ' ਦੇ ਪਵਿੱਤਰ ਤਿਉਹਾਰ ਤੱਕ ਚੱਲਣ ਵਾਲੀ 'ਤਿਉਹਾਰੀ ਰੁੱਤ' ਦੌਰਾਨ ਦੁਨੀਆ ਦੇ ਵੱਖ -ਵੱਖ ਮੁਲਕਾਂ ਵਿੱਚ ਵਸੇ ਹੋਏ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਵੱਲੋਂ ਪੰਜਾਬ ਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ।'ਰੱਖੜੀ' ਦੇ ਤਿਉਹਾਰ ਮੌਕੇ ਕਈ ਐਨ.ਆਰ.ਆਈ.ਪੰਜਾਬੀਆਂ ਦੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਵਿੱਚ ਆਉਣ ਕਰਕੇ ਉਹਨਾਂ ਦੇ ਵਰ੍ਹਿਆਂ ਤੋਂ ਸੁੰਨੇ ਪਏ ਖਾਲੀ ਘਰਾਂ ਵਿੱਚ ਵੀ ਰੌਣਕਾਂ ਪਰਤ ਆਈਆਂ ਹਨ ਅਤੇ ਅੱਜ-ਕੱਲ੍ਹ ਹਰ ਦਿਨ ਇਹਨਾਂ ਘਰਾਂ ਵਿੱਚ ਹੁਣ ਖੁਸ਼ੀ ਦੇ ਸਮਾਗਮ ਹੋ ਰਹੇ ਹਨ, ਖੀਰ ਬਣ ਰਹੀ ਹੈ, ਰਸੋਈ ਵਿੱਚ ਬਣਦੇ ਖੋਏ ਦੀ ਮਹਿਕ ਦੂਰ ਤੱਕ ਜਾ ਰਹੀ ਹੈ। ਪਰ ਕਈ ਐਨ.ਆਰ.ਆਈ. ਪੰਜਾਬੀਆਂ ਦੇ ਆਲੀਸ਼ਾਨ ਘਰਾਂ ਦੀਆਂ ਛੱਤਾਂ 'ਤੇ ਉੱਗ ਰਿਹਾ ਘਾਹ ਦੱਸ ਰਿਹਾ ਹੈ ਕਿ ਇਹਨਾਂ ਘਰਾਂ ਦੇ ਵਾਰਸ ਜਾਂ ਤਾਂ ਇਹਨਾਂ ਨੂੰ ਵਿਸਾਰ ਚੁੱਕੇ ਹਨ ਜਾਂ ਮੋਹ ਦੀਆਂ ਤੰਦਾਂ ਢਿੱਲੀਆਂ ਪੈ ਗਈਆਂ ਹਨ।

ਪੰਜਾਬ ਆਏ ਕਈ ਐਨ.ਆਰ.ਆਈ.ਪੰਜਾਬੀਆਂ ਨੇ ਤਾਂ ਆਪਣੇ ਘਰਾਂ ਵਿੱਚ ਬਿਜਲਈ ਲੜੀਆਂ ਦੀ ਦੀਪਮਾਲਾ ਕੀਤੀ ਹੋਈ ਹੈ, ਜਿਸ ਕਾਰਨ ਇਹ ਘਰ ਬਹੁਤ ਸੁੰਦਰ ਦ੍ਰਿਸ਼ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਮਹੱਲਾਂ ਵਰਗੇ ਘਰਾਂ ਨੂੰ ਨਵਾਂ ਰੰਗ ਰੋਗਣ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੇ ਹੋਰ ਤਿਉਹਾਰ ਸੁੰਦਰ ਸਜਾਏ ਹੋਏ ਘਰ ਵਿੱਚ ਮਨਾਏ ਜਾਣ।

ਭਾਰਤ ਵਿੱਚ ਤੀਆਂ ਅਤੇ ਰੱਖੜੀ ਦੇ ਤਿਉਹਾਰਾਂ ਤੋਂ ਤਿਉਹਾਰੀ ਸੀਜ਼ਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ, ਜੋ ਕਿ ਲੋਹੜੀ ਦੇ ਤਿਉਹਾਰ ਤੱਕ ਚੱਲਦਾ ਹੈ। ਇਸ ਤਿਉਹਾਰੀ ਸੀਜ਼ਨ ਨੂੰ ਤਿਉਹਾਰੀ ਰੁੱਤ ਜਾਂ ਤਿਉਹਾਰਾਂ ਦੀ ਰੁੱਤ ਵੀ ਕਹਿੰਦੇ ਹਨ। ਭਾਰਤ ਦੇ ਮੁੱਖ ਤਿਉਹਾਰ ਇਸ ਰੁੱਤ ਦੌਰਾਨ ਹੀ ਆਉਂਦੇ ਹਨ। ਇਸ ਤਿਉਹਾਰੀ ਸੀਜ਼ਨ ਵਿੱਚ ਦੁਕਾਨਦਾਰਾਂ ਅਤੇ ਵਪਾਰੀਆਂ ਵੱਲੋਂ ਸਾਲ ਭਰ ਦੀ ਕਮਾਈ ਕੀਤੀ ਜਾਂਦੀ ਹੈ। ਇਸ ਤਿਉਹਾਰੀ ਸੀਜ਼ਨ ਦੌਰਾਨ ਲੋਕ ਰੱਜ ਕੇ ਖ਼ਰੀਦਦਾਰੀ ਕਰਦੇ ਹਨ ਅਤੇ ਤਿਉਹਾਰਾਂ ਦਾ ਆਨੰਦ ਮਾਣਦੇ ਹਨ। ਤਿਉਹਾਰੀ ਰੁੱਤ ਦੀ ਸ਼ੁਰੂਆਤ ਵੇਲੇ ਭਾਵ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਪੰਜਾਬ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ, ਭਾਵੇਂ ਕਿ ਦੁਪਹਿਰ ਵੇਲੇ ਗਰਮੀ ਵੀ ਹੁੰਦੀ ਹੈ ਪਰ ਸਵੇਰੇ ਅਤੇ ਸ਼ਾਮ ਰੁਮਕਦੀ ਠੰਡੀ ਹਵਾ ਸਭ ਦਾ ਮਨ ਮੋਹ ਲੈਂਦੀ ਹੈ। ਇਸੇ ਕਰਕੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਇਸ ਰੁੱਤ ਦਾ ਆਨੰਦ ਮਾਨਣ ਪੰਜਾਬ ਆ ਜਾਂਦੇ ਹਨ। ਇਸ ਰੁੱਤ ਵਿੱਚ ਰਾਤਾਂ ਲੰਬੀਆਂ ਅਤੇ ਠੰਡੀਆਂ ਹੋ ਜਾਂਦੀਆਂ ਹਨ। ਹੌਲੀ ਹੌਲੀ ਗਰਮੀ ਦਾ ਮੌਸਮ ਖਤਮ ਹੋ ਜਾਂਦਾ ਹੈ ਅਤੇ ਹਲਕੀ ਤੇ ਗੁਲਾਬੀ ਠੰਡ ਆ ਜਾਂਦੀ ਹੈ ਤੇ ਦਿਵਾਲੀ ਦੇ ਤਿਉਹਾਰ ਤੱਕ ਪੂਰੀ ਠੰਡ ਆ ਜਾਂਦੀ ਹੈ।

ਇਹ ਇਕ ਹਕੀਕਤ ਹੈ ਕਿ ਜਦੋਂ ਵੀ ਪੰਜਾਬ ਵਿੱਚ ਤਿਉਹਾਰਾਂ ਦੀ ਰੁੱਤ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਹਨਾਂ ਬਜ਼ੁਰਗ ਮਾਪਿਆਂ ਦੇ ਚਿਹਰੇ ਉੱਪਰ ਲਾਲੀ ਆ ਜਾਂਦੀ ਹੈ, ਜਿਨ੍ਹਾਂ ਦੇ ਪੁੱਤ ਡਾਲਰ, ਪੌਂਡ ਕਮਾਉਣ ਲਈ ਸੱਤ ਸਮੁੰਦਰ ਪਾਰ ਵਿਦੇਸ਼ੀ ਧਰਤੀ ਉੱਪਰ ਗਏ ਹੋਏ ਹਨ। ਜਿਵੇਂ -ਜਿਵੇਂ ਠੰਡ ਵਧਦੀ ਜਾਂਦੀ ਹੈ ਉਵੇਂ ਹੀ ਬਜ਼ੁਰਗ ਮਾਪਿਆਂ ਦੀ ਉਡੀਕ ਵੀ ਵੱਧ ਜਾਂਦੀ ਹੈ। ਕਈ ਵਾਰ ਤਾਂ ਪਰਦੇਸੀ ਪੁੱਤਾਂ ਦੀਆਂ ਮਾਵਾਂ ਐਵੇਂ ਬਹਾਨੇ ਨਾਲ ਹੀ ਮੋਬਾਈਲ ਜਾਂ ਘਰ ਵਿੱਚ ਲੱਗੇ ਲੈਂਡ ਲਾਈਨ ਫੋਨ ਨੂੰ ਚੁੱਕ ਕੇ ਵੇਖਦੀਆਂ ਨੇ ਕਿ ਕਿਤੇ ਫੋਨ ਹੀ ਡੈਡ ਤਾਂ ਨਹੀਂ ਹੋ ਗਿਆ, ਕਿਉਂਕਿ ਪੁੱਤ ਦਾ ਆਉਣ ਦਾ ਕੋਈ ਸੁਨੇਹਾ (ਮੈਸੇਜ) ਹੀ ਤਾਂ ਨਹੀਂ ਆਇਆ। ਅੱਜ-ਕੱਲ੍ਹ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀਆਂ ਦੇ ਪੰਜਾਬ ਦੇ ਵੱਖ -ਵੱਖ ਇਲਾਕਿਆਂ ਵਿੱਚ ਰਹਿੰਦੇ ਮਾਪਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਦੇ ਚਿਹਰੇ ਖਿੜੇ ਲੱਗਦੇ ਹਨ ਕਿਉਂਕਿ ਤਿਉਹਾਰੀ ਰੁੱਤੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੇ ਪੰਜਾਬ ਆਉਣ ਦੀ ਸੰਭਾਵਨਾ ਹੈ।

ਦੁਨੀਆ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀਆਂ ਵਿਚੋਂ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿਚਲੇ ਆਪਣੇ ਜੱਦੀ ਘਰਾਂ ਨੂੰ ਢਾਹ ਕੇ ਜਾਂ ਜੱਦੀ ਘਰਾਂ ਦੇ ਨਾਲ ਹੀ ਵਿਦੇਸ਼ੀ ਡਿਜ਼ਾਇਨਾਂ ਵਾਲੇ ਮਹੱਲਾਂ ਵਰਗੇ ਘਰ ਅਤੇ ਆਲੀਸ਼ਾਨ ਕੋਠੀਆਂ ਬਣਾਏ ਹੋਏ ਹਨ। ਇਹ ਆਲੀਸ਼ਾਨ ਕੋਠੀਆਂ ਜਿਥੇ ਐਨ.ਆਰ.ਆਈ. ਪੰਜਾਬੀਆਂ ਦੀ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੀਆਂ ਹਨ ਉਥੇ ਹੀ ਪੰਜਾਬ ਦੇ ਪਿੰਡਾਂ ਦੀ ਦਿੱਖ ਨੂੰ ਸੁੰਦਰ ਵੀ ਬਨ੍ਹਾਉਂਦੀਆਂ ਹਨ। ਇਹਨਾਂ ਆਲੀਸ਼ਾਨ ਘਰਾਂ ਵਿੱਚ ਕਿਸੇ ਨੇ ਛੱਤ ਉੱਪਰ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਫੁੱਟਬਾਲ , ਕਿਸੇ ਨੇ ਘੋੜਾ, ਬਲਦ, ਭੱਤਾ ਲੈ ਕੇ ਜਾਂਦੀ ਮੁਟਿਆਰ, ਕਿਸੇ ਨੇ ਚਾਹ ਦਾ ਕੱਪ ਅਤੇ ਕਿਸੇ ਨੇ ਕੁਝ ਹੋਰ ਆਲੀਸ਼ਾਨ ਘਰਾਂ ਦੀਆਂ ਛੱਤਾਂ ਉੱਪਰ ਬਣਾਇਆ ਹੋਇਆ ਹੈ।



ਦੂਜੇ ਪਾਸੇ ਇੱਕ ਕਠੋਰ ਹਕੀਕਤ ਇਹ ਹੈ ਕਿ ਅਨੇਕਾਂ ਸ਼ਗਨ ਮਨਾ ਕੇ ਅਤੇ ਮਨਾਂ ਮੂੰਹੀਂ ਡਾਲਰ -ਪੌਂਡਾਂ ਤੋਂ ਬਦਲਿਆ ਭਾਰਤੀ ਪੈਸਾ ਖਰਚ ਕੇ ਬਣਾਈਆਂ ਇਹਨਾਂ ਮਹੱਲ ਵਰਗੀਆਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਵਿੱਚ ਜਿੰਦਗੀ ਹੀ ਨਹੀਂ ਧੜਕਦੀ ਕਿਉਂਕਿ ਇਹਨਾਂ ਮਹੱਲਾਂ ਵਰਗੀਆਂ ਆਲੀਸ਼ਾਨ ਕੋਠੀਆਂ ਦੇ ਅਸਲੀ ਮਾਲਕ ਤਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਵਿੱਚ ਡਾਲਰ ਤੇ ਪੌਂਡ ਕਮਾਉਣ ਵਿੱਚ ਹੀ ਰੁੱਝੇ ਹੋਏ ਹਨ। ਇਹ ਪਰਵਾਸੀ ਪੰਜਾਬੀ ਕਦੇ ਪੰਜ-ਸੱਤ ਕੁ ਸਾਲਾਂ ਬਾਅਦ ਹੀ ਕਿਸੇ ਧੀ ਪੁੱਤਰ ਦੇ ਵਿਆਹ ਮੌਕੇ ਜਾਂ ਕਿਸੇ ਹੋਰ ਕੰਮ ਆਪਣੇ ਜੱਦੀ ਪਿੰਡ ਗੇੜਾ ਮਾਰਦੇ ਨੇ ਤੇ ਉਸ ਸਮੇਂ ਜ਼ਰੂਰ ਇਹਨਾਂ ਆਲੀਸ਼ਾਨ ਕੋਠੀਆਂ ਵਿੱਚ ਦਿਨ ਰਾਤ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਇਹ ਮਹੱਲਾਂ ਵਰਗੇ ਘਰ ਹਰ ਪਿੰਡ ਦੀ ਸ਼ਾਨ ਬਣੇ ਹੋਏ ਹਨ। ਐਨ.ਆਰ.ਆਈ. ਪੰਜਾਬੀਆਂ ਵਲੋਂ ਚਾਵਾਂ ਮਲਾਰਾਂ ਨਾਲ ਬਣਾਈਆਂ ਇਹਨਾਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਇਹਨਾਂ ਕੋਠੀਆਂ ਦੇ ਵਾਰਸਾਂ ਦੇ ਸੱਤ ਸਮੁੰਦਰ ਪਾਰ ਜਾ ਕੇ ਵਸੇ ਹੋਣ ਕਾਰਨ ਸੁੰਨੀਆਂ ਪਈਆਂ ਹਨ। ਹੁਣ ਤਿਉਹਾਰੀ ਰੁੱਤ ਸ਼ੁਰੂ ਹੋ ਜਾਣ ਕਾਰਨ ਇਨ੍ਹਾਂ ਜਹਾਜ਼ਾਂ, ਟੈਂਕਾਂ, ਬਲਦਾਂ ਵਾਲੇ ਘਰਾਂ ਨੂੰ ਆਸ ਬਣ ਗਈ ਹੈ ਕਿ ਉਹਨਾਂ ਦੇ ਮਾਲਕ ਸੱਤ ਸਮੁੰਦਰ ਪਾਰ ਤੋਂ ਆਉਣਗੇ ਤੇ ਇਹਨਾਂ ਘਰਾਂ ਵਿੱਚ ਦਿਨ ਰਾਤ ਰੌਣਕਾਂ ਲਗਾਉਣਗੇ ਅਤੇ ਇਹ ਮਹੱਲਾਂ ਵਰਗੇ ਦਿਨ ਰਾਤ ਬਿਜਲਈ ਲੜੀਆਂ ਦੀ ਦੀਪਮਾਲਾ ਨਾਲ ਰੁਸ਼ਨਾਉਣਗੇ। ਇਹਨਾਂ ਘਰਾਂ ਨੂੰ ਆਸ ਬਣ ਗਈ ਹੈ ਕਿ ਇਹਨਾਂ ਦੇ ਐਨ.ਆਰ.ਆਈ. ਮਾਲਕਾਂ ਦੇ ਆਉਣ ਤੋਂ ਬਾਅਦ ਇਹਨਾਂ ਘਰਾਂ ਦੇ ਚੁਲ੍ਹਿਆਂ 'ਤੇ ਹੁਣ ਦੁਸਹਿਰਾ, ਦਿਵਾਲੀ ਅਤੇ ਲੋਹੜੀ ਮੌਕੇ ਖੋਆ ਕੱਢਿਆ ਜਾਵੇਗਾ। ਸਿਆਲ ਰੁੱਤੇ ਹੁਣ ਇਹਨਾਂ ਮਹੱਲਾਂ ਵਰਗੇ ਘਰਾਂ ਵਿੱਚ ਗਜਰੇਲਾ ਬਨ੍ਹਾਇਆ ਜਾਵੇਗਾ। ਇਹਨਾਂ ਆਲੀਸ਼ਾਨ ਕੋਠੀਆਂ ਦੀਆਂ ਹਾਰੇ ਵਿੱਚ ਰੱਖੀਆਂ ਕਾੜ੍ਹਨੀਆਂ ਵਿੱਚ ਦੁੱਧ ਗਰਮ ਹੋਵੇਗਾ।

(ਬਾਕੀ ਸਫ਼ਾ 31 'ਤੇ)



# ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦਾ ਬੋਝ ਕਿਉਂ ਵਧਿਆ ?

## ਸਰਕਾਰ ਖੇਤੀ ਇੰਡਸਟਰੀ ਅਤੇ ਹੁਸੈਨੀਵਾਲਾ-ਵਾਘਾ ਬਾਰਡਰ ਵਪਾਰ ਲਈ ਕਿਉਂ ਨਹੀਂ ਖੋਲਦੀ ?

ਪੰਜਾਬ, ਜੋ ਕਦੀ ਦੇਸ਼ ਦਾ ਅੰਨਦਾਤਾ ਸੂਬਾ ਸੀ, ਅੱਜ ਖੇਤੀ ਸੰਕਟ ਦੀ ਮਾਰ ਝੱਲ ਰਿਹਾ ਹੈ। ਕੌਮੀ ਅੰਕੜਿਆਂ ਮੁਤਾਬਕ, ਪੰਜਾਬ ਦੇ ਕਿਸਾਨਾਂ 'ਤੇ ਔਸਤਨ 2,03,249 ਰੁਪਏ ਪ੍ਰਤੀ ਕਿਸਾਨ ਦਾ ਕਰਜ਼ਾ ਹੈ, ਜੋ ਦੇਸ਼ ਵਿੱਚ ਤੀਜੇ ਸਥਾਨ 'ਤੇ ਹੈ। ਇਹ ਕਰਜ਼ੇ ਦਾ ਬੋਝ ਨਾ ਸਿਰਫ਼ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਰਿਹਾ ਹੈ, ਸਗੋਂ ਸਮਾਜਿਕ ਅਤੇ ਵਾਤਾਵਰਣਕ ਸੰਕਟ ਨੂੰ ਵੀ ਹੋਰ ਡੂੰਘਾ ਕਰ ਰਿਹਾ ਹੈ। ਪੰਜਾਬ ਦੀ ਖੇਤੀ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮੁੱਦਿਆਂ ਵਿੱਚ ਕਰਜ਼ੇ ਦੀ ਵਧਦੀ ਮਾਤਰਾ, ਖੇਤੀ-ਆਧਾਰਿਤ ਇੰਡਸਟਰੀ ਦੀ ਘਾਟ, ਅਤੇ ਹੁਸੈਨੀਵਾਲਾ-ਵਾਘਾ ਬਾਰਡਰ 'ਤੇ ਵਪਾਰਕ ਸੀਮਤਤਾਵਾਂ ਸ਼ਾਮਲ ਹਨ।




### ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦਾ ਬੋਝ

ਕੌਮੀ ਅੰਕੜਿਆਂ ਅਨੁਸਾਰ, ਪੰਜਾਬ ਦੇ ਕਿਸਾਨਾਂ 'ਤੇ ਪ੍ਰਤੀ ਕਿਸਾਨ 2,03,249 ਰੁਪਏ ਦਾ ਕਰਜ਼ਾ ਹੈ, ਜੋ ਆਂਧਰਾ ਪ੍ਰਦੇਸ਼ (2,45,554 ਰੁਪਏ) ਅਤੇ ਕੇਰਲ (2,42,482 ਰੁਪਏ) ਤੋਂ ਬਾਅਦ ਤੀਜੇ ਸਥਾਨ 'ਤੇ ਹੈ। ਦੇਸ਼ ਵਿੱਚ ਔਸਤ ਕਰਜ਼ਾ 74,121 ਰੁਪਏ ਪ੍ਰਤੀ ਕਿਸਾਨ ਹੈ, ਜੋ ਪੰਜਾਬ ਦੀ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾਹੈ। ਨਾਗਾਲੈਂਡ ਵਿੱਚ ਸਭ ਤੋਂ ਘੱਟ ਕਰਜ਼ਾ (1,750 ਰੁਪਏ) ਹੈ, ਜਦਕਿ ਨੌਰਥ-ਈਸਟ ਸੂਬਿਆਂ ਵਿੱਚ ਔਸਤ ਕਰਜ਼ਾ 10,034 ਰੁਪਏ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 25,629 ਰੁਪਏ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਦੇ ਕਿਸਾਨ ਭਾਰੀ ਆਰਥਿਕ ਦਬਾਅ ਹੇਠ ਹਨ।

ਪੰਜਾਬ ਦੇ ਕਿਸਾਨ ਨਾ ਸਿਰਫ਼ ਖੇਤੀ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਰਜ਼ਾ ਲੈਂਦੇ ਹਨ, ਸਗੋਂ ਪਰਿਵਾਰਕ ਜ਼ਰੂਰਤਾਂ, ਸਿਹਤ, ਸਿੱਖਿਆ ਅਤੇ ਵਿਦੇਸ਼ ਜਾਣ ਦੀਆਂ ਕੋਸ਼ਿਸ਼ਾਂ ਲਈ ਵੀ ਕਰਜ਼ੇ ਦੀ ਸਹਾਇਤਾ ਲੈਣੀ ਪੈਂਦੀ ਹੈ। ਇਸ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਇੱਕ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ, ਜਿਸ ਦੇ ਨਤੀਜੇ ਵਜੋਂ ਕਿਸਾਨ ਖੁਦਕੁਸ਼ੀਆਂ, ਨਸ਼ਿਆਂ ਦੀ ਸਮੱਸਿਆ ਅਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ।

### ਕਰਜ਼ੇ ਦੇ ਵਧਣ ਦੇ ਕਾਰਨ

ਪੰਜਾਬ ਦੇ ਕਿਸਾਨਾਂ ਦੀ ਆਮਦਨ ਸਥਿਰ ਜਾਂ ਘਟ ਰਹੀ ਹੈ। ਫਸਲਾਂ ਦੇ ਨਿਰਧਾਰਤ ਭਾਅ ਅਕਸਰ ਉਤਪਾਦਨ ਦੀ ਲਾਗਤ ਨੂੰ ਵੀ ਪੂਰਾ ਨਹੀਂ ਕਰਦੇ। ਖਾਦਾਂ, ਬੀਜ, ਡੀਜ਼ਲ, ਕੀਟਨਾਸ਼ਕ ਅਤੇ ਮਸ਼ੀਨਰੀ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਮਹਿੰਗਾਈ ਦੇ ਇਸ ਦੌਰ ਵਿੱਚ ਕਿਸਾਨਾਂ ਦੀ ਆਮਦਨ ਅਤੇ ਖਰਚਿਆਂ ਵਿੱਚ ਵੱਡਾ ਅੰਤਰ ਪੈਦਾ ਹੋ ਗਿਆ ਹੈ।

1960 ਅਤੇ 70 ਦੇ ਦਹਾਕੇ ਵਿੱਚ ਹਰੇ ਇਨਕਲਾਬ ਨੇ ਪੰਜਾਬ ਦੀ ਖੇਤੀ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ ਸੀ। ਵਧੇਰੇ ਉਤਪਾਦਕਤਾ ਵਾਲੇ ਬੀਜ, ਰਸਾਇਣਕ ਖਾਦਾਂ ਅਤੇ ਸਿੰਚਾਈ ਦੀਆਂ ਸੁਧਰੀਆਂ ਤਕਨੀਕਾਂ ਨੇ ਝਾੜ ਵਧਾਇਆ ਸੀ। ਪਰ, ਇਸ ਦੇ ਨਾਲ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਘਟੀ, ਪਾਣੀ ਦਾ ਪੱਧਰ ਹੇਠਾਂ ਗਿਆ, ਅਤੇ ਵਾਤਾਵਰਣ ਪ੍ਰਦੂਸ਼ਣ ਵਧਿਆ। ਲਗਾਤਾਰ ਝੋਨੇ-ਕਣਕ ਦੀ ਚੱਕਰੀ ਖੇਤੀ ਨੇ ਜ਼ਮੀਨ ਨੂੰ ਨੁਕਸਾਨ ਪਹੁੰਚਾਇਆ, ਜਿਸ ਕਾਰਨ ਕਿਸਾਨਾਂ ਨੂੰ ਵਧੇਰੇ ਖਾਦਾਂ ਅਤੇ ਦਵਾਈਆਂ ਦੀ ਲੋੜ ਪਈ, ਜਿਸ ਨੇ ਖਰਚੇ ਵਧਾ ਦਿੱਤੇ ਹਨ।

ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਨੇ ਕਿਸਾਨ ਪਰਿਵਾਰਾਂ 'ਤੇ ਵਾਧੂ ਬੋਝ ਪਾਇਆ। 1971 ਵਿੱਚ ਖੇਤੀ ਸੈਕਟਰ ਪੰਜਾਬ ਦੀ 57.3% ਆਬਾਦੀ ਨੂੰ ਰੁਜ਼ਗਾਰ ਦਿੰਦਾ ਸੀ, ਜੋ 2024 ਤੱਕ ਘਟ ਕੇ 25.6% ਰਹਿ ਗਿਆ। ਖੇਤੀ ਦੀ ਵਿਕਾਸ ਦਰ ਸਿਰਫ਼ 1.5% ਹੈ, ਜਦਕਿ ਸਮੁੱਚੀ ਅਰਥ-ਵਿਵਸਥਾ ਦੀ ਵਿਕਾਸ ਦਰ 5% ਤੋਂ ਵੱਧ ਹੈ। ਇਸ ਨੇ ਕਿਸਾਨ ਪਰਿਵਾਰਾਂ ਦੀ ਸ਼ੁੱਧ ਆਮਦਨ ਨੂੰ ਘਟਾਇਆ। ਨੌਜਵਾਨ ਵਿਦੇਸ਼ ਜਾਣ ਦੀ ਦੌੜ ਵਿੱਚ ਵੱਡੇ ਕਰਜ਼ੇ ਲੈਂਦੇ ਹਨ, ਜੋ ਪਰਿਵਾਰਾਂ 'ਤੇ ਭਾਰੀ ਪੈਂਦਾ ਹੈ।

ਸਾਮਰਾਜੀ ਕਾਰਪੋਰੇਟੀ ਮਾਡਲ ਨੇ ਕਿਸਾਨਾਂ ਨੂੰ ਵੱਡੀਆਂ ਕੰਪਨੀਆਂ 'ਤੇ ਨਿਰਭਰ ਕਰਨ ਲਈ ਮਜਬੂਰ ਕੀਤਾ। ਮਹਿੰਗੇ ਬੀਜ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੇ ਖਰਚੇ ਵਧਾਏ, ਪਰ ਫਸਲਾਂ ਦੀਆਂ ਕੀਮਤਾਂ ਨਹੀਂ ਵਧੀਆਂ। ਵੱਡੀਆਂ ਕੰਪਨੀਆਂ ਮੰਡੀਆਂ 'ਤੇ ਕਬਜ਼ਾ ਕਰਕੇ ਕਿਸਾਨਾਂ ਨੂੰ ਘੱਟ ਭਾਅ ਦਿੰਦੀਆਂ ਹਨ।

ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਕਿਸਾਨਾਂ ਦੀ ਮਦਦ ਕਰਨ ਦੀ ਬਜਾਏ ਉਨ੍ਹਾਂ ਦੀਆਂ ਮੁਸ਼ਕਿਲਾਂ ਵਧਾਈਆਂ। ਖੇਤੀ ਸਮੱਗਰੀ 'ਤੇ ਵਧੇ ਹੋਏ ਟੈਕਸ, ਸਬਸਿਡੀਆਂ ਦੀ ਘਾਟ ਅਤੇ ਬਿਨਾਂ ਜ਼ਮੀਨ ਵਾਲੇ ਕਿਸਾਨਾਂ (ਬਟਾਈਦਾਰਾਂ) ਲਈ ਕਰਜ਼ੇ ਦੀ ਸਹੂਲਤ ਦੀ ਕਮੀ ਨੇ ਸਥਿਤੀ ਨੂੰ ਹੋਰ ਗੰਭੀਰ ਕੀਤਾ।

### ਕਰਜ਼ੇ ਦੇ ਹੱਲ ਕੀ ਹੋਵੇ ?

ਪੰਜਾਬ ਦੀ ਕਿਸਾਨੀ ਨੂੰ ਕਰਜ਼ੇ ਦੇ ਬੋਝ ਤੋਂ ਬਾਹਰ ਕੱਢਣ ਲਈ ਸਰਕਾਰ ਅਤੇ ਸਮਾਜ ਨੂੰ ਸੰਯੁਕਤ ਯਤਨ ਕਰਨ ਦੀ ਲੋੜ ਹੈ। ਹੇਠ ਲਿਖੇ ਕੁਝ ਸੁਝਾਅ ਹਨ: ਸਮੁੱਚੇ ਖੇਤੀ ਵਰਗ ਦਾ ਕਰਜ਼ਾ ਮੁਆਫ ਕਰਨ ਲਈ ਕੇਂਦਰ ਸਰਕਾਰ ਨੂੰ ਵੱਡੇ ਪੈਮਾਨੇ 'ਤੇ ਨੀਤੀ ਬਣਾਉਣੀ ਚਾਹੀਦੀ ਹੈ। ਰਾਜ ਸਰਕਾਰਾਂ ਦੀ ਵਿੱਤੀ ਸਮਰੱਥਾ ਸੀਮਤ ਹੈ, ਇਸ ਲਈ ਕੇਂਦਰ ਨੂੰ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਵਿਸ਼ਵ ਬੈਂਕ, ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਅਤੇ ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਟੀ ਫੰਡਾਂ ਦੀ ਮਦਦ ਲੈਣੀ ਚਾਹੀਦੀ ਹੈ। ਬੈਂਕਾਂ ਨੂੰ ਸਮਾਜਿਕ ਭਲਾਈ ਦੀ ਮੱਦ ਅਧੀਨ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਆਦੇਸ਼ ਜਾਰੀ ਕਰਨੇ ਚਾਹੀਦੇ ਹਨ।

ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ, ਫਸਲਾਂ ਦਾ ਭਾਅ ਉਤਪਾਦਨ ਲਾਗਤ ਦਾ 50% ਵਾਧੂ (32+50%) ਹੋਣਾ ਚਾਹੀਦਾ। ਖੇਤੀ ਮਾਹਿਰ ਬਲਬੀਰ ਸਿੰਘ ਰਾਜੇਵਾਲ ਆਖਦੇ ਹਨ ਕਿ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਕਿ ਸਾਰੀਆਂ ਫਸਲਾਂ ਦੀ ਐਮਐਸਪੀ 'ਤੇ ਖਰੀਦ ਹੋਵੇ ਅਤੇ ਮੰਡੀਆਂ ਵਿੱਚ ਘੱਟ ਭਾਅ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ। ਰਾਜੇਵਾਲ ਦਾ ਕਹਿਣਾ ਹੈ ਕਿ ਖਾਦਾਂ, ਬੀਜ, ਡੀਜ਼ਲ ਅਤੇ ਕੀਟਨਾਸ਼ਕਾਂ 'ਤੇ ਸਬਸਿਡੀ ਵਧਾਉਣੀ ਚਾਹੀਦੀ ਹੈ। ਸਰਕਾਰ ਨੂੰ ਇਨ੍ਹਾਂ 'ਤੇ ਟੈਕਸ ਘਟਾਉਣੇ ਚਾਹੀਦੇ ਹਨ ਤਾਂ ਜੋ ਕਿਸਾਨਾਂ ਦੀ ਉਤਪਾਦਨ ਲਾਗਤ ਘਟੇ। ਅੰਤਰਰਾਸ਼ਟਰੀ ਬਜ਼ਾਰ ਵਿੱਚ ਖੇਤੀ ਸਮੱਗਰੀ ਦੀਆਂ ਕੀਮਤਾਂ ਘਟਣ ਦਾ ਸਿੱਧਾ ਲਾਭ ਕਿਸਾਨਾਂ ਨੂੰ ਮਿਲਣਾ ਚਾਹੀਦਾ ਹੈ।



ਖੇਤੀ ਮਾਹਿਰ ਸੁਖਪਾਲ ਸਿੰਘ ਆਖਦੇ ਹਨ ਕਿ ਪੰਜਾਬ ਵਿੱਚ ਝੋਨੇ-ਕਣਕ ਦੀ ਚੱਕਰੀ ਖੇਤੀ ਦੀ ਬਜਾਏ ਸਬਜ਼ੀਆਂ, ਫਲ, ਗੰਨਾ, ਦਾਲਾਂ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ। ਇਹ ਨਾ ਸਿਰਫ਼ ਜ਼ਮੀਨ ਦੀ ਸਿਹਤ ਸੁਧਾਰੇਗੀ, ਸਗੋਂ ਕਿਸਾਨਾਂ ਦੀ ਆਮਦਨ ਵੀ ਵਧਾਏਗੀ। ਸਰਕਾਰ ਨੂੰ ਜੈਵਿਕ ਖੇਤੀ ਲਈ ਸਿਖਲਾਈ ਅਤੇ ਸਬਸਿਡੀਆਂ ਦੇਣੀਆਂ ਚਾਹੀਦੀਆਂ ਹਨ।

ਬੈਂਕਾਂ ਨੂੰ ਕਿਸਾਨਾਂ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ ਦੇਣ ਦੀ ਵਿਵਸਥਾ ਕਰਨੀ ਚਾਹੀਦੀ ਹੈ। ਬਿਨਾਂ ਜ਼ਮੀਨ ਵਾਲੇ ਕਿਸਾਨਾਂ (ਬਟਾਈਦਾਰਾਂ) ਨੂੰ ਵੀ ਕਰਜ਼ੇ ਦੀ ਸਹੂਲਤ ਮਿਲਣੀ ਚਾਹੀਦੀ ਹੈ। ਸਰਕਾਰ ਨੂੰ ਸਹਿਕਾਰੀ ਬੈਂਕਾਂ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਮੁਤਾਬਕ ਕਰਜ਼ਾ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

### ਪੰਜਾਬ ਵਿੱਚ ਖੇਤੀ ਇੰਡਸਟਰੀ ਦੀ ਘਾਟ

ਪੰਜਾਬ ਵਿੱਚ ਖੇਤੀ-ਆਧਾਰਿਤ ਇੰਡਸਟਰੀ ਦੀ ਕਮੀ ਕਈ ਮੁਸ਼ਕਿਲਾਂ ਦਾ ਕਾਰਨ ਬਣੀ ਹੋਈ ਹੈ। ਪੰਜਾਬ ਵਿੱਚ ਖੇਤੀ-ਆਧਾਰਿਤ ਉਦਯੋਗ ਜਿਵੇਂ ਫੂਡ ਪ੍ਰੋਸੈਸਿੰਗ, ਡੇਅਰੀ ਅਤੇ ਜੈਵਿਕ ਉਤਪਾਦਾਂ ਦੀਆਂ ਇਕਾਈਆਂ ਸਥਾਪਤ ਕਰਨ ਲਈ ਸਰਕਾਰੀ ਨਿਵੇਸ਼ ਅਤੇ ਸਹੂਲਤਾਂ ਦੀ ਘਾਟ ਹੈ। ਖੇਤੀ ਉਤਪਾਦਾਂ ਦੀ ਸਟੋਰੇਜ, ਟਰਾਂਸਪੋਰਟ ਅਤੇ ਮਾਰਕੀਟਿੰਗ ਲਈ ਢੁਕਵੇਂ ਸਾਧਨਾਂ ਦੀ ਕਮੀ ਹੈ। ਕੋਲਡ ਸਟੋਰੇਜ, ਪ੍ਰੋਸੈਸਿੰਗ ਯੂਨਿਟਸ ਅਤੇ ਆਧੁਨਿਕ ਮੰਡੀਆਂ ਦੀ ਘਾਟ ਕਾਰਨ ਕਿਸਾਨਾਂ ਨੂੰ ਫਸਲਾਂ ਦੀ ਸਮੇਂ ਸਿਰ ਵਿਕਰੀ ਵਿੱਚ ਮੁਸ਼ਕਿਲ ਆਉਂਦੀ ਹੈ। ਵੱਡੀਆਂ ਕਾਰਪੋਰੇਟ ਕੰਪਨੀਆਂ ਨੇ ਖੇਤੀ ਉਤਪਾਦਾਂ ਦੀ ਖਰੀਦ ਅਤੇ ਵਿਕਰੀ 'ਤੇ ਕਬਜ਼ਾ ਕਰ ਲਿਆ ਹੈ। ਇਹ ਕੰਪਨੀਆਂ ਘੱਟ ਭਾਅ 'ਤੇ ਉਤਪਾਦ ਖਰੀਦਦੀਆਂ ਹਨ, ਜਿਸ ਨਾਲ ਸਥਾਨਕ ਪੱਧਰ 'ਤੇ ਛੋਟੇ ਉਦਯੋਗਾਂ ਦਾ ਵਿਕਾਸ ਨਹੀਂ ਹੋ ਪਾਉਂਦਾ। ਹੁਸੈਨੀਵਾਲਾ ਅਤੇ ਵਾਘਾ ਬਾਰਡਰ 'ਤੇ ਵਪਾਰਕ ਸੀਮਤਤਾਵਾਂ ਨੇ ਪੰਜਾਬ ਦੀ ਕਿਸਾਨੀ 'ਤੇ ਡੂੰਘਾ ਅਸਰ ਪਾਇਆ ਹੈ। ਪਹਿਲਾਂ ਪੰਜਾਬ ਦੇ ਕਿਸਾਨ ਸਬਜ਼ੀਆਂ, ਚੌਲ ਅਤੇ ਹੋਰ ਖੇਤੀ ਉਤਪਾਦ ਪਾਕਿਸਤਾਨ ਨੂੰ ਸਪਲਾਈ ਕਰਦੇ ਸਨ, ਪਰ ਹੁਣ ਇਹ ਮੰਡੀਆਂ ਲਗਭਗ ਬੰਦ ਹੋ ਗਈਆਂ ਹਨ।

### ਵਪਾਰ ਬੰਦ ਹੋਣ ਕਾਰਨ ਕਿਸਾਨਾਂ ਦੀ ਆਮਦਨ 'ਤੇ ਸਿੱਧਾ ਅਸਰ ਪਿਆ।

### ਸਰਕਾਰ ਨੂੰ ਕੀ ਕਰਨਾ ਚਾਹੀਦਾ ?

ਸਰਕਾਰ ਨੂੰ ਖੇਤੀ ਸੁਧਾਰਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ। ਐਮਐਸਪੀ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਲਾਗੂ ਕਰਨਾ, ਸਬਸਿਡੀਆਂ ਵਧਾਉਣਾ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਸਰਕਾਰ ਨੂੰ ਫੂਡ ਪ੍ਰੋਸੈਸਿੰਗ, ਡੇਅਰੀ ਅਤੇ ਜੈਵਿਕ ਉਤਪਾਦਾਂ ਦੀਆਂ ਇਕਾਈਆਂ ਸਥਾਪਤ ਕਰਨ ਲਈ ਸਬਸਿਡੀਆਂ ਅਤੇ ਸਹੂਲਤਾਂ ਦੇਣੀਆਂ ਚਾਹੀਦੀਆਂ। ਕੋਲਡ ਸਟੋਰੇਜ, ਆਧੁਨਿਕ ਮੰਡੀਆਂ ਅਤੇ ਟਰਾਂਸਪੋਰਟ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਭਾਰਤ-ਪਾਕਿਸਤਾਨ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਤਾਂ ਜੋ ਵਾਘਾ ਬਾਰਡਰ 'ਤੇ ਵਪਾਰ ਮੁੜ ਸ਼ੁਰੂ ਹੋ ਸਕੇ।

# ਯਾਦਗਾਰੀ ਹੋਣਗੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮ : ਕਾਲਕਾ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਨੂੰ ਲੈ ਕੇ ਸੰਗਤਾਂ ਵਿੱਚ ਬਹੁਤ ਸ਼ਰਧਾ ਅਤੇ ਸਤਿਕਾਰ ਹੈ ਅਤੇ ਇਹ ਸਮਾਗਮ ਹਮੇਸ਼ਾ ਸੰਗਤਾਂ ਨੂੰ ਯਾਦ ਰਹਿਣਗੇ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਮੁੱਖ ਦਰਬਾਰ ਸਾਹਿਬ ਦਾ ਸੁੰਦਰੀਕਰਨ ਕੀਤੇ ਜਾਣ ਤੋਂ ਬਾਅਦ ਇਸ ਨੂੰ ਸੰਗਤਾਂ ਨੂੰ ਸਮਰਪਿਤ ਕਰਨ ਮੌਕੇ ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਹਰਮੀਤ ਸਿੰਘ ਕਾਲਕਾ ਅਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਮਹਾਂਪੁਰਖ ਸੰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵੱਲੋਂ ਵਰੋਸਾਏ ਸੰਤ ਬਾਬਾ ਬਚਨ ਸਿੰਘ ਜੀ ਤੇ ਉਹਨਾਂ ਦੀ ਟੀਮ ਨੇ ਮੁੱਖ ਹਾਲ ਦੇ ਸੁੰਦਰੀਕਰਨ ਦੀ ਇਹ ਸੇਵਾ ਸੰਪੰਨ ਕੀਤੀ ਹੈ। ਉਹਨਾਂ ਦੱਸਿਆ ਕਿ ਬਾਬਾ ਬਚਨ ਸਿੰਘ ਜੀ ਵੱਲੋਂ ਦਿੱਲੀ ਕਮੇਟੀ ਦੇ ਵੱਖ-ਵੱਖ ਕਾਰਜਾਂ ਵਿੱਚ ਕਾਰ ਸੇਵਾ ਰਾਹੀਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ ਜਿਸ ਵਿਚ ਮੁਲਾਜ਼ਮਾਂ ਲਈ ਕੁਆਰਟਰ, ਬਾਲਾ ਸਾਹਿਬ ਹਸਪਤਾਲ ਦੀ ਸੇਵਾ ਸਮੇਤ ਵੱਖ-ਵੱਖ ਕਾਰਜ ਸ਼ਾਮਲ ਹਨ।



ਉਹਨਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਇਹ ਕਾਰਜ ਹਮੇਸ਼ਾ ਨੇਪਰੇ ਚੜ੍ਹੇ ਹਨ ਅਤੇ ਭਵਿੱਖ ਵਿੱਚ ਵੀ ਚੜ੍ਹਨਗੇ ਕਿਉਂਕਿ ਸੰਗਤਾਂ ਹਮੇਸ਼ਾ ਦਸਵੰਧ ਦਾ ਯੋਗਦਾਨ ਪਾ ਕੇ ਇਹਨਾਂ ਕਾਰਜਾਂ ਨੂੰ ਨੇਪਰੇ ਚੜ੍ਹਾਉਂਦੀਆਂ ਹਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਗੱਲ ਕਰਦਿਆਂ ਪ੍ਰਧਾਨ ਕਾਲਕਾ ਤੇ ਜਨਰਲ ਸਕੱਤਰ ਕਾਹਲੋਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੀ ਲੜੀ ਜੋ ਚਲ ਰਹੀ ਹੈ, ਉਸਦਾ ਭੋਗ ਤਾਂ ਲਾਲ ਕਿਲ੍ਹੇ 'ਤੇ ਪਵੇਗਾ ਹੀ ਬਲਕਿ ਲਾਲ ਕਿਲ੍ਹੇ 'ਤੇ ਲਗਾਤਾਰ ਅਜਿਹੇ ਸਮਾਗਮ ਹੋਣਗੇ ਜੋ ਸੰਗਤਾਂ ਲਈ ਹਮੇਸ਼ਾ ਯਾਦਗਾਰੀ ਰਹਿਣਗੇ। ਉਹਨਾਂ ਕਿਹਾ ਕਿ 24, 25 ਅਤੇ 26 ਨਵੰਬਰ ਨੂੰ ਵਿਸ਼ੇਸ਼ ਸਮਾਗਮ ਰੱਖੇ ਗਏ ਹਨ। ਇਸੇ ਦੇ ਨਾਲ ਹੀ ਸਰਬ ਧਰਮ ਸੰਮੇਲਨ ਵੀ ਰੱਖਿਆ ਗਿਆ ਹੈ ਜਿਸ ਵਿੱਚ ਵੱਖ-ਵੱਖ ਧਰਮਾਂ ਦੇ ਆਗੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਬਾਰੇ ਆਪੋ-ਆਪਣੇ ਵਿਚਾਰ ਸੰਗਤਾਂ ਨਾਲ ਸੰਬੋਧਨ ਕਰਨਗੇ। ਉਹਨਾਂ ਦੱਸਿਆ ਕਿ ਇਸੇ ਤਰੀਕੇ ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਨਗਰ ਕੀਰਤਨ ਸਜਾਇਆ ਹੈ। ਇਸਦੇ ਨਾਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਵੀ ਨਗਰ ਕੀਰਤਨ ਦਿੱਲੀ ਤੱਕ ਸਜਾਏ ਜਾ ਰਹੇ ਹਨ।

ਉਹਨਾਂ ਕਿਹਾ ਕਿ ਸਾਰੇ ਸਮਾਗਮਾਂ ਨੂੰ ਲੈ ਕੇ ਸੰਗਤਾਂ ਵਿੱਚ ਬਹੁਤ ਹੀ ਸ਼ਰਧਾ ਤੇ ਸਤਿਕਾਰ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਭਰੋਸਾ ਹੈ ਕਿ ਇਹ ਸਮਾਗਮ ਚਿਰ ਕਾਲੀ ਯਾਦਗਾਰੀ ਰਹਿਣਗੇ। ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਇਹ ਬਹੁਤ ਹੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਕੌਮ ਦੀਆਂ ਵੱਖ-ਵੱਖ ਸੰਸਥਾਵਾਂ ਨੇ ਇਹ ਸਮਾਗਮ ਆਯੋਜਿਤ ਕਰਨ ਵਾਸਤੇ ਕੌਮ ਦੀਆਂ ਵੱਖ-ਵੱਖ ਸੰਸਥਾਵਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਵੱਡਮੁੱਲਾ ਸਹਿਯੋਗ ਦੇਣ ਵਾਸਤੇ ਉਚੇਚੇ ਤੌਰ 'ਤੇ ਭਰੋਸਾ ਦੁਆਇਆ ਹੈ ਤੇ ਉਹ ਆਸ ਕਰਦੇ ਹਨ ਕਿ ਇਹ ਸਮਾਗਮ ਯਾਦਗਾਰੀ ਰਹਿਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

### ਗਿਆਨੀ ਹਰਪ੍ਰੀਤ ਸਿੰਘ ਭਰਤੀ ਕਮੇਟੀ ਵੱਲੋਂ ਗਠਿਤ ਅਕਾਲੀ ਦਲ ਦੇ ਪ੍ਰਧਾਨ ਬਣੇ

ਕਈ ਵਾਰ ਜਦੋਂ ਅਸੀਂ ਕਿਸੇ ਸ਼ਹਿਰ ਦੇ ਵਿਚੋਂ ਲੰਘ ਰਹੇ ਹੁੰਦੇ ਹਾਂ ਤਾਂ ਬਹੁਤ ਸਾਰੇ ਢਾਬਿਆਂ ਤੇ ਰੈਸਟੋਰੈਂਟਾਂ 'ਤੇ ਜਾਂ ਰੇਹੜੀਆਂ 'ਤੇ ਲਿਖਿਆ ਹੁੰਦਾ ਹੈ ਕਿ ਅਸਲੀ ਤੇ ਪੁਰਾਣਾ ਢਾਬਾ ਇਹ ਹੈ। ਇਹ ਗੱਲ ਲਿਖੀ ਹੋਈ ਹਰ ਤੀਜੀ ਰੇਹੜੀ ਜਾਂ ਦੁਕਾਨ 'ਤੇ ਮਿਲ ਜਾਵੇਗੀ। ਲੋਕ ਉਲਝ ਜਾਂਦੇ ਨੇ ਕਿ ਅਸਲੀ ਕਿਹੜਾ? ਕੁੱਝ ਇਸ ਤਰ੍ਹਾਂ ਦੀ ਉਲਝਣ ਵਿੱਚ ਹੀ ਲੋਕ ਉਸ ਸਮੇਂ ਉਲਝ ਗਏ ਜਦੋਂ ਅਕਾਲੀ ਸਿਆਸਤ ਦੇ ਵਿੱਚ ਇੱਕ ਵੱਡਾ ਤੇ ਸਿਆਸੀ ਮੋੜ ਆਇਆ। ਜਦੋਂ ਰਹਿ ਚੁੱਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਦਲ ਦਾ ਦਾਅਵਾ ਸੁਖਬੀਰ ਬਾਦਲ ਕੋਲ ਪਹਿਲਾਂ ਤੋਂ ਹੈ। ਤੇ ਹੁਣ ਗਿਆਨੀ ਹਰਪ੍ਰੀਤ ਸਿੰਘ ਵੀ ਅਕਾਲੀ ਦਲ ਦੇ ਦਾਅਵੇਦਾਰ ਬਣ ਗਏ ਹਨ। ਲੋਕ ਸੋਚ ਰਹੇ ਹਨ ਕਿ ਅਸਲੀ ਕੌਣ ? ਕਦੇ ਇਕੱਠੇ ਤੇ ਇੱਕ ਦੂਜੇ ਦੇ ਰਾਜ਼ਦਾਰ, ਇੱਕ ਦੂਜੇ ਦੇ ਪਰਦੇ ਕੱਜਣ ਵਾਲੇ ਅੱਜ ਇੱਕ ਦੂਜੇ ਦੇ ਸਾਹਮਣੇ ਅੜੇ ਖੜੇ ਨੇ। ਜਾਂ ਇੰਝ ਕਹਿ ਲਓ ਕਿ ਖੜੇ ਕਰ ਦਿੱਤੇ ਗਏ ਨੇ। ਵੈਸੇ ਕੁਝ ਕੁ ਲੋਕਾਂ ਨੇ ਇਸ ਨੂੰ ਇਤਿਹਾਸਕ ਫ਼ੈਸਲਾ ਕਿਹਾ। ਇਸ ਦਾ ਵੀ ਕਾਰਨ ਇਹ ਹੈ ਕਿ ਪੰਜਾਬੀਆਂ ਨੂੰ ਹਰ ਨਵੇਂ ਚਿਹਰੇ ਤੋਂ ਆਸ ਬੱਝਦੀ ਹੈ। ਜਿਵੇਂ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਬਿਹਤਰੀ ਅਤੇ ਦੂਜਿਆਂ ਨਾਲੋਂ ਵੱਖਰਾ ਤੇ ਕੁਝ ਨਵੇਂ ਰੂਪ ਵਿੱਚ ਤੁਹਾਡੇ ਸਾਹਮਣੇ ਪੇਸ਼ ਹੋਵਾਂਗੇ। ਪਰ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਲੋਕ ਗੱਲਾਂ ਨਹੀਂ ਸੁਣਨਾ ਚਾਹੁੰਦੇ। ਇੱਕ ਦੂਜੇ 'ਤੇ ਦੂਸ਼ਣਬਾਜ਼ੀ ਵਾਲਾ ਡਰਾਮਾ ਨਹੀਂ ਵੇਖਣਾ ਚਾਹੁੰਦੇ, ਤੋਹਮਤਬਾਜ਼ੀ ਤੋਂ ਲੋਕ ਹੁਣ ਨਫ਼ਰਤ ਕਰਨ ਲੱਗੇ ਨੇ। ਉਹ ਸੋਚਦੇ ਨੇ ਜੋ ਕਹਿੰਦੇ ਹੋ ਉਹ ਕਰੋ ਵੀ। ਛੱਜ ਵਿੱਚ ਪਾ ਕੇ ਜਦੋਂ ਸਿਆਸਤਦਾਨ ਇੱਕ ਦੂਜੇ ਨੂੰ ਛੱਟਦੇ ਨੇ, ਹਾਲਾਂ ਕਿ ਉਹ ਇਸ ਗੱਲ ਨਾਲ ਲੋਕਾਂ ਦਾ ਧਿਆਨ ਖਿੱਚਣਾਂ ਚਾਹੁੰਦੇ ਨੇ ਪਰ ਲੋਕਾਂ ਦਾ ਇਹਨਾਂ ਗੱਲਾਂ ਤੋਂ ਮੋਹ ਭੰਗ ਹੋਇਆ ਹੈ। ਲੋਕ ਜਾਣਦੇ ਨੇ ਕਿ ਸੁਖਬੀਰ ਬਾਦਲ ਨੇ ਪੰਜਾਬ ਦੇ ਨਾਲ ਕਿੰਨੇ ਕੁ ਘਾਟੇ ਵਾਲੇ ਸੌਦੇ ਕੀਤੇ ਨੇ, ਉਹਨਾਂ ਨੂੰ ਪਤਾ ਹੈ ਕਿ ਕਾਂਗਰਸ ਨੇ ਉਹਨਾਂ ਦੀ ਦੁਖਦੀ ਰਗ 'ਤੇ ਕਿਵੇਂ ਹੱਥ ਰੱਖਿਆ ਸੀ। ਤੇ ਉਹ ਇਹ ਵੀ ਸਮਝਦੇ ਨੇ ਕਿ ਅਮਰਿੰਦਰ ਸਿੰਘ ਵਰਗੇ ਸਿਆਸਤਦਾਨ ਕਿਵੇਂ ਗੁਟਕਾ ਸਾਹਿਬ 'ਤੇ ਹੱਥ ਰੱਖ ਕੇ ਵੋਟਾਂ ਖਾਤਰ ਝੂਠੀ ਸਹੁੰ ਖਾ ਜਾਂਦੇ ਨੇ। ਲੋਕ ਆਪਣੀ ਉਸ ਭੁੱਲ ਤੋਂ ਵੀ ਵਾਕਫ਼ ਨੇ ਜਦੋਂ ਉਹਨਾਂ ਨੇ ਆਮ ਆਦਮੀ ਪਾਰਟੀ ਨੂੰ ਪੰਜਾਬ ਹਿਤੈਸ਼ੀ ਮੰਨ ਕੇ ਚੁਣਿਆ ਸੀ। ਸੋ ਜੋ ਗੱਲਾਂ ਉਹ ਪਹਿਲਾਂ ਤੋਂ ਜਾਣਦੇ ਨੇ, ਉਹੀ ਕਿਉਂ ਦੱਸੀਆਂ ਜਾ ਰਹੀਆਂ ਨੇ। ਲੋਕਾਂ ਨੂੰ ਇਹ ਦੱਸੋ ਕਿ ਨਵਾਂ ਕੀ ਹੈ ? ਕਿਵੇਂ ਕਰਨਾ ਹੈ ? ਕਰੋਗੇ ਕਿ ਨਹੀਂ ? ਤੇ ਕਦੋਂ ਕਰੋਗੇ ? ਬੱਸ ਲੋਕ ਜ਼ਮੀਨੀ ਪੱਧਰ 'ਤੇ ਕੰਮ ਚਾਹੁੰਦੇ ਹਨ। ਉਹ ਆਪਣੀ ਸੁਰੱਖਿਆ ਭਾਲਦੇ ਹਨ। ਆਪਣੇ ਜੰਮਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਆਪਣੀ ਹੀ ਜੰਮਣ ਭੋਂਇ 'ਤੇ ਵੱਧਦਾ ਫੁਲਦਾ ਵੇਖਣਾ ਚਾਹੁੰਦੇ ਨੇ ।

ਗਿਆਨੀ ਹਰਪ੍ਰੀਤ ਸਿੰਘ ਨੂੰ ਜ਼ਿੰਮੇਵਾਰੀ ਸੰਭਾਲਨ ਤੋਂ ਬਾਅਦ ਪੰਥ ਨੂੰ ਸੰਬੋਧਿਤ ਹੋਣਾ ਚਾਹੀਦਾ ਸੀ ਕਿ ਤੁਹਾਡੇ ਨਾਲ ਆਹ ਧੋਖਾ ਹੋਇਆ ਹੈ, ਹੌਂਸਲਾ ਰੱਖੋ, ਅਸੀਂ ਸਭ ਠੀਕ ਕਰਾਂਗੇ ਪਰ ਉਹਨਾਂ ਨੇ ਤਾਂ ਚੁੱਲ੍ਹੇ ਤਿੜਕਣ ਦੀਆਂ ਤੇ ਸਟੈਂਡ ਖੋਹ ਲੈਣ ਦੀਆਂ ਗੱਲਾਂ ਕੀਤੀਆਂ ਭਾਂਵੇਂ ਕਿ ਉਹਨਾਂ ਨੇ ਦਫ਼ਤਰ ਤੇ ਚੋਣ ਨਿਸ਼ਾਨ ਦੀ ਗੱਲ ਕੀਤੀ ਸੀ ਪਰ ਸੂਝਵਾਨ ਲੀਡਰ ਦੀ ਬੋਲਬਾਣੀ ਨਹੀਂ ਸੀ ਲੱਗਦੀ। ਕੌਮ ਦੇ ਜ਼ਖ਼ਮਾਂ ਦੇ ਲਈ ਸ਼ਬਦਾਂ ਰੂਪੀ ਮੱਲ੍ਹਮ ਲਗਾਉਣੀ ਚਾਹੀਦੀ ਸੀ। ਇੱਕ ਨਵੀਂ ਲਕੀਰ ਖਿੱਚਣ ਦੀ ਬਾਤ ਪਾਉਣੀ ਚਾਹੀਦੀ ਸੀ ਪਰ ਉਹਨਾਂ ਦੀ ਬੋਲਬਾਣੀ ਤੋਂ ਤਾਂ ਪੁਰਾਣੀ ਲਕੀਰ ਨੂੰ ਮਿਟਾਉਣ ਦੀ ਮੰਸ਼ਾ ਨਜ਼ਰ ਆ ਰਹੀ ਸੀ। ਚੋਣ ਨਿਸ਼ਾਨ, ਦਫ਼ਤਰ ਤੇ ਸਿੰਘ ਸਾਹਿਬ ਦੇ ਕਹਿਣ ਮੁਤਾਬਕ ਸਟੈਂਡ ਕੋਈ ਸਿਆਸੀ ਤਾਕਤ ਨਹੀਂ ਹੈ। ਅਸਲ ਤਾਕਤ ਲੋਕਾਂ ਦਾ ਹੁੰਗਾਰਾ ਹੈ। ਅਸਲ ਤਾਕਤ ਲੋਕਾਂ ਦਾ ਯਕੀਣ ਜਿੱਤਣਾ ਹੈ। ਚੋਣ ਨਿਸ਼ਾਨ ਤੇ ਨਾਮ ਦੋਵੇਂ ਹੀ ਬਹੁਤ ਮਹੱਤਵਪੂਰਨ ਨੇ ਪਰ ਦੋਵੇਂ ਸਭ ਕੁਝ ਵੀ ਨਹੀਂ। ਜੇ ਚੋਣ ਨਿਸ਼ਾਨ ਦੇ ਵਿੱਚ ਵੀ ਏਨੀ ਤਾਕਤ ਹੁੰਦੀ ਤਾਂ ਸੁਖਬੀਰ ਬਾਦਲ ਦੀ ਪਾਰਟੀ ਕਦੇ ਸੱਤਾਹੀਣ ਨਾ ਹੁੰਦੀ।

ਲੋਕਾਂ ਦੀਆਂ ਭਾਵਨਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਨੇ। ਜੋ ਵੀ ਅਕਾਲੀ ਦਲ ਅਕਾਲ ਤਖ਼ਤ ਸਾਹਿਬ ਨੂੰ ਸਿਰ ਨਿਵਾਏਗਾ, ਲੋਕਾਂ ਨੂੰ ਉਹੀ ਅਕਾਲੀ ਦਲ ਪ੍ਰਵਾਨ ਹੋਵੇਗਾ। ਅਕਾਲੀ ਦਲ ਲਫ਼ਜ਼ ਕੋਈ ਛੋਟਾ ਨਹੀਂ ਹੈ। ਸੌ ਸਾਲ ਪੁਰਾਣਾ ਇਤਿਹਾਸ ਇਸ ਦੇ ਨਾਲ ਜੁੜਿਆ ਹੋਇਆ ਹੈ। ਅਕਾਲੀ ਦਲ ਦੀ ਉੱਚਤਾ, ਸਮੁੱਚਤਾ ਤੇ ਸਮਰਪਣ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਜਿੰਨਾ ਨੇ ਇਸ ਦੀ ਨੀਂਹ ਮਜ਼ਬੂਤ ਕੀਤੀ ਸੀ, ਉਹਨਾਂ ਨੇ ਤਾਂ ਕਦੇ ਗੁਰਦੁਆਰਾ ਸਾਹਿਬ ਦੇ ਲੰਗਰ ਵਿਚੋਂ ਲੰਗਰ ਵੀ ਨਹੀਂ ਸੀ ਛਕਿਆ। ਏਨਾ ਸਮਰਪਣ ਸੀ। ਕੀ ਕੋਈ ਏਨੀ ਸ਼ਿੱਦਤ ਨਾਲ ਅਕਾਲੀ ਦਲ ਦੀ ਪੈਰਵਾਈ ਕਰ ਸਕਦਾ ਹੈ ? ਖ਼ੈਰ ਸਿੰਘ ਸਾਹਿਬ ਨੇ ਇਹ ਗੱਲ ਵੀ ਕਹੀ ਕਿ ਅਕਾਲੀ ਦਲ ਉਹ ਜੋ ਲੋਕਾਂ ਨੂੰ ਪ੍ਰਵਾਨਿਤ ਹੋਵੇ। ਬਿਲਕੁਲ ਸਹੀ ਕਿਹਾ ਭਾਂਵੇਂ ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਿਕ ਨਵੀਂ ਪਾਰਟੀ ਬਣੀ ਹੈ ਪਰ ਕੁਝ ਸੰਜੀਦਾ ਲੋਕਾਂ ਦੀ ਸੋਚ ਇਹ ਹੈ ਕਿ ਇਹ ਅਕਾਲੀ ਦਲ ਨਵਾਂ ਹੋ ਕੇ ਵੀ ਨਵਾਂ ਨਹੀਂ ਲੱਗ ਰਿਹਾ।

ਗੱਲਾਂ ਇਹ ਵੀ ਚਰਚਾ ਵਿੱਚ ਨੇ ਕਿ ਸਿੰਘ ਸਾਹਿਬ ਭਾਜਪਾ ਨਾਲ ਮਿਲੇ ਹੋਏ ਨੇ। ਜੇ ਗੱਲ ਚੰਗੇ ਪੱਖ ਤੋਂ ਲਈ ਜਾਵੇ ਤਾਂ ਸੋਚੋ ਕਿ ਉਹ ਭਾਜਪਾ ਜੋ ਕਿਸੇ ਅੱਗੇ ਗੋਡੇ ਵੀ ਨਹੀਂ ਟੇਕਦੀ, ਉਹ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਣ ਲਈ ਦਿੱਲੀ ਤੋਂ ਪੰਜਾਬ ਆ ਜਾਂਦੇ ਨੇ। ਇਹੋ ਜਿਹੀਆ ਮਿਲਣੀਆਂ ਨੂੰ ਜੇ ਸਹੀ ਪੱਖ ਤੋਂ ਵੇਖਿਆ ਜਾਵੇ ਤਾਂ ਉਹ ਭਾਜਪਾ ਤੋਂ ਪੰਜਾਬ ਦੇ ਲਈ ਕਾਫ਼ੀ ਕੁਝ ਕਰਵਾ ਸਕਦੇ ਹਨ। ਹਾਂ, ਇਸ ਦੇ ਵਿੱਚ ਕੋਈ ਸੌਦੇਬਾਜ਼ੀ ਨਹੀਂ ਹੋਣੀ ਚਾਹੀਦੀ। ਤੁਹਾਨੂੰ ਯਾਦ ਹੋਣਾ ਤੇ ਇਤਿਹਾਸ ਗਵਾਹ ਹੈ ਕਿ ਪੁਰਾਣੇ ਅਕਾਲੀ ਆਗੂ ਦਿੱਲੀ ਨੂੰ ਝੁਕਾਉਣ ਦੀ ਤਾਕਤ ਰੱਖਦੇ ਸਨ ਪਰ ਉਹਨਾਂ ਨੇ ਪੰਜਾਬ ਨੂੰ ਕਦੇ ਗਹਿਣੇ ਨਹੀਂ ਸੀ ਪਾਇਆ ਤੇ ਇਹੀ ਤਵੱਕੋ ਅਸੀਂ ਸਿੰਘ ਸਾਹਿਬ ਤੋਂ ਰੱਖਦੇ ਹਾਂ। ਇੱਕ ਗੱਲ ਹੋਰ ਇਹ ਨਾ ਹੋਵੇ ਕਿ ਦੋਵੇਂ ਅਕਾਲੀ ਦਲ ਆਪਸ ਦੇ ਵਿੱਚ ਮਿਹਣੋ ਮਿਹਣੀ ਹੁੰਦੇ ਰਹਿਣ। ਤੁਸੀਂ ਲੋਕਾਂ ਨੂੰ ਮਹਿਸੂਸ ਕਰਵਾਓ ਕਿ ਤੁਸੀਂ ਪੰਜਾਬ ਨੂੰ ਅੱਗੇ ਲਿਜਾਉਣ ਦੇ ਸਮਰਥ ਹੋ। ਲੋਕਾਂ ਵਿੱਚ ਜਾਓ। ਮਹਿਸੂਸ ਹੀ ਨਹੀਂ ਕੰਮ ਕਰਕੇ ਵੀ ਦਿਖਾਓ ਕਿਉਂਕਿ ਦੁਚਿੱਤੀ ਦੇ ਵਿੱਚ ਪਏ ਲੋਕ ਸਮੇਂ ਦੀ ਉਡੀਕ ਕਰ ਰਹੇ ਨੇ ਕਿ ਕੌਣ ਪੰਥ ਤੇ ਪੰਜਾਬ ਦੇ ਲਈ ਨਿਤਰੇਗਾ ?

ਇਹ ਗੱਲ ਲੋਕਾਂ 'ਤੇ ਛੱਡ ਦਿਓ ਕਿ ਲੋਕ ਕਿਹੜੇ ਅਕਾਲੀ ਦਲ ਨੂੰ ਪ੍ਰਵਾਨ ਕਰਨਗੇ ? ਆਖ਼ਰੀ ਫ਼ੈਸਲਾ ਸਿੱਖ ਪੰਥ ਤੇ ਪੰਜਾਬੀਆਂ ਨੇ ਕਰਨਾ ਹੈ। ਪੰਜਾਬ 'ਤੇ ਕੈਰੀ ਅੱਖ ਬਹੁਤਿਆਂ ਦੀ ਹੈ। ਇਸ ਦੀ ਖੁਸ਼ਹਾਲੀ ਨੂੰ ਅੱਖ ਪਲਕਾਰੇ ਦੇ ਵਿੱਚ ਹਰ ਕੋਈ ਹੜੱਪਣਾ ਚਾਹੁੰਦਾ ਹੈ ਤੇ ਪੰਜਾਬ ਦੇ ਸਬਰ ਨੂੰ ਵਾਰ ਵਾਰ ਪਰਖ਼ਿਆ ਜਾਂਦਾ ਹੈ। ਸਿਆਣਪ ਤਾਂ ਇਸੇ ਵਿੱਚ ਹੀ ਹੈ ਕਿ ਇਕੱਠੇ ਹੋ ਕੇ ਤੁਸੀਂ ਤਰ ਜਾਓਗੇ, ਨਹੀਂ ਤਾਂ ਸ਼ਿਕਾਰੀ ਤਾਂ ਜਾਲ ਚੁੱਕੀ ਫਿਰਦੇ ਨੇ ਤੁਹਾਨੂੰ ਫਸਾਉਣ ਦੇ ਲਈ। ਸਿਆਣਪ ਕਰੋ, ਇਕੱਠੇ ਹੋਵੋ, ਦੁਸ਼ਮਣ ਨੂੰ ਵਿੱਥ ਨਾ ਦੇਵੋ ਤੇ ਦੁਸ਼ਮਣ ਦੇ ਜਾਲ ਨੂੰ ਕਬੂਤਰਾਂ ਦੀ ਏਕਤਾ ਵਾਂਗੂੰ ਲੈ ਉੱਡੋ।

# ਸਿੱਖ ਧਰਮ ਦੇ ਇਤਿਹਾਸ, ਚੁਣੌਤੀਆਂ ਅਤੇ ਭਵਿੱਖ ਦੀ ਰਣਨੀਤੀ



ਇਕਬਾਲ ਸਿੰਘ ਲਾਲਪੁਰਾ
9780003333

ਸ਼੍ਰੀ ਗੁਰੂ ਨਾਨਕ ਦੇਵ ਜੀ ਆਪ ਅਕਾਲ ਰੂਪ ਸਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਆਮ ਮਾਨਸ ਨੂੰ ਦੇਵਤੇ ਬਣਾ ਕੇ ਗੁਲਾਮੀ ਦੀ ਥਾਂ ਗ਼ੈਰਤ ਨਾਲ ਜਿਉਣ ਦੀ ਪ੍ਰੇਰਨਾ ਦਿੱਤੀ। ਸ਼੍ਰੀ ਗੁਰੂ ਨਾਨਕ ਦੇਵ ਦੇ ਅਨੁਯਾਈ ਸਿੱਖ ਅਖਵਾਉਂਦੇ ਹਨ। ਸ਼੍ਰੀ ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਕਰਮ ਕਾਂਡ ਤੋਂ ਦੂਰ ਅਧਿਆਤਮਵਾਦ ਹੈ, ਜਿਸ ਵਿੱਚ ਗਿਆਨ ਰਾਹੀਂ ਅੰਦਰ ਦਾ ਦੀਵਾ ਜਗਾਉਣ ਤੇ ਮਨੁੱਖਤਾ ਦੀ ਸੇਵਾ ਹੀ ਅਕਾਲ ਪੁਰਖ ਨਾਲ ਇੱਕ-ਮਿਕ ਹੋਣ ਦੀ ਵਿਧੀ ਹੈ। ਸਿੱਖੀ ਦੇ ਪ੍ਰੇਮ ਮਾਰਗ ਤੇ ਚੱਲਣ ਵਾਲੇ ਲਈ ਸਿਰ ਤਲੀ 'ਤੇ ਰੱਖਣ ਦੀ ਪੁਕਾਰ ਵੀ ਹੈ।

ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਤੱਕ, ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਸ਼੍ਰੀ ਗੁਰੂ ਨਾਨਕ ਦੇਵ ਵਿੱਚ ਅਭੇਦ ਕਰ ਕੇ ਇਸ ਫ਼ਲਸਫ਼ੇ ਨੂੰ ਅੱਗੇ ਤੋਰਿਆ। ਇਸ ਲਈ ਭਾਵੇਂ ਆਪਣੀ ਸ਼ਹਾਦਤ ਦੇਣੀ ਪਈ। ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਣਾਏ ਦੇਵਤਿਆਂ ਨੂੰ ਆਪਣੇ ਪੁੱਤਰ - ਪੁੱਤਰੀਆਂ ਤੇ ਅਕਾਲ ਪੁਰਖ ਦੀ ਫ਼ੌਜ ਦੇ ਸਿਪਾਹੀ ਬਣਾ ਕੇ ਮਨੁੱਖਤਾ ਦੀ ਰਾਖੀ ਦੀ ਜ਼ਿੰਮੇਵਾਰੀ ਦੇ ਦਿੱਤੀ।

ਇਨ੍ਹਾਂ ਜਾਤ-ਪਾਤ ਰਹਿਤ, ਕੇਵਲ ਇੱਕ ਅਕਾਲ ਦੇ ਪੁਜਾਰੀਆਂ ਨੇ, ਦੇਸ਼ ਦੀ ਕਰੀਬ ਇੱਕ ਹਜ਼ਾਰ ਸਾਲ ਦੀ ਗੁਲਾਮੀ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖ਼ਤਮ ਕਰ, 1710 ਦੀ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ। ਇਹ ਰਾਜ ਕਰੀਬ ਪੰਜ ਸਾਲਾਂ ਤੱਕ ਰਿਹਾ, ਪਰ ਖ਼ਾਲਸਾ ਨੂੰ ਰਾਜ ਕਰਨ ਲਈ ਪ੍ਰੇਰਨਾ ਦਾ ਸਰੋਤ ਬਣ ਗਿਆ।

1716 ਈ ਤੋਂ 1783 ਈ ਤੱਕ ਸਿੱਖ ਕੌਮ ਲਈ ਬੜਾ ਮੁਸ਼ਕਿਲ ਤੇ ਇਮਤਿਹਾਨ ਦਾ ਸਮਾਂ ਸੀ। ਜਿੱਥੇ ਵੀ ਸਿੱਖ ਨਜ਼ਰ ਆਏ, ਉਸ ਨੂੰ ਕਤਲ ਕਰ ਕੇ ਇਨਾਮ ਪ੍ਰਾਪਤ ਕਰਨ ਦਾ ਹੁਕਮ, ਮੁਗਲ ਬਾਦਸ਼ਾਹਾਂ ਤੇ ਅਫ਼ਗਾਨ ਧਾੜਵੀਆਂ ਨੇ ਜਾਰੀ ਕੀਤੇ ਸਨ, ਪਰ ਗੁਰੂ ਸਾਹਿਬਾਨ ਦੇ ਹੁਕਮ ਤੇ ਚੱਲਣ ਵਾਲੇ, ਸਿਰ ਤਲੀ ਤੇ ਰੱਖਣ ਵਾਲੇ ਸਿੰਘ ਤੇ ਸਿੰਘਣੀਆਂ ਨੇ, ਕੁਰਬਾਨੀ ਤੇ ਬਹਾਦਰੀ ਨਾਲ ਸਿੱਖ ਫ਼ਲਸਫ਼ੇ ਦੇ ਨਵੇਂ ਇਤਿਹਾਸ ਦੀ ਰਚਨਾ ਕੀਤੀ। ਮਨੂੰ ਦੀ ਦਾਤਰੀ ਨਾਲ ਕੱਟੇ ਜਾਂਦੇ, ਸੌਏ ਦੂਣ ਸਵਾਏ ਹੋ ਲਾਹੌਰ ਤੇ ਦਿੱਲੀ ਦੇ ਮਾਲਕ ਬਣ ਗਏ। ਰਾਮਗੜ੍ਹੀਆ ਬੁੰਗੇ ਵਿੱਚ ਪਿਆ ਤਖ਼ਤ ਖਾਲਸੇ ਦੀ ਸ਼ਕਤੀ ਦਾ ਗਵਾਹ ਹੈ। ਇਸ ਸਮੇਂ ਦੇ ਆਗੂ ਭਾਈ ਦਰਬਾਰਾ ਸਿੰਘ, ਭਾਈ ਮਨੀ ਸਿੰਘ, ਸਰਦਾਰ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਚੜ੍ਹਤ ਸਿੰਘ, ਸਰਦਾਰ ਬਘੇਲ ਸਿੰਘ, ਭਾਈ ਗਰਜਾ ਸਿੰਘ, ਭਾਈ ਬੋਤਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਤੇ ਅਨੇਕਾਂ ਸਿੰਘਾਂ ਤੇ ਸਿੰਘਣੀਆਂ ਦਾ ਇਤਿਹਾਸ ਅੱਜ ਵੀ ਖ਼ਾਲਸੇ ਦੇ ਸਿਰੜ ਤੇ ਚਰਿੱਤਰ ਦੀ ਗਵਾਹੀ ਭਰਦਾ ਹੈ।

ਅਗਲਾ ਸਮਾਂ 1799 ਈ ਤੋਂ 1839 ਈਸਵੀ ਤੱਕ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ, ਮਜ਼ਬੂਤ ਖਾਲਸਾ ਸ਼ਕਤੀ, ਹਲੇਮੀ ਰਾਜ ਦੇ ਗੁਰੂ ਸੰਕਲਪ ਨੂੰ ਪ੍ਰਗਟ ਕਰਨ ਦਾ ਸੀ। ਬਹਾਦਰੀ, ਸਰਬ ਸਾਂਝੀਵਾਲਤਾ, ਵਿਕਾਸ ਤੇ ਇਨਸਾਫ਼ ਆਧਾਰਿਤ ਇਸ ਰਾਜ ਕਾਰਨ, ਮਹਾਰਾਜਾ ਅੱਜ ਵੀ ਦੁਨੀਆ ਦੇ ਰਾਜਿਆਂ ਵਿੱਚ ਇੱਕ ਨੰਬਰ ਤੇ ਮੰਨਿਆ ਜਾਂਦਾ ਹੈ। ਇਸ ਸਮੇਂ ਤੱਕ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਸਿੱਖ ਮਿਸਲਦਾਰਾਂ ਤੇ ਸਰਦਾਰਾਂ ਦਾ ਇੱਕ ਹਿੱਸਾ ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਛੱਡ ਅੰਗਰੇਜ਼ਾਂ ਨਾਲ ਮਿਲ ਗਿਆ ਅਤੇ ਮਹਾਰਾਜਾ ਵੱਲੋਂ ਦਿੱਲੀ ਵੱਲ ਵਧਣ ਵਿੱਚ ਰੁਕਾਵਟ ਬਣ ਗਿਆ। ਕੌਮ ਦੋ ਹਿੱਸਿਆਂ ਵਿੱਚ ਵੰਡੀ ਗਈ। ਮਹਾਰਾਜਾ ਨੇ ਤਾਂ ਪੱਗਾਂ ਵੱਟਾ ਕੇ ਇਹਨਾਂ ਨੂੰ ਭਰਾ ਤੇ ਇੱਜ਼ਤ ਦੇ ਭਾਈਵਾਲ ਬਣਾਉਣ ਦਾ ਯਤਨ ਵੀ ਕੀਤਾ ਸੀ। ਪਰ ਕੁਝ ਤਾਂ ਪਹਿਲਾਂ ਅਹਿਮਦ ਸ਼ਾਹ ਨਾਲ ਕੌਮ ਵਿਰੁੱਧ ਖੜੇ ਸਨ, ਉਨ੍ਹਾਂ ਤੋਂ ਅਜਿਹੀ ਆਸ ਕਰਨੀ ਵੀ ਔਖੀ ਹੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਅੰਗਰੇਜ਼ਾਂ ਨੇ ਖ਼ਾਲਸਾ ਰਾਜ ਦੇ ਅਹਿਲਕਾਰਾਂ ਨੂੰ ਸਾਮ, ਦਾਮ, ਦੰਡ, ਭੇਦ ਦੀ ਨੀਤੀ ਨਾਲ ਕਾਬੂ ਕਰ, ਮਜ਼ਬੂਤ ਖ਼ਾਲਸਾ ਰਾਜ ਦਾ ਅੰਤ ਕਰ ਦਿੱਤਾ। ਕਰਨਲ ਸਟਨਵੇਕ ਵੱਲੋਂ, 1845 ਈ ਦੀ ਰਿਪੋਰਟ ਮੁਤਾਬਕ ਮੁਸਲਮਾਨਾਂ ਨੂੰ ਖ਼ਾਲਸਾ ਵਿਰੁੱਧ ਹੋ ਚੁੱਕੇ ਸਨ, ਹੁਣ ਕੇਵਲ ਹਿੰਦੂ ਤੇ ਸਿੱਖਾਂ ਨੂੰ ਵੱਖ ਕਰਨ ਦੀ ਲੋੜ ਬਾਕੀ ਹੈ। ਜਿਸ ਬਾਰੇ ਨੀਤੀ ਬਣਾ ਕੇ ਅੰਗਰੇਜ਼ ਨੇ, ਸਿੱਖੀ ਦੇ ਅਸੂਲਾਂ ਤੇ ਪਰਪੱਕ ਤੇ ਬਹਾਦੁਰ ਖ਼ਾਲਸੇ ਦੀਆਂ, ਤੇਗਾਂ ਦਾ ਮੂੰਹ ਇੱਕ ਦੂਜੇ ਵੱਲ, ਆਪਸ ਵਿੱਚ ਹੀ ਮੋੜ ਦਿੱਤਾ। ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਤੋਂ ਬਾਹਰ ਕੈਦ ਕਰ ਦਿੱਤਾ ਗਿਆ, ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾ ਵਲੈਤ ਭੇਜ ਦਿੱਤਾ ਗਿਆ। ਇਤਿਹਾਸਕ ਗੁਰੂ ਘਰਾਂ ਤੇ ਕਬਜ਼ਾ ਕਰ ਲਿਆ ਗਿਆ।

ਇਸ ਤਰ੍ਹਾਂ ਮੁਗਲਾਂ ਤੇ ਅਫ਼ਗਾਨਾਂ ਦੀ ਸਿੱਖ ਮਾਰਨ ਤੇ ਗੁਰੂ ਘਰ ਢਾਹੁਣ ਦੀ ਥਾਂ, ਸਿੱਖ ਫਲਸਫੇ ਤੇ ਨਿਯਮਾਂ ਨੂੰ ਢਾਹ ਲਾਉਣ ਦੀ ਨੀਤੀ ਅੰਗਰੇਜ਼ ਵੱਲੋਂ ਬਣਾਈ ਗਈ। ਅੰਗਰੇਜ਼ ਪ੍ਰਸਤ ਸਿੱਖਾਂ ਦੀ ਨਵੀਂ ਲੀਡਰਸ਼ਿਪ ਖੜ੍ਹੀ ਕਰ ਦਿੱਤੀ ਗਈ ਸੀ।

ਸਿੱਖ ਫੌਜੀ ਦੁਨੀਆਂ ਭਰ ਵਿੱਚ ਅੰਗਰੇਜ਼ਾਂ ਲਈ ਲੜਦੇ ਤੇ ਮਰਦੇ ਰਹੇ।

ਮਹਾਰਾਜਾ ਦਲੀਪ ਸਿੰਘ ਤੇ ਉਸਦਾ ਬਹਾਦਰੀ ਵਾਲਾ ਡੀ ਐਨ ਏ ਹੀ ਖਤਮ ਕਰ ਦਿੱਤਾ ਗਿਆ। ਛੋਟੇ ਛੋਟੇ ਅਜ਼ਾਦੀ ਲਈ, ਦੇਸ਼ ਅੰਦਰ ਤੇ ਵਿਦੇਸ਼ੀ ਧਰਤੀ ਤੋਂ ਉੱਠੇ, ਸਿੱਖ ਅੰਦੋਲਨ ਸਰਕਾਰੀ ਸੂਹਿਆਂ ਦੀ ਮਦਦ ਨਾਲ ਖ਼ਤਮ ਕਰ ਦਿੱਤੇ ਗਏ।

1920 ਈ. ਵਿੱਚ ਗੁਰਦੁਆਰਾ ਸੁਧਾਰ ਲਹਿਰ ਨੇ ਮੁੜ ਕੌਮ ਨੂੰ ਜਾਗ੍ਰਿਤ ਕੀਤਾ। ਨਨਕਾਣਾ ਸਾਹਿਬ ਤੇ ਹੋਰ ਥਾਂਵਾਂ 'ਤੇ ਵੱਡੀਆਂ ਕੁਰਬਾਨੀਆਂ ਹੋਈਆਂ, ਪਰ 1925 ਦੀ ਤੱਕ ਅੰਗਰੇਜ਼ਾਂ ਨੇ ਨਵੀਂ ਨੀਤੀ, ਜਿਸ ਵਿੱਚ ਇਸ ਅੰਦੋਲਨ ਨੂੰ ਫੈਲਣ ਤੋਂ ਰੋਕਣਾ, ਸਿੱਖ ਗੁਰਦੁਆਰਾ ਪ੍ਰਬੰਧ ਵਿੱਚ ਦਖਲਅੰਦਾਜ਼ੀ ਬੰਦ ਕਰਕੇ ਤੇ ਅੰਗਰੇਜ਼ ਪੱਖੀ ਸਿੱਖ ਆਗੂਆਂ ਨੂੰ ਮਜ਼ਬੂਤ ਕਰਨਾ ਸੀ, ਰਾਹੀਂ ਕਾਬੂ ਕਰ ਲਿਆ ਗਿਆ।

ਦੂਜੇ ਪਾਸੇ ਅੰਦੋਲਨਕਾਰੀ ਸਿੱਖ ਆਗੂ ਮਹਾਤਮਾ ਗਾਂਧੀ ਦੇ ਅਜ਼ਾਦੀ ਦੀ ਪਹਿਲੀ ਜੰਗ ਜਿੱਤਣ ਦੇ ਬਿਆਨ ਤੋਂ ਪ੍ਰਭਾਵਿਤ ਹੋ ਕਾਂਗਰਸ ਨਾਲ ਜੁੜ ਗਏ। ਆਜ਼ਾਦੀ ਪਿੱਛੋਂ ਨਿੱਘ ਮਾਣਨ ਲਈ, ਇੱਕ ਖਿਤਾ ਬਣਾਉਣ ਦਾ ਵਾਅਦਾ ਲੈ, ਇਹ ਆਗੂ ਲਾਹੌਰ ਬੈਠੀ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜ ਕੁਮਾਰੀ ਬੰਬਾ ਨੂੰ ਭੁੱਲ ਗਏ।

ਅੰਗਰੇਜ਼ਾਂ ਨਾਲ ਆਜ਼ਾਦੀ ਦੀ ਗੱਲਬਾਤ ਵਿੱਚ ਰਾਜ ਕੁਮਾਰੀਆਂ ਬੰਬਾਂ ਤੇ ਸੋਫੀਆ ਨੂੰ ਸਿੱਖ ਆਗੂਆਂ ਨੇ ਨਾਲ ਕਿਉਂ ਨਹੀਂ ਲਿਆ ? ਇਸ ਦਾ ਜਵਾਬ ਇਤਿਹਾਸ ਜਰੂਰ ਮੰਗੇਗਾ। ਦੇਸ਼ ਦੀ ਵੰਡ ਸਮੇਂ ਪੰਜਾਬ ਦੇ 36 ਜ਼ਿਲ੍ਹੇ ਵੰਡੇ ਜਾਣੇ ਸਨ, ਪੰਜਾਬ ਦੀ ਮੁਸਲਿਮ ਆਬਾਦੀ 53 ਫ਼ੀਸਦੀ ਸੀ, ਹਿੰਦੂ 29 ਫ਼ੀਸਦੀ ਤੇ ਸਿੱਖ 15 ਫੀਸਦੀ ਸਨ ਪਰ ਅੰਗਰੇਜ਼ਾਂ ਨੇ ਸਿੱਖਾਂ ਨਾਲ ਧੋਖਾ ਕੀਤਾ ਤੇ ਮੁਸਲਮਾਨਾਂ ਨੂੰ ਪੰਜਾਬ ਦੇ 24 ਜ਼ਿਲ੍ਹੇ ਭਾਵ 67 ਫ਼ੀਸਦੀ ਹਿੱਸਾ ਦੇ ਦਿੱਤਾ, ਜੇਕਰ ਆਬਾਦੀ ਦੇ ਹਿਸਾਬ ਨਾਲ ਵੰਡ ਹੁੰਦੀ ਤਾਂ ਘੱਟੋ-ਘੱਟ ਪੰਜ ਹੋਰ ਜ਼ਿਲ੍ਹੇ ਭਾਰਤ ਦੇ ਹਿੱਸੇ ਆਉਣੇ ਚਾਹੀਦੇ ਸਨ।

ਆਜ਼ਾਦੀ ਤੋਂ ਬਾਅਦ, ਸ਼੍ਰੀ ਜਵਾਹਰ ਲਾਲ ਨਹਿਰੂ ਆਜ਼ਾਦੀ ਦੇ ਨਿੱਘ ਮਾਨਣ ਵਾਲੇ ਖਿੱਤੇ ਦੀ ਗੱਲ ਤੋਂ ਪਿੱਛੇ ਹਟ ਗਏ। ਕੇਵਲ ਇਹ ਹੀ ਨਹੀਂ 1948 ਤੇ 1956 ਵਿੱਚ ਅਕਾਲੀ ਦਲ, ਰਾਜਸੀ ਰੂਪ ਵਿੱਚ ਕਾਂਗਰਸ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਦੋ ਫਾੜ ਹੋ ਗਿਆ, ਕੁਰਸੀ ਮਿਲਣ ਤੇ ਵੱਡੇ ਅਕਾਲੀ ਕਾਂਗਰਸੀ ਬਣ ਗਏ। ਅੰਗਰੇਜ਼ ਰਾਜ ਵਿੱਚ ਮੌਜਾਂ ਮਾਨਣ ਵਾਲੇ ਰਜਵਾੜੇ ਤਾਂ ਪਹਿਲਾਂ ਹੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਸਨ।

ਹੁਣ ਸੰਘਰਸ਼ ਪੰਜਾਬੀ ਬੋਲੀ ਨੂੰ ਬਚਾਉਣ ਲਈ ਅਕਾਲੀ ਦਲ ਵੱਲੋਂ ਅਰੰਭਿਆ ਗਿਆ ਤੇ ਗੁਰੂ ਘਰ ਰਾਜਸੀ ਅੰਦੋਲਨ ਦਾ ਕੇਂਦਰ ਬਣ ਗਏ, ਧਰਮ ਪ੍ਰਚਾਰ ਕਿਸੇ ਦੇ ਵੀ ਏਜੰਡੇ 'ਤੇ ਨਹੀਂ ਰਿਹਾ।

1966 ਦੀ ਵਿੱਚ ਪੰਜਾਬ ਮੁੜ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿੱਚ ਵੰਡਿਆ ਗਿਆ, ਇੱਕ ਨਵੀਂ ਲੜਾਈ ਦਰਿਆਈ ਪਾਣੀਆਂ, ਚੰਡੀਗੜ੍ਹ, ਭਾਖੜਾ ਡੈਮ ਤੇ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਖੜੀ ਹੋ ਗਈ, ਜਿਸਦਾ ਹੱਲ ਪਿਛਲੇ 59 ਸਾਲਾਂ ਵਿੱਚ ਵੀ ਨਹੀਂ ਹੋ ਸਕਿਆ, ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਕਈ ਮੋਰਚਿਆਂ ਰਾਹੀਂ, ਕੌਮੀ ਨੁਕਸਾਨ ਵੀ ਕਰਵਾਇਆ ਤੇ ਸਰਕਾਰਾਂ ਵਿੱਚ ਭਾਈਵਾਲੀ ਵੀ ਕੀਤੀ।

1982 ਈ ਵਿੱਚ ਸੰਤ ਜਰਨੈਲ ਸਿੰਘ ਨੇ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੀ ਰਿਹਾਈ ਲਈ ਮੋਰਚਾ, 19 ਜੁਲਾਈ ਨੂੰ ਆਰੰਭ ਕੀਤਾ ਸੀ, ਜਿਸ ਦਾ ਅੰਤ ਸਾਕਾ ਨੀਲਾ ਤਾਰਾ ਵਿੱਚ ਹੋਇਆ। ਕਾਂਗਰਸ ਦੀਆਂ ਘਟੀਆ ਸਿਆਸੀ ਨੀਤੀਆਂ ਕਾਰਨ ਪੰਜਾਬ ਨੂੰ ਸੰਤਾਪ ਝਲਣਾ ਪਿਆ। ਇੰਦਰਾ ਸਰਕਾਰ ਨੇ ਕੋਈ ਉਚਿਤ ਮੰਗ ਪੰਜਾਬ ਦੀ ਨਾ ਮੰਨੀ।

ਕਾਂਗਰਸ ਸਰਕਾਰ ਨੇ, 1985 ਦੀਆਂ ਲੋਕ ਸਭਾ ਚੋਣਾਂ, ਸਿੱਖ ਸੰਤਾਪ ਸਿਰਜਕੇ ਜਿੱਤਣ ਦੀ ਨੀਤੀ ਬਣਾਈ ਸੀ। ਕਾਂਗਰਸ ਦੀਆਂ ਗਲਤ ਨੀਤੀਆਂ ਕਾਰਨ ਪਾਕਿਸਤਾਨ ਨੂੰ ਪੰਜਾਬ ਵਿੱਚ ਦਖਲਅੰਦਾਜ਼ੀ ਦਾ ਮੌਕਾ ਮਿਲਿਆ ਤੇ ਸਿੱਖ ਦੇਵਤਿਆਂ ਤੋਂ ਅੱਤਵਾਦੀ ਵਜੋਂ ਬਦਨਾਮ ਕਰ ਦਿੱਤੇ ਗਏ।

ਕੁਝ ਲੋਕਾਂ ਨੂੰ ਰਾਜਸੀ ਲਾਭ ਵੀ ਹੋਇਆ ਤੇ ਬਹੁਤਿਆਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਰਾਜਸੀ ਸ਼ਰਨ ਵੀ ਮਿਲ ਗਈ। ਪੰਜਾਬ ਵਿੱਚ ਸਿੱਖ ਆਬਾਦੀ 63 ਤੋਂ ਘੱਟ ਕੇ ਪਿਛਲੇ ਤੀਹ ਸਾਲ ਵਿੱਚ 57 ਫੀਸਦੀ ਰਹਿ ਗਈ ਹੈ, ਜਦੋਂ ਕਿ ਇਹ ਅੰਕੜਾ ਵਧਣਾ ਚਾਹੀਦਾ ਸੀ। ਅਕਾਲੀ ਆਗੂ ਜੋ ਸਿੱਖ ਧਰਮ ਦੇ ਬਚਾਅ ਲਈ, ਕੁਰਬਾਨੀ ਦਿੰਦੇ ਸਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਦੀ ਮਦਦ ਕਰਨ ਦੇ ਦੋਸ਼ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਏ ਗਏ, ਜੋ ਉਨ੍ਹਾਂ ਸਵੀਕਾਰ ਵੀ ਕਰ ਲਏ।

ਗੁਰੂ ਕਾਲ ਦੀਆਂ ਧਰਮ ਪ੍ਰਚਾਰ ਲਈ ਸਹਿਯੋਗੀ ਸੰਸਥਾਵਾਂ ਉਦਾਸੀ ਤੇ ਨਿਰਮਲੇ ਪਿੱਛੇ ਧੱਕ ਦਿੱਤੇ ਗਏ ਹਨ। ਸਿੱਖ ਧਰਮ ਵਿੱਚ ਕਥਾ, ਕੀਰਤਨ, ਪਾਠ ਤੇ ਅਰਦਾਸ ਇੱਕ ਰੋਜ਼ੀ ਰੋਟੀ ਦੇ ਕਿੱਤਾ ਤੱਕ ਸੀਮਤ ਹੋ ਗਏ ਹਨ।

ਆਪਸੀ ਫੁੱਟ ਤੇ ਗੁਰੂ ਘਰਾਂ ਦੇ ਸਾਧਨਾਂ ਦੀ ਦੁਰਵਰਤੋਂ ਨੇ, ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਖੜੋਤ ਪੈਦਾ ਕਰ ਦਿੱਤੀ ਹੈ। ਕੁਝ ਦੂਜੇ ਧਰਮਾਂ ਵਿੱਚ ਨਵੇਂ ਬਣੇ ਧਾਰਮਿਕ ਆਗੂ ਪੰਜਾਬ ਵਿੱਚ ਹੀ ਸਿੱਖਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਵਿੱਚ ਸਫਲ ਹੋ ਰਹੇ ਹਨ।

ਗੁਰੂ ਸਾਹਿਬਾਨ ਨਾਲ ਸਬੰਧਿਤ ਸ਼ਤਾਬਦੀਆਂ ਵੀ ਧਰਮ ਦੇ ਪ੍ਰਚਾਰ ਕਰਨ ਦੀ ਥਾਂ ਕੌਮੀ ਸਰਮਾਏ ਦੇ ਉਜਾੜੇ ਤੋਂ ਵੱਧ ਕੁਝ ਵੀ ਪ੍ਰਾਪਤ ਨਹੀਂ ਕਰ ਸਕੀਆਂ।

ਸਿੱਖ ਧਰਮ ਜਾਂ ਪੰਥ ਕਰਮ ਕਾਂਡ ਰਹਿਤ ਹੈ, ਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਹਿੰਦੂ ਤੇ ਮੁਸਲਮਾਨ ਧਰਮ ਨਾਲੋਂ ਵੱਖਰਾ ਹੈ, ਜਿਸ ਬਾਰੇ ਕਿਸੇ ਦੇ ਪ੍ਰਮਾਣ ਪੱਤਰ ਦੀ ਲੋੜ ਨਹੀਂ। ਗੱਲ ਤਾਂ ਸੰਗਠਿਤ ਰੂਪ ਵਿੱਚ ਦੇਸ਼ ਦੇ ਹਰ ਖੇਤਰ ਤੇ ਵਿਦੇਸ਼ਾਂ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦੀ ਹੈ।

ਭਾਰਤ ਵਿੱਚ ਅਕਾਲੀ ਦਲ ਦੀ ਆਜ਼ਾਦੀ ਤੋਂ ਪਹਿਲਾਂ ਭਾਈਵਾਲ ਕਾਂਗਰਸ ਨੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ, ਪਰ ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ ਜਾਂ ਜਨ ਸੰਘ ਨਾਲ 1967 ਤੋਂ ਬਾਅਦ, ਕਈ ਵਾਰ ਮਿਲ ਕੇ ਸਰਕਾਰਾਂ ਬਣਾਈਆਂ ਹਨ। ਜੇਕਰ ਉਹ ਸਿੱਖ ਕੌਮ ਦੇ ਵਿਰੋਧੀ ਹਨ ਤਾਂ ਕੇਵਲ ਰਾਜਸੀ ਲਾਭ ਲਈ ਗਠਜੋੜ ਕਰਨ ਦਾ ਗੁਨਾਹ ਕਰਨ ਦੇ ਅਕਾਲੀ ਕੀ ਜ਼ਿੰਮੇਵਾਰ ਨਹੀਂ ਹਨ ?

ਪਰ ਸੱਚ ਇਹ ਹੈ ਕਿ ਪਹਿਲਾਂ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਤੇ ਹੁਣ ਸ਼੍ਰੀ ਨਰਿੰਦਰ ਮੋਦੀ , ਸਿੱਖ ਕੌਮ ਦਾ ਸਤਿਕਾਰ ਕਰਦੇ ਹਨ ਤੇ ਉਨ੍ਹਾਂ ਦੇ ਹਰ ਮਸਲੇ ਦਾ ਹੱਲ ਕਰਨ ਦਾ ਕੰਮ ਵੀ ਕੀਤਾ ਹੈ ਤੇ ਅੱਗੇ ਲਈ ਵੀ ਤਿਆਰ ਹਨ। ਕਮੀ ਕੇਵਲ ਗੱਲਬਾਤ ਕਰਨ ਦੀ ਹੈ।

ਸਿੱਖ ਧਰਮ ਦੇ ਸੁਨਹਿਰੀ ਨਿਯਮ ਤੇ ਫ਼ਲਸਫ਼ਾ ਕਿਸੇ ਵੀ ਤਰ੍ਹਾਂ, ਦੂਜੇ ਧਰਮਾਂ ਵਾਲੇ ਕਮਜ਼ੋਰ ਨਹੀਂ ਕਰ ਸਕਦੇ, ਸਮੱਸਿਆ ਤਾਂ ਇਹ ਹੈ ਕਿ, 1920 ਵਿੱਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਅਦਾਰਿਆਂ ਨੇ, ਗੁਰੂ ਘਰਾਂ ਦਾ ਸਰਮਾਇਆ ਕੌਮ ਵਿੱਚ, ਧਰਮ ਪ੍ਰਚਾਰ, ਵਿੱਦਿਆ, ਸਿਹਤ ਸਹੂਲਤਾਂ ਤੇ ਰੁਜ਼ਗਾਰ ਪੈਦਾ ਕਰਨ 'ਤੇ ਨਹੀਂ ਲਾ ਸਕੇ, ਜਿਸ ਕਾਰਨ ਸਿੱਖ ਸਭ ਸੰਵਿਧਾਨਕ ਸੰਸਥਾਵਾਂ ਤੋਂ ਬਾਹਰ ਹੋ ਰਹੇ ਹਨ। ਆਪਣੀ ਕਮਜ਼ੋਰੀ ਦਾ ਦੋਸ਼, ਕਿਸੇ ਹੋਰ ਤੇ ਮੜ੍ਹ ਕੇ ਸੁਰਖ਼ਰੂ ਹੋਣਾ ਚਾਹੁੰਦੇ ਹਾਂ, ਕਿਉਂ ਨਹੀਂ ਗੱਲਬਾਤ ਕਰਕੇ ਆਪਣੇ ਡਰ ਤੇ ਤੌਖਲੇ ਉਨ੍ਹਾਂ ਨਾਲ ਸਪਸ਼ਟ ਕੀਤੇ ਜਾਣ।

ਸਥਿਤੀ ਹੋਰ ਗੰਭੀਰ ਹੋਣ ਤੋਂ ਪਹਿਲਾਂ ਪੰਥਕ ਵਿਦਵਾਨਾਂ, ਵਿਚਾਰਵਾਨਾਂ ਤੇ ਧਾਰਮਿਕ ਆਗੂਆਂ ਨੂੰ ਮਿਲ ਬੈਠ ਕੇ ਨਵੀਂ ਨੀਤੀ ਨਾਲ ਅੱਗੇ ਵਧਣ ਦੀ ਲੋੜ ਹੈ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵਾਂ ਸ਼ਹੀਦੀ ਦਿਵਸ ਇਸ ਲਈ ਢੁਕਵਾਂ ਸਮਾਂ ਹੈ, ਆਓ ਇਸ ਦਿਸ਼ਾ ਵੱਲ ਉੱਦਮ ਕਰੀਏ।

# ਇੱਕ ਤਰ.ਫਾ ਟੈਰਿ.ਫ ਵਾਧਾ ਅਮਰੀਕਾ ਦਾ ਸੰਸਾਰ ਬਾਜ਼ਾਰ ’ਤੇ ਹਮਲਾ

**ਜਗਦੀਸ਼ ਸਿੰਘ ਚੋਹਕਾ**

ਅੱਜ ਸੰਸਾਰ ਅੰਦਰ ਪੂੰਜੀਵਾਦੀ ਪ੍ਰਣਾਲੀਗਤ ਸੰਕਟ ਦੇ ਸਿੱਟੇ ਵਜੋਂ ਸਾਮਰਾਜੀ ਅਮਰੀਕਾ ਸਮੇਤ ਵਿਕਸਤ ਦੇਸ਼ਾਂ ਅੰਦਰ ਵਿਕਾਸ ਦਰ ਸੁਸਤ ਚਲ ਰਹੀ ਹੈ। ਜਿਸ ਕਰਕੇ ਸਿੱਟੇ ਵਜੋਂ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਵਧ ਰਹੀ ਹੈ। ਉਥੇ ਅਮਰੀਕਾ ਇਸ ਸੰਕਟ ਦਾ ਬੋਝ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਦੀ ਅਗਵਾਈ ਅਤੇ ਦਬਾਅ ਅਧੀਨ ਆਪਣੇ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਨੂੰ ਤੇਜ਼ ਕਰ ਰਿਹਾ ਹੈ। ਇਹ ਅਮਰੀਕਾ ਦੇ ਸਾਮਰਾਜਵਾਦੀ ਹਮਲਾਵਰੀ ਵੱਲ ਵਧਣ ਦੇ ਸਪਸ਼ਟ ਲੱਛਣ ਹਨ। ਅਮਰੀਕਾ ਦੀ ਅਗਵਾਈ ਵਾਲੇ ਜੀ-7 ਅਤੇ ਨਾਟੋ ’ਤੇ ਖੁਦ ਅਮਰੀਕਾ, ਖੁਲ੍ਹੇਆਮ ਕੇਵਲ ਆਰਥਿਕ ਮੁਹਾਜ਼ ਹੀ ਨਹੀਂ ਸਗੋਂ ਨਾ-ਸਹਿਮਤੀ ਵਾਲੇ ਦੇਸ਼ਾਂ ਅੰਦਰ ਯੁੱਧ ਅਤੇ ਆਰਥਿਕ ਧੌਂਸਾ ਰਾਹੀਂ ਅਲੱਗ-ਥਲੱਗ ਵਾਲੀਆਂ ਜਬਰੀ ਨੀਤੀਆਂ ਵੀ ਲਾਗੂ ਕਰ ਰਿਹਾ ਹੈ। ਡੋਨਾਲਡ ਟਰੰਪ ਵੱਲੋਂ ਚੀਨ, ਭਾਰਤ ਅਤੇ ਹੋਰ ਕਈ ਦੇਸ਼ਾਂ ਨਾਲ ਵਪਾਰ ਅੰਦਰ ਵਿੱਤੀ ਹਮਲੇ ਵੀ ਸੇਧ ਦਿੱਤੇ ਹਨ। ਕਈ ਖੇਤਰਾਂ ਅੰਦਰ ਵਪਾਰ ਪੂੰਜੀ ਨਿਵੇਸ਼ ਅਤੇ ਐਕਸਪੋਰਟ ਖੇਤਰ ਵਿੱਚ ਜਿਨ੍ਹਾਂ ਕਿਸੇ ਦੋ ਧਿਰੀ (ਰੀ-ਨੈਗੋਸੀਏਸ਼ਨ) ਗੱਲਬਾਤ, ‘ਸਿੱਧੇ ਟੈਰਿ.ਫ ਦੀਆਂ ਦਰਾਂ ’ਚ ਅਥਾਹ ਵਾਧਾ ਕਰ ਦਿੱਤਾ ਹੈ। ਭਾਰਤ ਅੰਦਰ ਮੋਦੀ ਸਰਕਾਰ ਜੋ ਟਰੰਪ ਦੀ ਨੇੜਤਾ ਰੱਖਦੀ ਸੀ, ਉੱਤੇ 25-ਫ਼ੀਸਦੀ ਟੈਰਿਫ਼ (ਟੈਕਸ) ਲਗਾਇਆ ਸੀ, ਉਹ ਹੁਣ ਵਧਾ ਕੇ 50-ਫ਼ੀਸਦੀ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਵੇਲੇ ਦੁਨੀਆ ਦੇ 166-ਦੇਸ਼ ਸੰਸਾਰ ਵਪਾਰ ਸੰਸਥਾ ਦੇ ਮੈਂਬਰ ਹਨ। ਇਹ ਦੇਸ਼ ਆਪੋ ਆਪਣੇ ਹਿੱਤਾਂ ਮੁਤਾਬਕ ਅੰਦਰ ਰਹਿਕੇ ਜਾਂ ਬਾਹਰ ਰਹਿ ਕੇ ਆਪਸੀ ਸਮਝੌਤੇ ਰਾਹੀਂ ਵਪਾਰ ਕਰਦੇ ਆ ਰਹੇ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵੀ ਆਪਸੀ ਸੰਬੰਧ ਕਾਫ਼ੀ ਸੁਧਰੇ ਹੋਏ ਸਨ। ਭਾਰਤ ਜੋ ਸ਼ੁਰੂ ਤੋਂ ਹੀ ਨਿਰਪੱਖਤਾ ਵਾਲੀ ਨੀਤੀ ਅਪਣਾਉਂਦਾ ਰਿਹਾ ਸੀ। ਪਰ ਪਿਛਲੇ ਇੱਕ ਦਹਾਕੇ ਤੋਂ ਮੌਜੂਦਾ ਬੀ.ਜੇ.ਪੀ. ਦੀ ਮੋਦੀ ਸਰਕਾਰ ਕਾਫ਼ੀ ਹੱਦ ਤੱਕ ਅਮਰੀਕਾ ਪੱਖੀ ਪੈਂਤੜੇ ਲੈਂਦੀ ਆ ਰਹੀ ਹੈ। 1947-48 ਕਸ਼ਮੀਰ ਸੰਕਟ ਤੋਂ ਲੈ ਕੇ ਭਾਰਤ ਆਪਣੇ ਨਿੱਜੀ ਹਿਤਾਂ ਕਾਰਨ ਪਹਿਲਾ ਸੋਵੀਅਤ ਯੂਨੀਅਨ ਅਤੇ 1991 ਤੋਂ ਬਾਅਦ ਰੂਸ ਵੱਲ ਝੁਕਾਅ ਰੱਖਦਾ ਆ ਰਿਹਾ ਸੀ। ਕੁਝ ਅਰਸੇ ਤੋਂ ਕੌਮਾਂਤਰੀ ਹਾਲਾਤਾਂ ਦੀ ਬਦਲੀ ਹਵਾ ਅਨੁਸਾਰ ਹੁਣ ਭਾਰਤ, ਚੀਨ ਨਾਲ ਵੀ ਨੇੜਤਾ ਲਈ ਆਪਣਾ ਹੱਥ ਮਿਲਾ ਰਿਹਾ ਹੈ। ਗ਼ਾਜ਼ਾ ਅੰਦਰ ਇਜ਼ਰਾਇਲ ਦੇ ਵਿਸਥਾਰਵਾਦੀ ਨੀਤੀਆਂ ਅਤੇ ਲੋਕਾਂ ’ਤੇ ਹਮਲਿਆਂ ਕਾਰਨ, ਯੂਕ੍ਰੇਨ-ਰੂਸ ਜੰਗ ਅਤੇ ਮੱਧ-ਪੂਰਬ ਅੰਦਰ ਸਾਮਰਾਜੀ ਹਮਲਿਆਂ ਦੇ ਨਤੀਜੇ ਵਜੋਂ ਭਾਰਤ ਹੁਣ ਕੌਮਾਂਤਰੀ ਸਾਖ ਅਤੇ ਏਸ਼ੀਆ ਅੰਦਰ ਆਪਣੀ ਸਥਾਪਤੀ ਲਈ ਰੂਸ ਅਤੇ ਚੀਨ ਦੇ ਹੋਰ ਨੇੜੇ ਵੀ ਆ ਰਿਹਾ ਹੈ। ਜੋ ਦੁਨੀਆ ਦੀ ਦਾਦਾਗਿਰੀ ਕਰਨ ਵਾਲੇ ਅਮਰੀਕਾ ਨੂੰ ਭਾਉਂਦਾ ਨਹੀਂ ਹੈ। ਇਹ ਤਾਂ ਭਾਰਤ ਨੇ ਦੇਖਣਾ ਹੈ ਕਿ ਉਸ ਦੇ ਆਰਥਿਕ ਅਤੇ ਕੌਮਾਂਤਰੀ ਹਿਤ ਕਿਸ ਦੇਸ਼ ਨਾਲ ਠੀਕ ਬਹਿੰਦੇ ਹਨ ?

ਪਰ ਅਜੇ ਵੀ ਭਾਰਤ ਵੱਲੋਂ ਆਪਣੀ ਅਮਰੀਕਾ ਪੱਖੀ ਵਿਦੇਸ਼ ਨੀਤੀ ਅਤੇ ਅਮਰੀਕੀ ਸਾਮਰਾਜਵਾਦ ਨਾਲ ਰਣਨੀਤਕ ਸਬੰਧਾਂ ਨੂੰ ਨਾ ਹੀ ਬਦਲਿਆ ਤੇ ਨਾ ਹੀ ਕੋਈ ਆਸ ਦਿਸਦੀ ਹੈ ? ਵੱਧ ਰਹੇ ਬਹੁ-ਧਰੁਵੀ ਸੰਸਾਰ ਦੀਆਂ ਹਕੀਕਤਾਂ ਨੇ ਮੋਦੀ ਸਰਕਾਰ ਨੂੰ ਬ੍ਰਿਕਸ ਅਤੇ ਸ਼ਿੰਘਾਈ ਸਹਿਯੋਗ ਸੰਗਠਨ ਵਿੱਚ ਇੱਕ ਸਰਗਰਮ ਭਾਈਵਾਲ ਬਣਨ ਲਈ ਭਾਵੇਂ ਮਜਬੂਰ ਵੀ ਕੀਤਾ ਹੋਇਆ ਹੈ ਪਰ ਯੂਕ੍ਰੇਨ-ਰੂਸ ਜੰਗ ਨੂੰ ਛੱਡ ਕੇ ਜਿਥੇ ਭਾਰਤ ਨੇ ਨਿਰਪੱਖ ਸਥਿਤੀ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਅਜੇ ਵੀ ਭਾਰਤ ਦੀ ਵਿਦੇਸ਼ ਨੀਤੀ ਮੋਟੇ ਤੌਰ ’ਤੇ ਅਮਰੀਕਾ ਦੇ ਭੂਗੋਲਿਕ ਰਾਜਨੀਤਕ ਮਨਸੂਬਿਆਂ ਨਾਲ ਜੁੜੀ ਰਹੀ ਹੈ। ਪਿਛਲੇ 7-ਸਾਲਾਂ ਵਿੱਚ ਭਾਰਤ ਨੇ ਅਮਰੀਕਾ ਤੋਂ 15-ਬਿਲੀਅਨ ਡਾਲਰ ਦੇ ਹਥਿਆਰ ਖ਼ਰੀਦੇ ਹਨ। ਪਰ ਪਿਛਲੇ ਕੁਝ ਦਿਨਾਂ ਤੋਂ ਹੁਣ ਨਿਰਯਾਤ ’ਤੇ ਟੈਕਸ ਅਤੇ ਟੈਰਿ.ਫ ਦੇ ਮੁੱਦੇ ’ਤੇ ਟਰੰਪ ਦਾ ਰੁੱਖ ਭਾਰਤ ਪ੍ਰਤੀ ਅਲੱਗ ਹੀ ਨਹੀਂ ਸਗੋਂ ਹਮਲਾਵਰੀ ਵੀ ਦਿਸ ਰਿਹਾ ਹੈ। ਉਸ ਦਾ ਕਾਰਨ ਦੁਨੀਆਂ ਅੰਦਰ ਸਾਮਰਾਜੀ ਅਮਰੀਕਾ ਦੀ ਅਰਥ-ਵਿਵਸਥਾ ਦੀ ਸਥਿਤੀ ਅੰਦਰ ਆਈ ਡਾਵਾਂਡੋਲਤਾ ਵੀ ਹੈ। ਹੁਣ ਟਰੰਪ ਨੇ ਆਪਣੇ ਵਪਾਰ ਸਬੰਧਾਂ ਅੰਦਰ ਕਾਫ਼ੀ ਬਦਲਾਅ ਕਰਕੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਟੈਰਿ.ਫ ਦਰਾਂ ’ਚ ਅਥਾਹ ਵਾਧਾ ਐਲਾਨਿਆ ਹੈ।

ਭਾਰਤ ਕਿਉਂਕਿ ਤੇਲ ਅਤੇ ਹਥਿਆਰ ਰੂਸ ਪਾਸੋਂ ਖਰੀਦਦਾ ਹੈ ਅਤੇ ਦੋਨੋਂ ਦੇਸ਼ਾਂ ਦੇ ਕੁਝ ਖੇਤਰਾਂ ’ਚ ਮਜ਼ਬੂਤ ਸਬੰਧਾਂ ਕਾਰਨ, ‘ਅਮਰੀਕਾ ਨੇ ਬਖਲਾਕੇ ਭਾਰਤ ’ਤੇ 25-ਫ਼ਰ ’ਤੇ ਟੈਰਿ.ਫ ਥੋਪਿਆ ਸੀ। ਬਹਾਨਾ ਇਹ ਬਣਾ ਰਿਹਾ ਹੈ, ‘ਕਿ ਭਾਰਤ ਤੇ ਰੂਸ ਦੀ ਆਰਥਿਕਤਾ ਮਰੀ ਹੋਈ ਭਾਵ ਡੁੱਬ ਰਹੀ ਹੈ। ਹੁਣ ਉਹ ਵਧਾ ਕੇ 50 ਫ਼ੀਸਦੀ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਦੀ ਦੇ ਮਿੱਤਰ ਟਰੰਪ ਨੇ ਹੋਰ ਕਈ ਢੁੱਚਰਾਂ ਵੀ ਢਾਹੀਆਂ ਹਨ ਪਰ ਇਹ ਵੀ ਐਲਾਨਿਆਂ ਕਿ ਭਾਰਤ-ਅਮਰੀਕਾ ਮਿੱਤਰ ਹਨ ਪਰ ਭਾਰਤ ਨੇ ਸਾਡੇ ਨਾਲ ਘੱਟ ਵਪਾਰ ਕੀਤਾ ਹੈ। ਭਾਵੇਂ ਅਮਰੀਕਾ ਨੇ 70 ਤੋਂ ਵੱਧ ਦੇਸ਼ਾਂ ਤੇ 10 ਫ਼ੀਸਦੀ ਤੋਂ 41 ਫ਼ੀਸਦੀ ਤੱਕ ਦੋ ਤਰ.ਫਾ ਆਪਸੀ ਟੈਰਿ.ਫ ਲਾਉਣ ਦਾ ਵੀ ਐਲਾਨ ਕੀਤਾ ਹੈ। ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ’ਤੇ 19-ਫ਼ੀਸਦੀ ਟੈਰਿ.ਫ ਲਾਇਆ ਹੈ। ਇਹ ਵਪਾਰ ਟੈਕਸ ਕੀ ਹੁਣ ਗੱਲਬਾਤ ਰਾਹੀਂ ਘਟਣਗੇ ਜਾਂ ਦੋ ਤਰ.ਫਾਂ ਟੈਕਸ ਦਬਾਅ ਅਧੀਨ ਹੋਰ ਸ਼ਕਲ ਅਖਤਿਆਰ ਕਰਨਗੇ, ਸਮਾਂ ਹੀ ਦੱਸੇਗਾ ? ਭਾਰਤ ਵੱਲੋਂ ਵੀ ਅਧਿਕਾਰਤ ਜਵਾਬੀ ਪ੍ਰਕਿਰਿਆ ਹੋਈ ਹੈ। ਭਾਰਤ ਹੁਣ ਆਪਣੇ ਕੌਮੀ ਹਿਤਾਂ ਅਤੇ ਆਰਥਿਕ ਰੱਖਿਆ ਲਈ ਜ਼ਰੂਰੀ ਕਦਮ ਉਠਾਏਗਾ। ਇਹ ਵੀ ਕਿਹਾ ਕਿ ਸਾਡੇ ’ਤੇ ਅਲੋਚਨਾ ਕਰਨ ਵਾਲੇ ਖੁਦ ਰੂਸ ਨਾਲ ਵਪਾਰ ਕਰਦੇ ਹਨ। ਇਹ ਵਿਰੋਧੀਆਂ ’ਤੇ ਦਬਾਅ ਪਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਚੀਨ ’ਤੇ 145-ਫ਼ੀਸਦੀ ਟੈਕਸ ਐਲਾਨਿਆ, ਜਦ ਚੀਨ ਨੇ ਵੀ ਅੱਖਾਂ ਦਿਖਾਈਆਂ ਤਾਂ ਘੱਟ ਕਰਕੇ 35 ਫ਼ੀਸਦੀ ਕਰ ਦਿੱਤਾ। ਕੂਟਨੀਤਕ ਹਲਕਿਆਂ ਅੰਦਰ ਇਹ ਵੀ ਇਕ ਪੱਖ ਹੈ ਕਿ ਟਰੰਪ ਇਸ ਗੱਲੋਂ ਨਾਰਾਜ਼ ਹੈ ਕਿ ਭਾਰਤ-ਪਾਕਿ ਜੰਗਬੰਦੀ ਲਈ ਭਾਰਤ ਸਰਕਾਰ ਟਰੰਪ ਦੀ ਵਿਚੋਲਗੀ ਤੋਂ ਇਨਕਾਰੀ ਹੋ ਰਿਹਾ ਹੈ। ਸ਼ੀਤ ਯੁੱਧ ਦੇ ਸਮੇਂ ਤੋਂ ਅੱਜ ਤੱਕ ਅਮਰੀਕਾ ਨਾਲ ਭਾਰਤ ਦੇ ਸਬੰਧ ਕਈ ਵਾਰ ਖਰਾਬ ਹੋਏ ਤੇ ਖੱਟੇ-ਮਿੱਠੇ ਰਹੇ ਹਨ। ਅਟੱਲ-ਵਾਜਪਈ ਵੇਲੇ ਤੇ ਮਨਮੋਹਨ ਸਿੰਘ ਵੇਲੇ ਪਰਮਾਣੂ ਸੰਧੀ ’ਤੇ ਕਈ ਹੋਰ ਮੁੱਦਿਆਂ ’ਤੇ ਸਬੰਧ ਸੁਧਰੇ ਤੇ ਦੂਰੀਆਂ ਵਧੀਆ ਵੀ: ਪਿੱਛੇ ਜਿਹੇ ਹੀ ਮੋਦੀ ਸਰਕਾਰ ਦੇ ਗਲਿਆਰਿਆ ਅੰਦਰ ਟਰੰਪ ਨੂੰ ਸ਼ਾਂਤੀ ਨੋਬਲ ਪ੍ਰਾਇਜ਼ ਦੇਣ ਲਈ ਚਰਚਾ ਵੀ ਹੁੰਦੀ ਸੀ। ਟਰੰਪ ਵੱਲੋਂ ਮਿੱਤਰ ਦੱਸ ਕੇ ਟੈਰਿ.ਫ ਦਰਾਂ ’ਚ ਵਾਧਾ ਐਲਾਨ ਦਾ ਭਾਰਤ ਲਈ ਕਠੋਰ, ਗੈਰ-ਸਹਿਣਯੋਗ ਅਤੇ ਗੈਰ-ਮੁਦਰਿਕ ਵਪਾਰ ਰੋਕਾਂ ਹਨ। ਟਰੰਪ ਨੇ ਫ਼ਿਰ ਦੁਹਰਾਇਆ ਹੈ ਕਿ ਭਾਰਤ ਅਮਰੀਕਾ ਪ੍ਰਤੀ ਵਪਾਰ ਅੰਦਰ ਸੰਕੋਚ ਵਰਤ ਰਿਹਾ ਹੈ। ਉਹ ਰੂਸ ਨਾਲ ਵਪਾਰ ਅਤੇ ਤੇਲ ਲੈਣ ਲਈ ਨੇੜਤਾ ਜਾਰੀ ਰੱਖ ਰਿਹਾ ਹੈ। ਪਰ ਟਰੰਪ ਦਾ ਪਾਕਿਸਤਾਨ ਪ੍ਰਤੀ ਨਰਮ ਰਵੱਈਆ ਤੇ ਰੂਸ-ਭਾਰਤ ਡੈਡ-ਆਰਥਿਕਤਾ ਨੇ ਅਮਰੀਕਾ-ਭਾਰਤ ਸਬੰਧਾਂ ’ਤੇ ਪਾਣੀ ਫ਼ੇਰਨਾ ਤੇ ਰਾਜਨੀਤਕ ਸਬੰਧਾਂ ਨੂੰ ਫਿੱਕਾ ਕੀਤਾ ਹੈ। ਕੀ ਹੁਣ ਭਾਰਤ ਅਮਰੀਕਾ ਦੇ ਇਸ ਰਵੱਈਏ ਪ੍ਰਤੀ ਅਡਿੱਗ ਰਹਿ ਸਕੇਗਾ ?

ਭਾਰਤ ਆਪਣੀ ਤੇਲ ਦੀ ਜ਼ਰੂਰਤ ਪੂਰੀ ਕਰਨ ਲਈ 2021-22 ’ਚ ਰੂਸ ਤੋਂ 2.10 ਫ਼ੀਸਦੀ ਤੇਲ ਖਰੀਦਦਾ ਸੀ ਜੋ 2022-23 ’ਚ 19.10-ਫ਼ੀਸਦੀ, 2023-24 ’ਚ ਇਹ ਵਾਧਾ 33.40-ਫ਼ੀਸਦੀ ਅਤੇ 2024-25 ਤੱਕ ਇਹ ਵੱਧ ਕੇ 35.10ਫ਼ੀਸਦੀ ਪੁੱਜ ਗਿਆ ਸੀ। ਇਸ ਤੋਂ ਬਿਨਾਂ ਭਾਰਤ ਇਰਾਕ, ਇਰਾਨ, ਅਰਬ ਅਤੇ ਹੋਰ ਦੇਸ਼ਾਂ ਤੋਂ ਵੀ ਜ਼ਰੂਰਤ ਲਈ ਤੇਲ ਖਰੀਦ ਰਿਹਾ ਹੈ। ਭਾਰਤ ਨੇ ਅਮਰੀਕਾ ਤੋਂ ਸਾਲ 2024-25 ਦੌਰਾਨ 4.60 ਫ਼ੀਸਦੀ ਤੇਲ ਖ਼ਰੀਦਿਆ ਸੀ। ਹਰ ਸਾਲ ਭਾਰਤ 11 ਲੱਖ ਕਰੋੜ ਰੁਪਏ ਦਾ ਪੈਟਰੋਲ ਤੇ ਡੀਜ਼ਲ ਦੂਸਰੇ ਦੇਸ਼ਾਂ ਤੋਂ ਖਰੀਦਦਾ ਹੈ, ਜੋ 80 ਫ਼ੀਸਦੀ ਸੀ। ਭਾਰਤ ਦਾ ਰੁਪਿਆ ਡਾਲਰ ਦੇ ਮੁਕਾਬਲੇ ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਪਰ ਟਰੰਪ ਵੱਲੋਂ ਭਾਰਤ ਨੂੰ ਕੋਈ ਰਾਹਤ ਅਤੇ ਸਹੂਲਤ ਨਹੀਂ ਮਿਲ ਰਹੀ ਹੈ। ਫ਼ਿਰ ਭਾਰਤ ਅਮਰੀਕਾ ਤੋਂ ਮਹਿੰਗਾ ਤੇਲ ਕਿਉਂ ਖ਼ਰੀਦੇਗਾ ? 50-ਫ਼ੀਸਦੀ ਟੈਰਿ.ਫ ਭਾਰਤ ’ਤੇ ਲਗਾਉਣਾ ਇਹ ਸੁਝਾਅ ਕਿਉਂ ? ਟਰੰਪ ਅਜੇ ਹੋਰ ਜੁਰਮਾਨਾ ਲਾਉਣ ਲਈ ਕਹਿ ਰਿਹਾ ਹੈ। ਅਮਰੀਕਾ ਵੱਲੋਂ ਰੂਸ ’ਤੇ ਤੇਲ ਦੀਆਂ ਕੀਮਤਾਂ ਘੱਟ ਕਰਾਉਣ ਲਈ, ‘ਟਰੰਪ ਦਾ ਇਹ ਇਕ ਢੰਗ ਹੈ। ਕਿਵੇਂ ਪੂਤਿਨ ਉੱਪਰ ਯੂਕ੍ਰੇਨ ਜੰਗ ਰੋਕਣ ਲਈ ਦਬਾਅ ਬਣਾਉਣਾ ਹੈ ? ਦੂਸਰੇ ਪਾਸੇ 2024 ਦੌਰਾਨ ਯੂਰਪੀ-ਸੰਘ ਦਾ ਰੂਸ ਨਾਲ ਵਪਾਰ 67.5 ਅਰਬ ਯੂਰੋ ਤੱਕ ਸੀ, ਜੋ ਫ਼ਰਟਾਲਾਈਜ਼ਰ, ਖਣਨ, ਕੈਮੀਕਲ, ਲੋਹਾ, ਸਟੀਲ, ਆਟੋਪਾਰਟ, ਯੂਰੇਨੀਅਮ ਗੈਸ ਆਦਿ ਖੇਤਰਾਂ ਅੰਦਰ ਹੋਇਆ।

ਅਮਰੀਕਾ ਅਤੇ ਯੂਰਪੀ ਸੰਘ ਦੇ ਉਨ੍ਹਾਂ ਯਤਨਾਂ ਦੀ ਭਾਰਤ ਨੇ ਆਲੋਚਨਾ ਕੀਤੀ ਹੈ ਜਿਹੜੇ ਭਾਰਤ ਦੀਆਂ ਰਿਫ਼ਾਈਨਰੀਆਂ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਦਾ ਆਯਾਤ ਗਲੋਬਲ ਮਾਰਕੀਟ ਦੇ ਹਾਲਾਤਾਂ ਅਨੁਸਾਰ ਜ਼ਰੂਰੀ ਹੈ। ਇਹ ਭਾਰਤ ਦਾ ਨਿੱਜੀ ਮਾਮਲਾ ਹੈ। ਭਾਰਤ ਨੇ ਆਪਣੀਆਂ ਲੋੜਾਂ ਅਨੁਸਾਰ ਆਯਾਤ-ਨਿਰਯਾਤ ਕਰਨਾ ਹੈ। ਇਸ ਨੂੰ ਰੋਕਣਾ ਕਈ ਪ੍ਰਕਾਰ ਦੀਆਂ ਉਲਝਣਾ ਪੈਦਾ ਕਰਨਾ ਹੋਵੇਗਾ ? ਤੇਲ ਅੱਜ ਦੁਨੀਆਂ ਅੰਦਰ ਇੱਕ ਯੁਧਨੀਤਿਕ ਹਥਿਆਰ ਹੈ। ਇਸ ਨੂੰ ਭਾਰਤ ਵੱਲੋਂ ਸੰਸਾਰ-ਵਿਆਪੀ ਘਟਨਾਕਰਮ ਅਤੇ ਭੂਗੋਲਿਕ-ਰਾਜਨੀਤਕ ਰਿਸ਼ਤਿਆਂ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਜਿਸ ਦਾ ਭਾਰਤ ਦੀ ਕੌਮੀ ਸਥਿਤੀ ’ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦਣਾ ਤੇ ਵਪਾਰ ਵਧਾਉਣਾ ਦੋਨੋਂ ਦੇਸ਼ਾਂ ਦੇ ਹਿਤਾਂ ਵਿੱਚ ਹੈ ਜੋ ਅਮਰੀਕਾ ਨੂੰ ਭਾਉਂਦਾ ਨਹੀਂ ਹੈ।

# ਬਹੁਪੱਖੀ ਸੰਕਟਾਂ ਵਿੱਚ ਘਿਰੇ ਪੰਜਾਬ ਨੂੰ ਕਿਵੇਂ ਬਚਾਇਆ ਜਾਵੇ ?



**ਸਤਨਾਮ ਮਾਣਕ**
ਸੀਨੀਅਰ ਪੱਤਰਕਾਰ

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਦਾ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੇ ਇਤਿਹਾਸ, ਰਾਜਨੀਤੀ ਤੇ ਆਰਥਿਕਤਾ ਵਿੱਚ ਵੱਡਾ ਯੋਗਦਾਨ ਰਿਹਾ ਹੈ। ਰਬਿੰਦਰ ਨਾਥ ਟੈਗੋਰ ਨੇ ਰਾਸ਼ਟਰੀ ਗੀਤ ਵਿੱਚ ਵੀ ਰਾਜਾਂ ਦਾ ਜ਼ਿਕਰ ਕਰਦਿਆਂ ਸਭ ਤੋਂ ਪਹਿਲਾਂ ਪੰਜਾਬ ਦਾ ਨਾਂਅ ਲਿਆ ਹੈ।

ਇੱਕ ਲੰਮੇ ਸਮੇਂ ਤੱਕ ਇਸ ਧਰਤੀ ਦੇ ਜਾਏ ਕੇਂਦਰੀ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦਾ ਮੂੰਹ ਮੋੜਦੇ ਰਹੇ ਹਨ। 1469 ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨੇ ਇਸ ਸਮੁੱਚੇ ਖੇਤਰ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 10ਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਿੱਖਿਆ ਅਤੇ ਦੀਖਿਆ ਦੀ ਇੱਕ ਅਜਿਹੀ ਲਹਿਰ ਚੱਲੀ, ਜਿਸ ਨੇ ਇਸ ਧਰਤੀ ’ਤੇ ਅਣਖੀ ਤੇ ਗ਼ੈਰਤਮੰਦ ਮਨੁੱਖ ਪੈਦਾ ਕੀਤਾ, ਜੋ ਨਾ ਤਾਂ ਜ਼ੁਲਮ ਕਰਨ ਦੇ ਹੱਕ ਵਿੱਚ ਸੀ ਅਤੇ ਨਾ ਹੀ ਜ਼ੁਲਮ ਸਹਿਣ ਦੇ ਹੱਕ ਵਿੱਚ ਸੀ। ਗੁਰੂ ਸਾਹਿਬਾਨ ਨੇ ਆਪਣੀ ਕਰਨੀ ਅਤੇ ਕਥਨੀ ਰਾਹੀਂ ਲੋਕਾਂ ਦੀ ਮਾਨਸਿਕਤਾ ਵਿੱਚ ਵੱਡੀ ਤਬਦੀਲੀ ਲਿਆਂਦੀ। ਜਾਤ-ਪਾਤ ਤੋਂ ਰਹਿਤ ਅਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਵਿੱਚ ਵੱਡਾ ਯੋਗਦਾਨ ਪਾਇਆ। ਇਸ ਪ੍ਰਸੰਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇੱਕ ਵੱਡਾ ਕ੍ਰਾਂਤੀਕਾਰੀ ਕਾਰਜ ਸੀ। ਇਸੇ ਰਾਜਨੀਤਕ ਅਤੇ ਸਮਾਜਿਕ ਚੇਤਨਾ ਦਾ ਸਿੱਟਾ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਕਤੀਸ਼ਾਲੀ ਰਾਜ ਦੇ ਰੂਪ ਵਿੱਚ ਸਾਹਮਣੇ ਆਇਆ, ਜਿਸ ਨੇ ਪੰਜਾਬ ਦੇ ਮਹੱਤਵ ਅਤੇ ਮਾਣ-ਸਨਮਾਨ ਨੂੰ ਪੂਰੀ ਦੁਨੀਆ ਵਿੱਚ ਬੁਲੰਦ ਕੀਤਾ ਸੀ।

1849 ਵਿੱਚ ਅੰਗਰੇਜ਼ਾਂ ਦੁਆਰਾ ਪੰਜਾਬ ’ਤੇ ਕਾਬਜ਼ ਹੋਣ ਤੋਂ ਤੁਰੰਤ ਬਾਅਦ ਹੀ ਗੁਰੂ ਸਾਹਿਬਾਨ ਦੁਆਰਾ ਚੇਤਨ ਕੀਤੇ ਅਤੇ ਜਗਾਏ ਹੋਏ ਪੰਜਾਬੀਆਂ ਨੇ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਲੜਾਈ ਵਿੱਢ ਦਿੱਤੀ। ਸੌ ਸਾਲ ਤੱਕ ਚੱਲੀ ਇਸ ਲੜਾਈ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨੇ ਵੱਡਾ ਹਿੱਸਾ ਪਾਇਆ। ਇਹ ਧਰਤੀ ਏਨੀ ਜ਼ਰਖੇਜ਼ ਸੀ ਕਿ ਇੱਥੇ ਇੱਕ ਤੋਂ ਬਾਅਦ ਇੱਕ ਆਜ਼ਾਦੀ ਲਈ ਲਹਿਰਾਂ ਉੱਠਦੀਆਂ ਰਹੀਆਂ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਨੂੰ ਟਿਕ ਕੇ ਨਹੀਂ ਬੈਠਣ ਦਿੱਤਾ। ਲੋਕਾਂ ਨੂੰ ਗੁਰੂ ਸਾਹਿਬਾਨ ਦੇ ਵਿਰਸੇ ਨਾਲ ਜੋੜਨ ਅਤੇ ਆਪਣੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਸਭ ਤੋਂ ਪਹਿਲਾਂ ਸਿੰਘ ਸਭਾ ਲਹਿਰ ਸਾਹਮਣੇ ਆਈ, ਜਿਸ ਨੇ ਲੋਕਾਂ ਨੂੰ ਇੱਕ ਵਾਰ ਫਿਰ ਤੋਂ ਪੰਜਾਬ ਦੇ ਮਾਣਮੱਤੇ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਿਆ। ਪੰਜਾਬੀ ਸਮਾਜ ਵਿੱਚ ਆਈਆਂ ਕਮੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਨੇ ਵਿੱਦਿਅਕ ਅਦਾਰੇ ਬਣਾ ਕੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਵਿੱਚ ਵੱਡਾ ਯੋਗਦਾਨ ਪਾਇਆ। ਇਸ ਤੋਂ ਬਾਅਦ ਨਾਮਧਾਰੀ ਲਹਿਰ, ਗ਼ਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਜੱਦੋ-ਜਹਿਦ ਨੇ ਅੰਗਰੇਜ਼ਾਂ ਨੂੰ ਇਹ ਚੰਗੀ ਤਰ੍ਹਾਂ ਅਹਿਸਾਸ ਕਰਵਾ ਦਿੱਤਾ ਸੀ ਕਿ ਨਾ ਪੰਜਾਬ ਅਤੇ ਨਾ ਹੀ ਇਹ ਦੇਸ਼ ਬਹੁਤੀ ਦੇਰ ਤੱਕ ਉਨ੍ਹਾਂ ਦੀ ਗ਼ੁਲਾਮੀ ਅਧੀਨ ਰਹੇਗਾ। ਬਿਨਾਂ ਸ਼ੱਕ ਕੌਮੀ ਪੱਧਰ ’ਤੇ ਕਾਂਗਰਸ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੀ ਇੱਕ ਵੱਡੀ ਧਿਰ ਸੀ, ਪਰ ਇਸ ਦੇ ਨਾਲ-ਨਾਲ ਪੰਜਾਬ, ਬੰਗਾਲ, ਮਹਾਰਾਸ਼ਟਰ, ਬਿਹਾਰ ਅਤੇ ਇਸ ਵਿਸ਼ਾਲ ਦੇਸ਼ ਦੇ ਵੱਖ-ਵੱਖ ਹੋਰ ਖੇਤਰਾਂ ਵਿੱਚ ਉੱਠੀਆਂ ਸਥਾਨਕ ਲਹਿਰਾਂ ਨੇ ਵੀ ਅਹਿਮ ਯੋਗਦਾਨ ਪਾਇਆ। ਇਸ ਪ੍ਰਸੰਗ ਵਿੱਚ ਪੰਜਾਬ ਦਾ ਯੋਗਦਾਨ ਬਿਨਾਂ ਸ਼ੱਕ ਸਭ ਤੋਂ ਵਧੇਰੇ ਰਿਹਾ ਹੈ।

ਪਰ ਦੇਸ਼ ਦੀ ਵੰਡ ਪਹਿਲਾ ਅਜਿਹਾ ਵੱਡਾ ਘਟਨਾਕ੍ਰਮ ਸੀ, ਜਿਸ ਨੇ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ। ਪੰਜਾਬੀ ਵਸੇਬੇ ਦਾ ਲੱਕ ਤੋੜ ਦਿੱਤਾ। ਪੰਜਾਬ ਨਾ ਕੇਵਲ ਭੁਗੋਲਿਕ ਤੌਰ ’ਤੇ ਵੰਡਿਆ ਗਿਆ, ਸਗੋਂ ਇਸ ਦੀ ਇਤਿਹਾਸਕ ਵਿਰਾਸਤ ਜੋ ਵੰਡ ਤੋਂ ਬਾਅਦ ਪਾਕਿਸਤਾਨ (ਲਹਿੰਦਾ ਪੰਜਾਬ) ਵਿੱਚ ਰਹਿ ਗਈ ਸੀ, ਉਸ ਦੀ ਸਾਂਭ ਸੰਭਾਲ ਦੇ ਰਾਹ ਵਿੱਚ ਵੀ ਵੱਡੀਆਂ ਰੁਕਾਵਟਾਂ ਪੈਦਾ ਹੋਈਆਂ। ਬਹੁਤ ਸਾਰੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਵਾਲੇ ਅਸਥਾਨਾਂ ਦੀ ਹੋਂਦ ਬਰਕਰਾਰ ਨਾ ਰੱਖੀ ਜਾ ਸਕੀ ਅਤੇ ਨਾ ਹੀ ਭਾਰਤੀ ਪੰਜਾਬ ਦੇ ਲੋਕ ਆਸਾਨੀ ਨਾਲ ਉਨ੍ਹਾਂ ਥਾਵਾਂ ਦੇ ਦਰਸ਼ਨ-ਦੀਦਾਰ ਕਰ ਸਕੇ। ਦੇਸ਼ ਦੀ ਵੰਡ ਸਮੇਂ ਇੱਕ ਅੰਦਾਜ਼ੇ ਮੁਤਾਬਿਕ 250 ਤੋਂ ਵੀ ਵੱਧ ਗੁਰਦੁਆਰੇ ਅਤੇ ਸੱਭਿਆਚਾਰਕ ਤੌਰ ’ਤੇ ਅਹਿਮੀਅਤ ਰੱਖਣ ਵਾਲੇ ਸਥਾਨ ਪਾਕਿਸਤਾਨ (ਲਹਿੰਦਾ ਪੰਜਾਬ) ਵਿੱਚ ਸਨ। ਇਨ੍ਹਾਂ ਵਿਚੋਂ ਕੁਝ ਖ਼ਾਸ ਅਸਥਾਨਾਂ ਨੂੰ ਹੀ ਸੰਭਾਲਿਆ ਜਾ ਸਕਿਆ।

ਇਧਰ ਭਾਰਤ ਵਿੱਚ ਪੰਜਾਬ ਦਾ ਪੁਨਰਗਠਨ ਨਿਆਂਸੰਗਤ ਢੰਗ ਨਾਲ ਨਾ ਹੋਣ ਕਾਰਨ ਨਵਾਂ ਬਣਿਆ ਪੰਜਾਬੀ ਸੂਬਾ ਆਪਣੀ ਰਾਜਧਾਨੀ ਅਤੇ ਆਪਣੇ ਦਰਿਆਵਾਂ ਦੇ ਪਾਣੀ ’ਤੇ ਆਪਣੇ ਅਧਿਕਾਰ ਤੇ ਕੰਟਰੋਲ ਤੋਂ ਵੀ ਇੱਕ ਤਰ੍ਹਾਂ ਨਾਲ ਵਾਂਝਾ ਹੋ ਗੁਆ ਬੈਠਾ। ਇਸ ਸੰਬੰਧੀ ਰੇੜਕੇ ਅਜੇ ਤੱਕ ਚਲਦੇ ਆ ਰਹੇ ਹਨ। ਕਾਂਗਰਸ ਪਾਰਟੀ ਤੋਂ ਲੈ ਕੇ ਭਾਰਤੀ ਜਨਤਾ ਪਾਰਟੀ ਤੱਕ ਕੇਂਦਰ ਵਿੱਚ ਸੱਤਾਧਾਰੀ ਰਹੀਆਂ ਬਹੁਤੀਆਂ ਸਰਕਾਰਾਂ ਨੇ ਪੰਜਾਬ ਨੂੰ ਇਨਸਾ.ਫ ਨਹੀਂ ਦਿੱਤਾ। ਪਰ ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਪੰਜਾਬੀਆਂ ਨੇ ਆਪਣੀ ਅਣਖ, ਮਿਹਨਤ ਅਤੇ ਗ਼ੈਰਤ ਨਾਲ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਅਤੇ ਕੌਮੀ ਪੱਧਰ ’ਤੇ ਵੀ ਆਪਣੀ ਹੋਂਦ ਦਾ ਸਿੱਕਾ ਮਨਵਾਇਆ। ਬਿਨਾਂ ਸ਼ੱਕ ਹਰੇ ਇਨਕਲਾਬ ਨੇ ਪੰਜਾਬ ਦੇ ਰਾਜਨੀਤਕ ਅਤੇ ਆਰਥਿਕ ਉਭਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ, ਪਰ ਇਕ ਸਮੇਂ ਤੋਂ ਬਾਅਦ ਜਦੋਂ ਹਰਾ ਇਨਕਲਾਬ ਉਲਟ ਪ੍ਰਭਾਵੀ ਹੋ ਗਿਆ ਤਾਂ ਉਸ ਸਮੇਂ ਪੰਜਾਬ ਨੂੰ ਨਵੀਂ ਖੇਤੀ ਨੀਤੀ ਦੇਣ ਦੇ ਨਾਲ-ਨਾਲ ਰਾਜ ਦੀ ਖੇਤੀ ਨੂੰ ਹੰਢਣਸਾਰ ਬਣਾਈ ਰੱਖਣ ਲਈ ਇਥੇ ਖੇਤੀ ਅਧਾਰਿਤ ਸਨਅਤਾਂ ਲਾਉਣ ਦੀ ਲੋੜ ਸੀ, ਪਰ ਪੰਜਾਬ ਵਿੱਚ ਸਨਅਤਾਂ ਲਗਾਉਣ ਦੀ ਥਾਂ ਕੇਂਦਰ ਵਿੱਚ ਬਣੀਆਂ ਸਰਕਾਰਾਂ ਦੀ ਮਨਸ਼ਾ ਇਸ ਨੂੰ ਕੱਚੇ ਮਾਲ ਦੀ ਮੰਡੀ ਬਣਾਈ ਰੱਖਣ ਦੀ ਹੀ ਰਹੀ।

ਅੱਜ ਪੰਜਾਬ ਜਿਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਉਨ੍ਹਾਂ ਵਿਚੋਂ ਜ਼ਿਆਦਾ ਸਮੱਸਿਆਵਾਂ ਪੰਜਾਬ ਦੀ ਖੇਤੀ ਵਿੱਚ ਆਈ ਹੋਈ ਖੜੋਤ ਅਤੇ ਰਾਜ ਦਾ ਸਮੇਂ ਸਿਰ ਸਨਅਤੀਕਰਨ ਨਾ ਹੋਣ ਕਾਰਨ ਆਰਥਿਕਤਾ ਵਿੱਚ ਆਈ ਖੜੋਤ ਵਿਚੋਂ ਪੈਦਾ ਹੋਈਆਂ ਹਨ। ਇਸੇ ਕਾਰਨ ਇਥੇ ਰੁਜ਼ਗਾਰ ਦੇ ਅਵਸਰ ਨਾ ਵਧ ਸਕੇ। ਇਸੇ ਦੇ ਸਿੱਟੇ ਵਜੋਂ ਹੀ ਸਿੱਖਿਆ ਹਾਸਿਲ ਕਰਨ ਦੇ ਬਹਾਨੇ ਨੌਜਵਾਨ ਵਿਦੇਸ਼ਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋ ਗਏ। ਨੌਜਵਾਨਾਂ ਦਾ ਇੱਕ ਵੱਡਾ ਹਿੱਸਾ ਜਿਸ ਕੋਲ ਮਿਆਰੀ ਸਿੱਖਿਆ ਨਹੀਂ ਸੀ ਅਤੇ ਉਹ ਆਈਲੈਟਸ ਵਰਗੇ ਟੈਸਟ ਪਾਸ ਕਰਨ ਦੇ ਵੀ ਸਮਰੱਥ ਨਹੀਂ ਸੀ ਉਹ ਬੇਰੁਜ਼ਗਾਰੀ ਦਾ ਮਾਰਿਆ ਜੁਰਮਾਂ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਿਆ ਅਤੇ ਅਜੇ ਵੀ ਕਰ ਰਿਹਾ ਹੈ। ਨੌਜਵਾਨ ਹਰ ਦੇਸ਼ ਤੇ ਹਰ ਸਮਾਜ ਦੀ ਚਾਲਕ ਸ਼ਕਤੀ ਹੁੰਦੇ ਹਨ, ਪਰ ਪੰਜਾਬ ਵਿੱਚ ਹਾਲਾਤ ਇਹ ਬਣ ਗਏ ਹਨ, ਕਿ ਨੌਜਵਾਨਾਂ ਦਾ ਇੱਕ ਵੱਡਾ ਵਰਗ ਅੱਜ ਆਪਣੇ ਲਈ ਵੀ ਤੇ ਸਮਾਜ ਲਈ ਵੀ ਮੁਸੀਬਤ ਬਣ ਗਿਆ ਹੈ। ਗੈਂਗਸਟਰਵਾਦ ਅਤੇ ਨਸ਼ਿਆਂ ਦੇ ਵਧੇ ਪ੍ਰਕੋਪ ਨੂੰ ਇਸ ਸੰਦਰਭ ਵਿੱਚ ਹੀ ਦੇਖਿਆ ਤੇ ਸਮਝਿਆ ਜਾ ਸਕਦਾ ਹੈ। ਪੰਜਾਬ ਵਿੱਚ ਰਾਜ ਕਰਨ ਵਾਲੀਆਂ ਸਰਕਾਰਾਂ ਨੂੰ ਆਰਥਿਕਤਾ ਵਿੱਚ ਆਈ ਖੜ੍ਹੋਤ ਨੂੰ ਤੋੜਨ ਲਈ ਸਮੇਂ ਸਿਰ ਉਪਰਾਲੇ ਕਰਨੇ ਚਾਹੀਦੇ ਸਨ, ਕੇਂਦਰੀ ਸਰਕਾਰਾਂ ਨੂੰ ਇਸ ਲਈ ਮਜ਼ਬੂਰ ਕਰਨਾ ਚਾਹੀਦਾ ਸੀ। ਪਰ ਇਹ ਦੁੱਖ ਦੀ ਗੱਲ ਹੈ ਕਿ ਰਾਜ ਵਿੱਚ ਬਣੀਆਂ ਸਰਕਾਰਾਂ ਖ਼ਾਸ ਕਰਕੇ ਖਾੜਕੂਵਾਦ ਤੋਂ ਬਾਅਦ 1997 ਤੋਂ ਬਣੀਆਂ ਸਰਕਾਰਾਂ ਨੇ ਸਿੱਖਿਆ, ਸਿਹਤ ਆਦਿ ਦੇ ਮਹੱਤਵਪੂਰਨ ਖੇਤਰਾਂ ਵੱਲ ਧਿਆਨ ਦੇਣ ਅਤੇ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਲਈ ਕੋਈ ਵੱਡੇ ਉਪਰਾਲੇ ਨਹੀਂ ਕੀਤੇ। ਸਗੋਂ ਰਾਜ ਦੀਆਂ ਸਿਆਸੀ ਪਾਰਟੀਆਂ ਨੇ ਸੱਤਾ ਹਾਸਿਲ ਕਰਨ ਲਈ ਲੋਕਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਤੁਰੰਤ ਸਿੱਧੇ ਵਿੱਤੀ ਲਾਭ ਦੇ ਕੇ ਵੋਟਾਂ ਬਟੋਰਨ ਦਾ ਰਸਤਾ ਅਖ਼ਤਿਆਰ ਕੀਤਾ।

(ਬਾਕੀ ਸ.ਫਾ 31 ’ਤੇ)

# ਕੀ ਪੰਜਾਬ ਵਿਚੋਂ ਨਸ਼ੇ ਖ਼ਤਮ ਹੋ ਸਕਣਗੇ ?



ਡਾ. ਅਮਨਪ੍ਰੀਤ ਸਿੰਘ ਬਰਾੜ



ਲੋਕ ਅਕਸਰ 'ਨਸ਼ਾ' ਸ਼ਬਦ ਦੀ ਵਰਤੋਂ ਕਰਦੇ ਹਨ, ਇਹ ਸ਼ਬਦ ਚੰਗੇ ਤੇ ਬੁਰੇ ਦੋਵੇਂ ਅਰਥਾਂ 'ਚ ਵਰਤਿਆ ਜਾਂਦਾ ਹੈ। ਨਸ਼ਾ ਸ਼ਬਦ ਨੂੰ ਚੰਗੇ ਪਾਸੇ ਲਈ ਵਰਤਦਿਆਂ ਲੋਕ ਆਮ ਹੀ ਕਹਿੰਦੇ ਹਨ ਕਿ ਉਸ ਨੂੰ ਕਿਸੇ ਵੀ ਕੰਮ (ਪੜ੍ਹਾਈ-ਲਿਖਾਈ, ਵਪਾਰ, ਨੌਕਰੀ) ਦੀ ਬੜੀ ਲਗਨ ਜਾਂ ਨਸ਼ਾ ਹੈ, ਕਿਸੇ ਨੂੰ ਸਵੇਰ ਦੀ ਸੈਰ ਅਤੇ ਕਿਸੇ ਨੂੰ ਆਪਣੇ ਕੰਮ-ਧੰਦੇ ਦਾ ਨਸ਼ਾ ਹੈ। ਲੋਕ ਆਪਣੀ ਮੰਜ਼ਿਲ ਹਾਸਿਲ ਕਰਨ ਲਈ ਦਿਨ-ਰਾਤ ਇੱਕ ਕਰ ਦਿੰਦੇ ਹਨ, ਕਿਸੇ ਵੀ ਕੰਮ ਧੰਦੇ ਨੂੰ ਕਰਕੇ ਮਨ ਨੂੰ ਜੋ ਅੰਦਰੂਨੀ ਖੁਸ਼ੀ ਜਾਂ ਤਸੱਲੀ ਮਿਲਦੀ ਹੈ। ਉਹ ਕੰਮ ਹੋਰ ਕਰਨ ਨੂੰ ਦਿਲ ਕਰਦਾ ਹੈ, ਜਿਵੇਂ- ਡਾਕਟਰ ਨੂੰ ਮਰੀਜ਼ ਦੇ ਠੀਕ ਹੋਣ, ਮਕੈਨਿਕ ਨੂੰ ਵਿਗੜੀ ਕਾਰ ਠੀਕ ਹੋਣ, ਲਿਖਾਰੀ ਦਾ ਲੇਖ, ਕਹਾਣੀ ਜਾਂ ਨਾਵਲ ਛਪ ਜਾਣ ਤੇ ਕਿਸਾਨ ਦੀ ਪੈਦਾਵਾਰ ਦਾ ਮੁੱਲ ਮਿਲ ਜਾਵੇ, ਉਨ੍ਹਾਂ ਲਈ ਇਸ ਸਭ ਦਾ ਆਪਣਾ ਹੀ ਨਸ਼ਾ ਹੈ। ਪਰ ਇਸ ਨਸ਼ਾ ਸ਼ਬਦ ਦਾ ਦੂਜਾ ਪੱਖ ਇਹ ਹੈ ਕਿ ਜਦੋਂ ਕੋਈ ਵਿਅਕਤੀ ਨਸ਼ੀਲੀ ਦਵਾਈ ਜਾਂ ਸ਼ਰਾਬ ਆਦਿ ਖਾ-ਪੀ ਕੇ ਆਪਣੇ ਸਰੀਰ ਨੂੰ ਆਰਜ਼ੀ ਤਾਕਤ ਦਿੰਦਾ ਹੈ, ਉਸ ਨੂੰ ਵੀ ਨਸ਼ਾ ਕਰਨਾ ਕਹਿੰਦੇ ਹਨ। ਇਸ ਨਸ਼ੇ ਦੇ ਕਈ ਸਰੋਤ ਹਨ ਜਿਵੇਂ ਕਿ ਬਨਸਪਤੀ ਪੌਦਿਆਂ ਤੋਂ ਬਣੇ ਡੋਡੇ, ਅਫ਼ੀਮ ਅਤੇ ਭੰਗ ਆਦਿ। ਸਰਕਾਰੀ ਤੌਰ 'ਤੇ ਵੇਚੀ ਜਾਂਦੀ ਸ਼ਰਾਬ, ਜੋ ਸੂਬਿਆਂ ਦੀ ਆਮਦਨੀ ਦਾ ਵੱਡਾ ਸਰੋਤ ਹੈ। ਸਿੰਥੈਟਿਕ ਪਦਾਰਥ ਜੋ ਆਰਜ਼ੀ ਨਸ਼ਾ ਦਿੰਦੇ ਹਨ ਤੇ ਅੰਤ ਇਨਸਾਨ ਨੂੰ ਲੈ ਬੈਠਦੇ ਹਨ। ਇਸੇ ਤਰ੍ਹਾਂ ਸਿਆਸਤ ਵਿੱਚ, ਦੌਲਤ ਤੇ ਹਕੂਮਤ/ਪਾਵਰ ਦਾ ਵੀ ਆਪਣਾ ਹੀ ਨਸ਼ਾ ਹੁੰਦਾ ਹੈ।

**ਅੰਤਰਰਾਸ਼ਟਰੀ ਪੱਧਰ 'ਤੇ ਨਸ਼ੇ**

ਸਭ ਤੋਂ ਪਹਿਲਾਂ ਅਸੀਂ ਅੰਤਰਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ (ਆਈ.ਐਨ.ਸੀ.ਬੀ.) ਦੀ ਗੱਲ ਕਰਦੇ ਹਾਂ ਜੋ ਇੱਕ ਖੁਦਮੁਖਤਿਆਰ ਸੰਸਥਾ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਸ਼ਾ ਤਸਕਰੀ ਨੂੰ ਕੰਟਰੋਲ ਕਰਦੀ ਹੈ। ਸਾਲ 1961 ਵਿੱਚ ਸਥਾਪਿਤ ਹੋਈ ਇਹ ਸੰਸਥਾ ਸੰਯੁਕਤ ਰਾਸ਼ਟਰ ਅਤੇ ਉਸ ਦੀਆਂ ਸੰਸਥਾਵਾਂ ਡਬਲਯੂ.ਐਚ.ਓ, ਇੰਟਰਪੋਲ ਅਤੇ ਡਬਲਯੂ.ਸੀ.ਓ. ਨਾਲ ਮਿਲ ਕੇ ਕੰਮ ਕਰਦੀ ਹੈ। ਮਾਰਚ 2025 ਵਿੱਚ ਆਈ.ਐਨ.ਸੀ.ਬੀ. ਦੀ ਜਨਤਕ ਹੋਈ ਰਿਪੋਰਟ ਅਨੁਸਾਰ ਦੁਨੀਆ ਦੇ ਸਾਰੇ ਮਹਾਂਦੀਪ ਅਤੇ ਦੇਸ਼ ਨਸ਼ਿਆਂ ਦੀ ਸਮੱਸਿਆ ਦਾ ਸ਼ਿਕਾਰ ਹਨ। ਇਸ ਰਿਪੋਰਟ ਮੁਤਾਬਕ ਸਭ ਤੋਂ ਜ਼ਿਆਦਾ ਨਸ਼ਾ ਅਫ਼ਰੀਕੀ ਦੇਸ਼ਾਂ ਅਤੇ ਉਸ ਤੋਂ ਬਾਅਦ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਵਿੱਚ ਹੈ, ਖਾਸ ਕਰਕੇ ਜੋ ਦੇਸ਼ ਸਮੁੰਦਰੀ ਤੱਟ ਨਾਲ ਲੱਗਦੇ ਹਨ। ਰਿਪੋਰਟ ਮੁਤਾਬਕ ਆਈ.ਐਨ.ਸੀ.ਬੀ. ਨੇ ਜਦੋਂ 1972 ਵਿੱਚ ਬਨਸਪਤੀ (ਪਲਾਂਟ ਬੇਸਡ) ਨਸ਼ੇ ਬੰਦ ਕੀਤੇ ਤਾਂ ਸਿੰਥੈਟਿਕ (ਰਸਾਇਣਕ) ਨਸ਼ੇ ਵਧਣੇ ਸ਼ੁਰੂ ਹੋ ਗਏ। ਸਿੰਥੈਟਿਕ ਨਸ਼ੇ ਦਵਾਈਆਂ ਵਾਂਗ ਬਣਾਏ ਜਾਂਦੇ ਹਨ ਤੇ ਦਵਾਈਆਂ ਦੇ ਨਾਲ ਹੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚਾਏ ਜਾਂਦੇ ਹਨ। ਭਾਰਤ 'ਚ ਬਹੁਤੇ ਨਸ਼ੇ ਅਫਗਾਨਿਸਤਾਨ, ਅਫ਼ਰੀਕਾ ਤੇ ਉੱਤਰੀ ਅਮਰੀਕਾ ਤੋਂ ਆਉਂਦੇ ਹਨ।

**ਰਾਸ਼ਟਰੀ ਪੱਧਰ 'ਤੇ ਨਸ਼ਾ :**

ਭਾਰਤ ਦੇ ਸਭ ਸੂਬਿਆਂ ਵਿੱਚ ਨਸ਼ੇ ਪ੍ਰਚੱਲਿਤ ਹਨ। ਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ (ਐਨ.ਸੀ.ਆਰ.ਬੀ.) ਦੇ ਸਾਲ 2024 ਦੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਨਸ਼ਿਆਂ ਦੇ ਕੇਸ ਕੇਰਲ ਵਿੱਚ ਪਾਏ ਗਏ ਹਨ, ਉੱਤਰ ਪ੍ਰਦੇਸ਼ ਵੀ ਪੰਜਾਬ ਦੇ ਨੇੜੇ ਹੀ ਹੈ। ਭਾਵੇਂ 2022-2023 ਵਿੱਚ ਉੱਤਰ ਪ੍ਰਦੇਸ਼ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਜੰਗ ਛੇੜਦਿਆਂ ਪਹਿਲੀ ਵਾਰ ਕਈ ਨਸ਼ਾ ਤਸਕਰਾਂ ਦੇ ਘਰ ਢਾਹੇ ਸਨ, ਪਰ ਨਸ਼ੇ ਬੰਦ ਨਹੀਂ ਹੋਏ ਹਾਂ ਘਟੇ ਜ਼ਰੂਰ ਹਨ। ਕੇਂਦਰ ਸਰਕਾਰ ਨੇ 15 ਅਗਸਤ 2020 ਨੂੰ ਨਸ਼ਾ ਮੁਕਤ ਭਾਰਤ ਮੁਹਿੰਮ ਸ਼ੁਰੂ ਕਰਦਿਆਂ ਦੇਸ਼ ਦੇ ਨਸ਼ਾ ਪ੍ਰਭਾਵਿਤ 272 ਜ਼ਿਲ੍ਹਿਆਂ ਨੂੰ ਚੁਣਿਆ ਸੀ। ਇਸ ਤਿੰਨ-ਨੁਕਾਤੀ ਪ੍ਰੋਗਰਾਮ ਤਹਿਤ ਪਹਿਲਾ ਨਸ਼ੇ ਦੀ ਸਪਲਾਈ ਨੂੰ ਨੱਥ ਪਾਉਣਾ, ਦੂਜਾ ਲੋਕਾਂ ਨੂੰ ਨਸ਼ਿਆਂ ਬਾਰੇ ਜਾਗਰੂਕ ਕਰਨਾ ਅਤੇ ਤੀਜਾ ਨਸ਼ੇ ਦੇ ਆਦੀ ਲੋਕਾਂ ਦੇ ਨਸ਼ੇ ਛੁਡਾਉਣ ਲਈ ਮੁਫ਼ਤ ਇਲਾਜ ਕਰਵਾਉਣਾ ਸ਼ਾਮਿਲ ਸੀ। ਅੱਜ ਵੀ ਭਾਰਤ ਦੇ ਕਈ ਸੂਬੇ ਨਸ਼ਿਆਂ ਦੇ ਮਾਮਲੇ ਵਿੱਚ ਪੰਜਾਬ ਤੋਂ ਕਿਤੇ ਅੱਗੇ ਹਨ, ਫਿਰ ਇੰਨੀ ਜ਼ਿਆਦਾ ਚਰਚਾ ਪੰਜਾਬ ਦੀ ਹੀ ਕਿਉਂ ਹੋ ਰਹੀ ਹੈ ? ਕੀ ਨਸ਼ੇ ਦੀ ਆੜ ਵਿੱਚ ਸਿਆਸਤ ਖੇਡਦਿਆਂ ਪੰਜਾਬ ਨੂੰ ਬਦਨਾਮ ਕਰ ਕੇ ਵੱਡੀ ਢਾਹ ਲਾਈ ਜਾ ਰਹੀ ਹੈ ? ਸਾਲ 2017 ਵਿੱਚ ਆਈ ਫਿਲਮ 'ਉੜਤਾ ਪੰਜਾਬ' ਇਸੇ ਦੀ ਮਿਸਾਲ ਹੈ। ਪਿਛਲੇ ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਤਿੰਨ ਪਾਰਟੀਆਂ ਦੀਆਂ 5 ਸਰਕਾਰਾਂ ਬਣੀਆਂ ਹਨ, ਹਰੇਕ ਪਾਰਟੀ ਨੇ ਨਸ਼ੇ ਖਤਮ ਕਰਨ ਦਾ ਪ੍ਰਚਾਰ ਕਰਦਿਆਂ ਵੋਟਰਾਂ/ਲੋਕਾਂ ਨੂੰ ਗੁਮਰਾਹ ਕਰਕੇ ਆਪਣੀਆਂ ਸਰਕਾਰਾਂ ਬਣਾਈਆਂ, ਪਰ ਨਸ਼ੇ ਬੰਦ ਨਾ ਕਰਵਾ ਸਕੇ। ਮਈ 2025 ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 25-30 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ 'ਚੋਂ ਜ਼ਿਆਦਾਤਰ 25 ਤੋਂ 34 ਸਾਲ ਦੇ ਨੌਜਵਾਨ ਸਨ। ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕਰਨ ਬਾਅਦ ਮਾਮਲੇ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲ ਸਕੀ।

ਲੇਖ ਵਿੱਚ ਦਿੱਤੀ ਸਾਰਣੀ ਤੋਂ ਸਪੱਸ਼ਟ ਹੈ ਕਿ 2002 ਤੋਂ 2025 ਤੱਕ ਨਸ਼ਿਆਂ ਵਿਰੁੱਧ ਕੀਤੀ ਕਾਰਵਾਈ ਦੌਰਾਨ ਕਿਹੜੀ ਸਰਕਾਰ ਨੇ ਕਿੰਨੇ ਕੇਸ ਦਰਜ ਕੀਤੇ ਅਤੇ ਕਿੰਨੇ ਲੋਕ ਫੜੇ ਗਏ। ਟਾਈਮਜ਼ ਆਫ਼ ਇੰਡੀਆ ਦੀ 20 ਅਪ੍ਰੈਲ 2025 ਦੀ ਖ਼ਬਰ ਮੁਤਾਬਕ ਪਿਛਲੇ 50 ਦਿਨਾਂ ਵਿੱਚ ਪੰਜਾਬ ਪੁਲਿਸ ਨੇ 6737 ਲੋਕ ਗ੍ਰਿਫ਼ਤਾਰ ਕੀਤੇ ਹਨ। ਤ੍ਰਾਸਦੀ ਦੇਖੋ ਕਿ ਇੱਕ ਪਾਸੇ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਸਨ ਤਾਂ ਦੂਜੇ ਪਾਸੇ ਪੰਜਾਬ ਪੁਲਿਸ ਦੀ ਮਹਿਲਾ ਕਾਂਸਟੇਬਲ ਨੂੰ ਕੁਝ ਦਿਨਾਂ ਵਿੱਚ ਹੀ ਨਸ਼ਾ ਤਸਕਰੀ ਮਾਮਲੇ 'ਚ ਜ਼ਮਾਨਤ ਮਿਲ ਜਾਂਦੀ ਹੈ। ਭਾਵੇਂ ਉਹ ਸਰੋਤਾਂ ਤੋਂ ਵਧੇਰੇ ਆਮਦਨ ਮਾਮਲੇ ਵਿੱਚ ਮੁੜ ਫੜੀ ਗਈ ਹੈ। ਉਧਰ ਜਦੋਂ 31 ਮਈ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੇਪਰੇ ਚੜ੍ਹਨੀ ਸੀ ਤਾਂ ਸਰਕਾਰ ਦੇ ਟ੍ਰੇਨਿੰਗ ਸੈਂਟਰ ਵਿੱਚ 6 ਮੁਲਾਜ਼ਮ ਡੋਪ ਟੈਸਟ ਵਿੱਚ ਫੇਲ੍ਹ ਹੋ ਜਾਂਦੇ ਹਨ ਤੇ ਫਿਰ ਉਨ੍ਹਾਂ ਨੂੰ ਇਲਾਜ ਲਈ ਛੁੱਟੀ 'ਤੇ ਘਰ ਭੇਜਿਆ ਜਾਂਦਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇੱਕ ਪਾਸੇ ਡੋਪ ਟੈਸਟ ਫੇਲ੍ਹ ਹੋਣ 'ਤੇ ਅਸਲ੍ਹੇ ਦਾ ਲਾਇਸੰਸ ਤੱਕ ਨਹੀਂ ਦਿੱਤਾ ਜਾਂਦਾ, ਪਰ ਸਰਕਾਰੀ ਨੌਕਰੀ ਵਾਲੇ ਮੁਲਾਜ਼ਮਾਂ ਨੂੰ ਇਲਾਜ ਲਈ ਛੁੱਟੀ 'ਤੇ ਭੇਜਿਆ ਜਾਂਦਾ ਹੈ।


ਜ਼ਿਕਰਯੋਗ ਹੈ ਕਿ ਨਸ਼ੇ ਉਦੋਂ ਤੱਕ ਖਤਮ ਨਹੀਂ ਹੋ ਸਕਦੇ, ਜਦੋਂ ਤੱਕ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਨਹੀਂ ਮਿਲਦਾ, ਕਿਉਂਕਿ ਬੇਰੁਜ਼ਗਾਰੀ ਕਰਕੇ ਕੁਸੰਗਤ ਵਿੱਚ ਫਸ ਚੁੱਕੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ 'ਚੋਂ ਬਾਹਰ ਕੱਢਣਾ ਮੁਸ਼ਕਿਲ ਹੀ ਨਹੀਂ ਸਗੋਂ ਨਾਮੁਮਕਿਨ ਹੈ।

ਬਹੁਤੇ ਨੌਜਵਾਨ ਬੇਰੁਜ਼ਗਾਰੀ ਤੇ ਘਰਦਿਆਂ ਦੇ ਤਾਹਨੇ-ਮਿਹਣਿਆਂ ਤੋਂ ਨਿਰਾਸ਼ ਹੋ ਕੇ ਨਸ਼ਾ ਤਸਕਰਾਂ ਦੇ ਚੁੰਗਲ ਵਿੱਚ ਜਾ ਫਸਦੇ ਹਨ। ਅਖੌਤੀ ਦੋਸਤਾਂ ਦੇ ਸਾਥ ਤੋਂ ਨਸ਼ਿਆਂ ਦੀ ਹੋਈ ਸ਼ੁਰੂਆਤ ਆਖਰ ਉਨ੍ਹਾਂ ਨੂੰ ਨਸ਼ੇੜੀ ਬਣਾ ਦਿੰਦੀ ਹੈ। ਜਿੰਮ ਵਿੱਚ ਕਸਰਤ ਕਰਨ ਜਾਂਦੇ ਜਵਾਨ ਮੁੰਡੇ ਐਨਰਜੀ ਡ੍ਰਿੰਕਸ ਤੇ ਪ੍ਰੋਟੀਨ ਪਾਊਡਰ ਲੈਣ ਲੱਗਦੇ ਹਨ, ਜਿਨ੍ਹਾਂ ਦੀ ਵਧੇਰੇ ਵਰਤੋਂ ਦਾ ਸਰੀਰ 'ਤੇ ਕਾਫੀ ਮਾੜਾ ਅਸਰ ਪੈਂਦਾ ਹੈ। ਉਹ ਬੀ.ਪੀ ਵਧਣ, ਹਾਰਟ ਰੇਟ ਵਧਣ, ਚਿੰਤਾ ਨਾਲ ਪੇਟ ਦੀਆਂ ਅੰਤੜੀਆਂ ਦੇ ਰੋਗ, ਘਬਰਾਹਟ ਕਾਰਨ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਹਾਰਵਰਡ ਹੈਲਥ ਪਬਲਿਸ਼ਿੰਗ ਦੇ 2022 ਦੇ ਕਲੀਨ ਲੇਬਲ ਪ੍ਰਾਜੈਕਟ ਮੁਤਾਬਕ ਅਜਿਹੇ ਵਰਤੇ ਜਾਂਦੇ 134 ਉਤਪਾਦਾਂ 'ਚੋਂ 130 ਵਿੱਚ ਹਾਨੀਕਾਰਕ ਤੱਤ-ਲੈਂਡ, ਆਰਸੈਨਿਕ, ਕੈਡਮੀਅਮ ਤੇ ਮਰਕਰੀ, ਬਿਸਫੇਨੋਲ-ਏ ਜਿਸ ਤੋਂ ਪਲਾਸਟਿਕ ਬਣਦਾ ਹੈ ਆਦਿ ਪਾਏ ਗਏ ਹਨ। ਇਹ ਸਾਰੇ ਕੈਂਸਰ ਦਾ ਵੱਡਾ ਕਾਰਨ ਬਣਦੇ ਹਨ।

ਕੀ ਪੀਲਾ ਪੰਜਾ ਨਸ਼ਾ ਬੰਦ ਕਰਵਾ ਸਕੇਗਾ ? ਮੇਰੇ ਮੁਤਾਬਕ ਕਿਸੇ ਦਾ ਘਰ ਢਾਹੁਣਾ ਸਮੱਸਿਆ ਦਾ ਕੋਈ ਹੱਲ ਨਹੀਂ, ਸਗੋਂ ਸਰੋਤਾਂ ਦੀ ਬਰਬਾਦੀ ਹੈ। ਸਰਕਾਰ ਨੂੰ ਨਸ਼ਾ ਤਸਕਰਾਂ ਵੱਲੋਂ ਬਣਾਈ ਅਜਿਹੀ ਸੰਪਤੀ ਨੂੰ ਜ਼ਬਤ ਕਰਕੇ ਸਰਕਾਰੀ ਸੰਪਤੀ ਬਣਾ ਲੈਣੀ ਚਾਹੀਦੀ ਹੈ। ਜੋ ਨਸ਼ਾ ਤਸਕਰਾਂ ਨੂੰ ਹਮੇਸ਼ਾ ਯਾਦ ਦਿਵਾਉਂਦੀ ਰਹੇਗੀ ਕਿ ਇਹ ਜਗ੍ਹਾ ਮੇਰੀ ਸੀ, ਜੋ ਮੈਂ ਬੁਰੇ ਕੰਮਾਂ ਤੋਂ ਬਣਾਈ ਸੀ, ਪਰ ਹੁਣ ਸਰਕਾਰੀ ਸੰਪਤੀ ਬਣ ਗਈ ਹੈ।

# ਸੰਸਾਰ ਅਰਥਚਾਰੇ ਵਿੱਚ ਕਰਜ਼ੇ ਦਾ ਵਿਸਫੋਟ, ਵੱਡੇ ਦੇਸ਼ ਵੀ ਕਰਜ਼ੇ ਦੇ ਜਾਲ ਵਿੱਚ ਫ਼ਸੇ



ਦਵਿੰਦਰ ਕੌਰ ਖੁਸ਼ ਧਾਲੀਵਾਲ

ਭਾਰਤ ਸਰਕਾਰ ਜਿਸ ਹਿਸਾਬ ਨਾਲ ਕਰਜ਼ੇ ਨਾਲ ਦੇਸ਼ ਨੂੰ ਚਲਾ ਰਹੀ ਹੈ ਉਸ ਕਾਰਨ ਅਸੀਂ ਕਰਜ਼ਾ ਲੈਣ ਵਿੱਚ ਪਾਕਿਸਤਾਨ ਨਾਲੋਂ ਘੱਟ ਨਹੀਂ ਰਹਾਂਗੇ। ਜਦੋਂ ਸਰਕਾਰਾਂ ਕਰਜ਼ਾਈ ਹੋਣ ਤਾਂ ਆਮ ਜਨਤਾ ਦੀ ਸਾਰ ਕੌਣ ਲਵੇਗਾ ? ਇਸ ਕਰਜ਼ੇ ਦਾ ਵੱਡਾ ਹਿੱਸਾ 2008 ਦੇ ਸੰਕਟ ਤੇ 2020 'ਚ ਕੋਵਿਡ ਦੌਰਾਨ ਵਧਿਆ ਹੈ। 2008 ਵਿੱਚ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਨੇ ਦਿਵਾਲੀਆ ਬੈਂਕਾਂ ਨੂੰ ਬਚਾਉਣ ਲਈ ਵੱਡੀਆਂ ਰਕਮਾਂ ਦਿੱਤੀਆਂ 2020 ਵਿੱਚ ਪੂੰਜੀਵਾਦੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਨੇ ਵੱਡੇ ਪੱਧਰ 'ਤੇ ਮੰਦੀ ਨੂੰ ਰੋਕਣ ਲਈ ਖ਼ਰਬਾਂ ਡਾਲਰ ਉਧਾਰ ਲੈ ਕੇ ਸਰਮਾਏਦਾਰਾਂ ਦੀਆਂ ਝੋਲੀਆਂ ਭਰੀਆਂ।

ਸੰਸਾਰ ਅਰਥਚਾਰੇ ਵਿੱਚ ਕਰਜ਼ੇ ਦਾ ਵਿਸਫੋਟ ਇੱਕ ਅਜਿਹੇ ਢਾਂਚੇ ਦਾ ਸਪੱਸ਼ਟ ਸੰਕੇਤ ਹੈ, ਜੋ ਆਪਣੀਆਂ ਹੱਦਾਂ 'ਤੇ ਪਹੁੰਚ ਚੁੱਕਾ ਹੈ। ਸੰਸਾਰ ਕਰਜ਼ੇ ਦੀ ਸਮੱਸਿਆ ਇੰਨੀ ਗੰਭੀਰ ਨਹੀਂ ਹੋਣੀ ਸੀ ਜੇ ਸਰਮਾਏਦਾਰਾ ਅਰਥਚਾਰਾ ਤੇਜ਼ੀ ਨਾਲ ਵਧ ਰਿਹਾ ਹੁੰਦਾ, ਪਰ ਜ਼ਿਆਦਾਤਰ ਵਿਕਸਤ ਦੇਸ਼ਾਂ ਵਿੱਚ ਕਾਫ਼ੀ ਸਮੇਂ ਤੋਂ ਵਿਕਾਸ ਦਰ ਬਹੁਤ ਘੱਟ ਜਾਂ ਰੁਕੀ ਹੋਈ ਹੈ। ਨਤੀਜੇ ਵਜੋਂ ਵਿਕਸਤ ਦੇਸ਼ਾਂ ਦਾ ਔਸਤ ਕਰਜ਼ਾ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਨਾਲੋਂ ਹੁਣ 110 ਫ਼ੀਸਦੀ ਹੈ, ਜੋ 2007 ਵਿੱਚ 71 ਫ਼ੀਸਦੀ ਸੀ। ਅਮਰੀਕਾ ਦੇ ਅੰਕੜੇ ਖਾਸ ਤੌਰ 'ਤੇ ਹੈਰਾਨ ਕਰਨ ਵਾਲੇ ਹਨ, ਜਿੱਥੇ ਪਿਛਲੇ ਕੁਝ ਸਾਲਾਂ ਤੋਂ ਅਮਰੀਕੀ ਸਰਕਾਰ ਦਾ ਕਰਜ਼ਾ ਹਰੇਕ 100 ਦਿਨਾਂ ਵਿੱਚ ਲਗਭਗ 1 ਖ਼ਰਬ ਡਾਲਰ ਵਧ ਰਿਹਾ ਹੈ। ਹੁਣ ਉਸ ਦਾ ਕਰਜ਼ਾ ਅਨੁਪਾਤ 123 ਫ਼ੀਸਦੀ ਹੈ ਅਤੇ ਲਗਾਤਾਰ ਵਧ ਕੇ ਕੁੱਲ ਕਰਜ਼ਾ 36 ਖ਼ਰਬ ਡਾਲਰ ਤੋਂ ਟੱਪ ਚੁੱਕਾ ਹੈ। ਅਮਰੀਕੀ ਸਰਕਾਰ ਨੇ 2024 ਵਿੱਚ ਆਪਣੇ ਬਜਟ ਦਾ 13 ਫ਼ੀਸਦੀ 881 ਅਰਬ ਡਾਲਰ ਸਿਰਫ਼ ਇਸ ਕਰਜ਼ੇ ਦੇ ਵਿਆਜ ਦੇ ਭੁਗਤਾਨ 'ਤੇ ਖਰਚ ਕੀਤਾ ਸੀ। ਜੋ ਅਮਰੀਕੀ ਸਿਹਤ ਸੇਵਾਵਾਂ, ਸਿੱਖਿਆ, ਬੱਚਿਆਂ ਦੀ ਸਹਾਇਤਾ ਤੇ ਫ਼ੌਜੀ ਖ਼ਰਚਿਆਂ ਨਾਲੋਂ ਵੀ ਵੱਧ ਹੈ।

ਅਮਰੀਕੀ ਸਰਕਾਰ ਦੇ ਬਜਟ ਦਫ਼ਤਰ ਦਾ ਅਨੁਮਾਨ ਹੈ ਕਿ 2025 ਵਿੱਚ ਕਰਜ਼ੇ ਦਾ ਵਿਆਜ ਵਧ ਕੇ 952 ਅਰਬ ਡਾਲਰ ਹੋ ਜਾਵੇਗਾ ਅਤੇ ਇਹ 2035 ਤੱਕ 1 ਖ਼ਰਬ ਡਾਲਰ ਤੱਕ ਪਹੁੰਚ ਸਕਦਾ ਹੈ। ਅਮਰੀਕਾ ਤੋਂ ਇਲਾਵਾ ਦੂਜੇ ਸਰਮਾਏਦਾਰਾਂ ਮੁਲਕਾਂ ਦਾ ਬਕਾਇਆ ਸਰਕਾਰੀ ਕਰਜ਼ਾ 2007 ਦੇ 4 ਖ਼ਰਬ ਡਾਲਰ ਤੋਂ 3 ਗੁਣਾ ਵਧ ਕੇ 2024 ਵਿੱਚ 12 ਖ਼ਰਬ ਡਾਲਰ ਹੋ ਗਿਆ ਹੈ। ਇਸੇ ਸਮੇਂ ਦੌਰਾਨ ਇਨ੍ਹਾਂ ਦੇਸ਼ਾਂ ਦਾ ਸਾਲਾਨਾ ਉਧਾਰ ਵੀ 1 ਖ਼ਰਬ ਡਾਲਰ ਤੋਂ ਵਧ ਕੇ 3 ਖ਼ਰਬ ਡਾਲਰ ਹੋ ਗਿਆ ਹੈ। ਇਨ੍ਹਾਂ 54 ਅਖੌਤੀ ਵਿਕਾਸਸ਼ੀਲ ਦੇਸ਼ਾਂ ਨੇ 2023 ਵਿੱਚ ਆਪਣੇ ਸਾਲਾਨਾ ਬਜਟ ਦਾ ਘੱਟੋ-ਘੱਟ 10 ਫ਼ੀਸਦੀ ਵਿਆਜ ਦਾ ਭੁਗਤਾਨ ਕਰਨ 'ਤੇ ਖਰਚ ਕੀਤਾ। ਇੱਕ ਉਦਾਹਰਨ ਪਾਕਿਸਤਾਨ ਹੈ, ਜਿੱਥੇ ਸਰਕਾਰ ਦੇ ਬਜਟ ਦਾ 52 ਫ਼ੀਸਦੀ ਵਿਦੇਸ਼ੀ ਕਰਜ਼ੇ ਦੇ ਵਿਆਜ ਦੇ ਭੁਗਤਾਨ 'ਤੇ ਚਲਾ ਜਾਂਦਾ ਹੈ। ਦੁਨੀਆ ਦੇ ਲਗਭਗ 3.3 ਅਰਬ ਲੋਕ ਅਜਿਹੇ ਦੇਸ਼ਾਂ ਵਿੱਚ ਰਹਿੰਦੇ ਹਨ, ਜੋ ਸਿਹਤ ਸੇਵਾਵਾਂ ਜਾਂ ਸਿੱਖਿਆ ਨਾਲੋਂ ਕਰਜ਼ੇ ਦੀ ਅਦਾਇਗੀ 'ਤੇ ਜ਼ਿਆਦਾ ਖਰਚ ਕਰਦੇ ਹਨ। ਜਿਸ ਕਰਕੇ ਮਜ਼ਦੂਰਾਂ ਤੇ ਗਰੀਬਾਂ ਨੂੰ ਅਸਹਿਣਸ਼ੀਲ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਿਜ਼ਰਵ ਬੈਂਕ ਦੀ ਵਿੱਤੀ ਸਥਿਰਤਾ ਰਿਪੋਰਟ (2024) ਮੁਤਾਬਿਕ ਪਿਛਲੇ 3 ਸਾਲਾਂ ਤੋਂ ਭਾਰਤ ਦੇ ਘਰੇਲੂ ਕਰਜ਼ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਭਾਰਤ ਦੇ ਔਸਤ ਘਰੇਲੂ ਕਰਜ਼ੇ ਦੇ ਵਧਣ ਨਾਲ ਉਤਪਾਦਨ ਖੇਤਰਾਂ ਵਿੱਚ ਘਾਟੇ ਦਾ ਰੁਝਾਨ ਵੇਖਣ ਨੂੰ ਮਿਲਿਆ ਹੈ। ਜੂਨ 2021 ਵਿੱਚ ਘਰੇਲੂ ਕਰਜ਼ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ 36.6 ਫ਼ੀਸਦੀ ਸੀ, ਜੋ ਜੂਨ 2024 ਵਿੱਚ ਵਧ ਕੇ 42.9 ਫ਼ੀਸਦੀ ਹੋ ਗਿਆ ਹੈ। ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ, ਨਿੱਜੀ ਤੇ ਸਰਕਾਰੀ ਬੈਂਕਾਂ ਤੋਂ ਕਰਜ਼ ਲੈਣ ਦੀ ਰਫ਼ਤਾਰ ਵਧ ਰਹੀ ਹੈ ਅਤੇ ਕਰਜ਼ ਰਾਹੀਂ ਘਰੇਲੂ ਜਾਇਦਾਦਾਂ ਬਣਾਉਣ ਦੇ ਰੁਝਾਨ ਵਿੱਚ ਕਮੀ ਆਈ ਹੈ। ਰਿਪੋਰਟ ਅਨੁਸਾਰ ਲਗਾਤਾਰ ਵਧ ਰਹੇ ਘਰੇਲੂ ਕਰਜ਼ ਦੀ ਵਰਤੋਂ ਪੈਦਾਵਾਰੀ ਉਦੇਸ਼ਾਂ ਲਈ ਹੋਣ ਦੀ ਬਜਾਏ ਖਪਤ ਖਰਚੇ ਭੁਗਤਾਉਣ ਲਈ ਹੀ ਹੋ ਰਹੀ ਹੈ। ਬੀਤੇ ਸਾਲਾਂ 'ਚ ਕਰਜ਼ ਲੈਣਦਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਗਰੀਬਾਂ ਦੇ ਲਏ ਕਰਜ਼ ਦਾ ਵੱਡਾ ਹਿੱਸਾ ਰੋਜ਼ਾਨਾ ਦੀਆਂ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਖਰਚ ਹੋ ਰਿਹਾ ਹੈ। ਲਾਕਡਾਊਨ ਤੋਂ ਬਾਅਦ ਗਰੀਬ ਕਿਰਤੀਆਂ ਅਤੇ ਹੇਠਲੇ ਮੱਧਵਰਗੀ ਪਰਿਵਾਰਾਂ ਦੀ ਆਮਦਨੀ ਘਟੀ ਹੈ, ਜਦਕਿ ਲਗਾਤਾਰ ਵਧ ਰਹੀ ਮਹਿੰਗਾਈ ਕਾਰਨ ਕਰਜ਼ੇ ਦੀ ਮਾਰ ਭਾਰਤੀ ਆਰਥਿਕਤਾ ਦੀ ਕਮਜ਼ੋਰੀ ਨੂੰ ਉਜਾਗਰ ਕਰ ਰਹੀ ਹੈ। ਲਗਾਤਾਰ ਵਧਦਾ ਕਰਜ਼ ਤੇ ਘਟਦੀਆਂ ਬੱਚਤਾਂ ਉਸ ਵੇਲੇ ਦਰਜ ਹੋਈਆਂ ਹਨ, ਜਦੋਂ ਭਾਰਤ ਵਿੱਚ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਤਨਖ਼ਾਹਾਂ ਸਥਿਰ ਹਨ।

ਕੌਮਾਂਤਰੀ ਕਿਰਤ ਜਥੇਬੰਦੀ ਦੀ 2022 ਦੀ ਰਿਪੋਰਟ ਮੁਤਾਬਕ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ 2000 ਵਿੱਚ 54.2 ਫ਼ੀਸਦੀ ਸੀ, ਜੋ 2022 ਵਿੱਚ ਵਧ ਕੇ 65.7 ਫ਼ੀਸਦੀ ਤੱਕ ਪਹੁੰਚ ਗਈ ਹੈ। ਕੁੱਲ ਬੇਰੁਜ਼ਗਾਰਾਂ ਵਿੱਚ 83 ਫ਼ੀਸਦੀ 35 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਹਨ, ਜਿਨ੍ਹਾਂ 'ਚ ਸੈਕੰਡਰੀ ਜਾਂ ਉੱਚ ਸਿੱਖਿਆ ਪ੍ਰਾਪਤ ਨੌਜਵਾਨਾਂ ਦਾ ਹਿੱਸਾ 65.7 ਫ਼ੀਸਦੀ ਹੈ। 2012 ਵਿੱਚ ਪੱਕੇ ਦਿਹਾੜੀਦਾਰ ਮਜ਼ਦੂਰਾਂ ਦੀਆਂ ਔਸਤਨ ਮਹੀਨਾਵਾਰ ਤਨਖ਼ਾਹਾਂ 12100 ਰੁਪਏ ਸਨ, ਜੋ 2022 ਵਿੱਚ ਘਟ ਕੇ 10,925 ਰੁਪਏ ਰਹਿ ਗਈਆਂ ਹਨ। ਇਨ੍ਹਾਂ ਕਿਰਤੀਆਂ ਵਿੱਚ ਆਸ਼ਾ ਵਰਕਰ, ਘਰੇਲੂ ਕਾਮੇ, ਸੁਰੱਖਿਆ ਮੁਲਾਜ਼ਮ ਅਤੇ ਨਿੱਜੀ ਖੇਤਰ ਵਿੱਚ ਕੰਮ ਕਰਦੇ ਕਿਰਤੀ ਸ਼ਾਮਿਲ ਹਨ। 2014 ਤੋਂ 2024 ਦਰਮਿਆਨ ਖੇਤ ਮਜ਼ਦੂਰਾਂ ਦੀ ਔਸਤਨ ਆਮਦਨ 1.3 ਫ਼ੀਸਦੀ ਘਟੀ ਹੈ, ਹਾਲਾਂ ਕਿ ਭੱਠਿਆਂ 'ਤੇ ਕੰਮ ਕਰਦੇ ਮਜ਼ਦੂਰਾਂ ਦੀ ਆਮਦਨ ਸਥਿਰ ਰਹੀ ਹੈ। ਅੰਕੜਿਆਂ ਅਨੁਸਾਰ ਸਾਲ 2011-12 ਵਿੱਚ ਔਰਤਾਂ ਦਾ ਜੀ.ਡੀਪੀ. ਵਿੱਚ ਯੋਗਦਾਨ 23.6 ਫ਼ੀਸਦੀ ਸੀ, ਜੋ 2022-23 ਵਿੱਚ ਘਟ ਕੇ 18.4 ਫ਼ੀਸਦੀ ਰਹਿ ਗਿਆ ਹੈ। ਕੋਰੋਨਾ ਲਾਕਡਾਊਨ ਦਾ ਸਭ ਤੋਂ ਵੱਧ ਕਹਿਰ ਮਜ਼ਦੂਰਾਂ ਨੂੰ ਭੁਗਤਣਾ ਪਿਆ, ਜਿਨ੍ਹਾਂ ਲਈ ਜ਼ਰੂਰਤ ਦੀਆਂ ਬੁਨਿਆਦੀ ਵਸਤਾਂ ਵੀ ਪਹੁੰਚ ਤੋਂ ਬਾਹਰ ਹੋ ਗਈਆਂ ਸਨ। ਮਜ਼ਦੂਰਾਂ ਦੀ ਹਾਲਤ ਲਾਕਡਾਊਨ ਤੋਂ ਬਾਅਦ ਅਜੇ ਵੀ ਬਹੁਤੀ ਚੰਗੀ ਨਹੀਂ ਹੋ ਸਕੀ ਤੇ ਉਨ੍ਹਾਂ ਦੀ ਅਸਲ ਆਮਦਨੀ ਵਿੱਚ ਲਗਾਤਾਰ ਗਿਰਾਵਟ ਆਈ ਹੈ। ਮਜ਼ਦੂਰਾਂ ਤੇ ਹੇਠਲੇ ਮੱਧ ਵਰਗੀ ਤਬਕੇ ਨੂੰ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਲਈ ਕਰਜ਼ ਲੈਣਾ ਪੈ ਰਿਹਾ ਹੈ। ਵਿੱਤੀ ਸਥਿਰਤਾ ਰਿਪੋਰਟ 2024 ਮੁਤਾਬਿਕ ਇਸ ਕਰਜ਼ ਦੀ ਵਰਤੋਂ ਮੁੱਖ ਤੌਰ 'ਤੇ ਖਪਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੁੰਦੀ ਹੈ, ਜਿਸ ਦੀ ਫ਼ੀਸਦੀ ਉੱਪਰ ਵੱਲ ਜਾ ਰਹੀ ਹੈ।

**ਕਿਸ ਗੱਲ ਦਾ ਸੰਕੇਤ**

ਕਰਜ਼ ਰਾਹੀਂ ਖਪਤ ਜ਼ਰੂਰਤਾਂ ਪੂਰੀਆਂ ਕਰਨ ਦਾ ਮਤਲਬ ਭਵਿੱਖ ਦੀ ਆਮਦਨ ਨਾਲ ਮੌਜੂਦਾ ਖਰਚੇ ਚਲਾਉਣਾ ਹੈ। ਜੋ ਵਰਤਮਾਨ ਸਮੇਂ ਵਿੱਚ ਖਪਤ ਦਾ ਗ੍ਰਾਫ ਉਤਾਂਹ ਚੁੱਕ ਦਿੰਦੇ ਹਨ, ਜਿਸ ਨਾਲ ਆਰਥਿਕਤਾ ਚੰਗੀ ਭਲੀ ਸਥਿਤੀ ਵਿੱਚ ਵਿਖਾਈ ਦਿੰਦੀ ਹੈ, ਪਰ ਕਰਜ਼ਿਆਂ ਨੂੰ ਵਿਆਜ ਸਮੇਤ ਮੋੜਨ ਲਈ ਭਵਿੱਖ ਵਿੱਚ ਪੱਕੀ ਆਮਦਨ ਦਾ ਹੋਣਾ ਲਾਜ਼ਮੀ ਹੈ। ਜੇਕਰ ਭਵਿੱਖੀ ਆਮਦਨ ਪੱਕੀ ਨਹੀਂ ਹੈ ਤਾਂ ਕਰਜ਼ੇ ਮੋੜਨ ਵਿੱਚ ਸਮੱਸਿਆਵਾਂ ਆਉਂਦੀਆਂ ਹਨ, ਜਦਕਿ ਘਰੇਲੂ ਕਰਜ਼ਿਆਂ 'ਚ ਵਾਧਾ ਮਜ਼ਦੂਰਾਂ ਦੀ ਨਿੱਘਰ ਰਹੀ ਹਾਲਤ ਬਿਆਨ ਕਰਦਾ ਹੈ।

(ਬਾਕੀ ਸਫ਼ਾ 31 'ਤੇ)

# ਵੰਡ .ਗੈਰ-ਪੰਜਾਬੀਆਂ ਨੇ ਕੀਤੀ ਪਰ ਸੰਤਾਪ ਪੰਜਾਬੀਆਂ ਨੇ ਹੰਢਾਇਆ

**ਇਕਬਾਲ ਸਿੰਘ**

ਅਗਸਤ ਮਹੀਨਾ ਪੰਜਾਬ ਦੀ ਵੰਡ ਦਾ ਮਹੀਨਾ ਹੈ, ਵੰਡ ਜੋ ਕੀਤੀ ਗ਼ੈਰ-ਪੰਜਾਬੀਆਂ ਨੇ ਸੀ, ਸੰਤਾਪ ਜਿਸ ਦਾ ਸਿਰਫ਼ ਪੰਜਾਬੀਆਂ ਨੇ ਹੰਢਾਇਆ। ਆਜ਼ਾਦੀ ਦੇ ਨਾਮ ਥੱਲੇ ਧੋਖਾ ਸਿਰਫ਼ ਪੰਜਾਬ ਨਾਲ ਨਹੀਂ, ਬਹੁਤ ਸਾਰੇ ਹੋਰਾਂ ਨਾਲ ਵੀ ਹੋਇਆ ਸੀ।

ਵੰਡ ਤੋਂ ਪਹਿਲਾਂ ਦੇ ਦੌਰ ਦੀਆਂ ਗੱਲਾਂ ਵਿੱਚੋਂ ਇੱਕ ਗੱਲ, ਜਿਸ ਬਾਰੇ ਸਾਨੂੰ ਬਹੁਤਾ ਇਲਮ ਨਹੀਂ ਹੈ। ਉਹ ਹੈ ਕਿ 1947 ਤੋਂ ਪਹਿਲਾਂ ਦੋ ਭਾਰਤ ਸਨ, ਇੱਕ ਬਰਤਾਨਵੀ ਭਾਰਤ ਅਤੇ ਦੂਜਾ ਰਿਆਸਤੀ ਭਾਰਤ। ਇੱਕ ਉੱਤੇ ਇੰਗਲੈਂਡ ਦੇ ਰਾਜੇ ਦਾ ਸਿੱਧਾ ਪ੍ਰਬੰਧ ਸੀ ਤੇ ਦੂਜੇ ਤੇ ਉਸੇ ਰਾਜੇ ਦਾ ਰਜਵਾੜਿਆਂ ਦੇ ਰਾਹੀਂ ਰਾਜ (ਪੰਜਾਬ ਨੂੰ ਵੀ ਲਾਰੈਂਸ ਭਰਾਵਾਂ ਵਿੱਚੋਂ ਇੱਕ, ਰਿਆਸਤੀ ਭਾਰਤ ਵਿੱਚ ਰੱਖਣਾ ਚਾਹੁੰਦਾ ਸੀ ਪਰ ਉਸ ਦੀ ਚੱਲੀ ਨਹੀਂ)। ਮਿਸਾਲ ਵਜੋਂ ਲੁਧਿਆਣਾ ਪਹਿਲੇ ਭਾਰਤ ਦਾ ਹਿੱਸਾ ਸੀ, ਪਟਿਆਲਾ ਦੂਜੇ ਭਾਰਤ ਦਾ। ਦੋਵਾਂ ਭਾਰਤਾਂ ਦੇ ਪ੍ਰਬੰਧ ਵਿੱਚ ਬਹੁਤ ਫਰਕ ਸੀ ਜੋ ਲਿਖਤ ਦਾ ਵਿਸ਼ਾ ਨਹੀਂ ਹੈ।

ਸਿਖਰਲੇ ਰਿਆਸਤੀ ਰਾਜਿਆਂ ਦੀ ਤਰਤੀਬ 9 ਤੋਂ 21 ਤੋਪਾਂ ਵਾਲੀ ਸਲਾਮੀ ਨਾਲ ਨਿਸ਼ਚਿਤ ਕੀਤੀ ਜਾਂਦੀ ਸੀ, ਜੋ ਬਦਲਦੀ ਵੀ ਰਹਿੰਦੀ ਸੀ (ਬਰਤਾਨੀਆ ਦੀ ਰਾਣੀ/ਰਾਜੇ ਨੂੰ 101 ਤੋਪਾਂ ਦੀ ਸਲਾਮੀ ਮਿਲਦੀ ਸੀ)। ਵਾਇਸਰਾਏ ਨੂੰ ਉਸਦੇ ਰਿਆਸਤੀ ਦੌਰਿਆਂ ਦੌਰਾਨ ਤੋਪਾਂ ਦੀ ਸਲਾਮੀ ਮੁਤਾਬਕ ਹੀ ਇੱਜ਼ਤ ਦੇਣੀ ਪੈਂਦੀ ਸੀ, 21 ਤੋਪਾਂ ਵਾਲਾ ਰਾਜਾ ਉਸ ਨੂੰ ਡਰਾਇੰਗ ਰੂਮ ਦੇ ਦਰਵਾਜ਼ੇ ਤੱਕ ਹੀ ਲੈਣ/ਛੱਡਣ ਜਾਂਦਾ ਸੀ, ਉਸ ਤੋਂ ਘੱਟ ਸਲਾਮੀ ਵਾਲਿਆਂ ਨੂੰ ਵਿਹੜੇ ਤੱਕ, ਕਿਲ੍ਹੇ/ਮਹਿਲ ਦੇ ਦਰਵਾਜ਼ੇ ਤੱਕ ਅਤੇ 9 ਤੋਪਾਂ ਵਾਲੀ ਸਲਾਮੀ ਤੋਂ ਵੀ ਛੋਟੇ ਰਾਜਿਆਂ ਨੂੰ ਆਪਣੇ ਰਾਜ ਦੀ ਹੱਦ ਤੱਕ ਵਾਇਸਰਾਏ ਦੇ ਸਵਾਗਤ/ਵਿਦਾਇਗੀ ਲਈ ਜਾਣਾ ਪੈਂਦਾ ਸੀ।

ਇਹ ਰਾਜੇ ਜਦੋਂ ਯੂਰਪ, ਅਫ਼ਰੀਕਾ, ਦੱਖਣੀ ਅਮਰੀਕਾ ਦੇ ਦੌਰਿਆਂ 'ਤੇ ਜਾਂਦੇ ਸਨ ਤਾਂ ਉੱਥੇ ਇਹਨਾਂ ਦਾ ਸਵਾਗਤ ਰਾਜ-ਮੁਖੀਆਂ ਵਾਂਗ ਹੀ ਕੀਤਾ ਜਾਂਦਾ ਸੀ। ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਪਹਿਲਾਂ ਨਵਾਂ ਸੰਵਿਧਾਨ ਘੜਨ ਲਈ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਇਹਨਾਂ ਰਜਵਾੜਿਆਂ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਕਿਉਂਕਿ ਇਹਨਾਂ ਦੀਆਂ ਰਿਆਸਤਾਂ ਬਰਤਾਨੀਆ ਸਰਕਾਰ ਦਾ ਹਿੱਸਾ ਨਹੀਂ ਹਨ ਇਸ ਲਈ ਇਹ ਸੰਘੀ ਢਾਂਚੇ ਵਿੱਚ ਬਰਾਬਰ ਦੇ ਸ਼ਰੀਕ ਬਣਕੇ ਹੀ ਸ਼ਾਮਲ ਹੋਣਗੇ।



ਨਕਸ਼ੇ ਵਿੱਚ ਨਜ਼ਰ ਆਉਂਦਾ ਨੀਲਾ ਹਿੱਸਾ ਰਿਆਸਤੀ ਭਾਰਤ ਸੀ, ਚਿੱਟਾ ਹਿੱਸਾ ਨਿਰੋਲ ਬਰਤਾਨਵੀ ਭਾਰਤ ਸੀ

ਸਾਂਝੇ ਸੰਵਿਧਾਨ ਤੇ ਇਹਨਾਂ ਦੀ ਕਦੇ ਵੀ ਸਹਿਮਤੀ ਨਾ ਬਣੀ ਕਿਉਂਕਿ ਰਜਵਾੜੇ, ਬਣਨ ਵਾਲੀ ਕਿਸੇ ਵੀ ਪਾਰਲੀਮੈਂਟ ਵਿੱਚ ਆਪਣਾ ਵਿਸ਼ੇਸ਼ ਹੱਕ ਚਾਹੁੰਦੇ ਸਨ। ਅੰਗਰੇਜ਼ਾਂ ਵੱਲੋਂ ਆਪਣੇ ਇਹਨਾਂ ਚਾਪਲੂਸ ਰਾਜਿਆਂ ਨੂੰ ਝੂਠੇ ਦਿਲਾਸਿਆਂ ਵਿੱਚ ਟਾਲੀ ਰੱਖਣ ਮਗਰੋਂ ਜਦ ਅਚਾਨਕ ਭਾਰਤ ਛੱਡ ਦਿੱਤਾ ਗਿਆ ਤਾਂ ਸਰਦਾਰ ਪਟੇਲ ਨੇ ਹਰ ਹਰਬਾ ਵਰਤਦੇ ਹੋਏ ਇਸ ਰਿਆਸਤੀ ਭਾਰਤ ਨੂੰ ਮੌਜੂਦਾ ਕਾਂਗਰਸੀ ਭਾਰਤ ਵਿੱਚ ਸ਼ਾਮਲ ਕਰ ਲਿਆ।

ਜੇ ਪਟੇਲ ਨਾ ਹੁੰਦਾ ਤਾਂ ਸ਼ਾਇਦ ਮੌਜੂਦਾ ਭਾਰਤ ਵੀ ਮੌਜੂਦ ਨਾ ਹੁੰਦਾ। ਜੇ ਜ਼ਿਆਦਾ ਨਹੀਂ ਤਾਂ ਘੱਟੋ ਘੱਟ ਦਰਜਨ ਹੋਰ ਦੇਸ਼ ਮੌਜੂਦ ਹੋਣੇ ਸਨ। ਅਗਸਤ 1947 ਵਿੱਚ ਪਾਕਿਸਤਾਨ ਕਾਇਮ ਹੋਣ ਮਗਰੋਂ ਬਾਕੀ ਬਚੇ ਭਾਰਤ ਵਿੱਚ 600 ਰਿਆਸਤਾਂ ਸਨ, ਜਿਸ ਵਿੱਚ ਮੌਜੂਦਾ ਭਾਰਤ ਦਾ 40 ਫੀਸਦੀ ਇਲਾਕਾ ਆਉਂਦਾ ਸੀ, ਇਸ ਰਿਆਸਤੀ ਭਾਰਤ ਵਿੱਚ ਕੁੱਲ ਆਬਾਦੀ ਦਾ 28 ਫੀਸਦੀ ਹਿੱਸਾ ਰਹਿੰਦਾ ਸੀ। ਇਹਨਾਂ ਵਿੱਚੋਂ ਕੁਝ ਰਿਆਸਤਾਂ ਤਾਂ ਯੂਰਪ ਦੇ ਕਈ ਦੇਸ਼ਾਂ ਨਾਲੋਂ ਵੀ ਵੱਡੀਆਂ ਸਨ ਤੇ ਬਹੁਤ ਛੋਟੀਆਂ ਮਿਉਂਸਪਲ ਕਮੇਟੀ ਨਾਲੋਂ ਵੀ ਛੋਟੀਆਂ ਸਨ। 8 ਰਿਆਸਤਾਂ ਵਿੱਚ ਉਹਨਾਂ ਦੇ ਆਪਣੇ ਸਿੱਕੇ ਚੱਲਦੇ ਸਨ, 6 ਰਿਆਸਤਾਂ ਕੋਲ ਆਪਣਾ ਡਾਕ ਪ੍ਰਬੰਧ ਵੀ ਸੀ। ਇਹਨਾਂ 600 ਰਿਆਸਤਾਂ ਵਿੱਚ ਹਰੇਕ ਰਾਜੇ ਦੀ ਆਪਣੀ ਸਰਕਾਰ ਸੀ, ਉਸ ਸਰਕਾਰ ਦਾ ਆਪਣਾ ਪ੍ਰਧਾਨ ਮੰਤਰੀ ਹੁੰਦਾ ਸੀ। 600 ਪ੍ਰਧਾਨ ਮੰਤਰੀ ਰਿਆਸਤੀ ਭਾਰਤ ਵਿੱਚ ਸਨ।

ਬਰਤਾਨਵੀ ਪ੍ਰਬੰਧ ਵਾਲੇ ਭਾਰਤ ਦੇ ਖਿੱਤਿਆਂ ਵਿੱਚ ਵੀ ਸਥਾਨਕ ਮੁਖੀ ਨੂੰ ਪ੍ਰਧਾਨ ਮੰਤਰੀ ਹੀ ਆਖਿਆ ਜਾਂਦਾ ਸੀ। ਅਜਿਹਾ ਹੀ ਇੱਕ ਪ੍ਰਧਾਨ ਮੰਤਰੀ ਪੰਜਾਬ ਦੀ ਵੰਡ ਦਾ ਵਿਰੋਧੀ ਸੀ ਤੇ ਵੰਡ ਵਿਰੋਧੀ ਹੋਣ ਕਾਰਨ ਉਸ ਨੂੰ ਉਸ ਦੇ ਹਿੱਸੇ ਆਏ ਪੰਜਾਬ ਨੇ ਸਾਂਭਣ ਤੋਂ ਇਨਕਾਰ ਕਰ ਦਿੱਤਾ। ਅਖੀਰ ਉਸਨੇ ਕੈਲੀਫੋਰਨੀਆ ਵਿੱਚ ਸੁਆਸ ਤਿਆਗੇ, ਇਸ ਸਾਲ ਉਸ ਦੀ 50ਵੀਂ ਬਰਸੀ ਵੀ ਸੀ ਪਰ ਬਹੁਤੇ ਪੰਜਾਬੀਆਂ ਨੂੰ ਉਹ ਚੇਤੇ ਹੀ ਨਹੀਂ, ਆਉਣ ਵਾਲੇ ਦਿਨਾਂ ਵਿੱਚ ਅਗਸਤ ਦੀ ਦੂਜੀ ਗੱਲ ਵਿੱਚ ਚੇਤੇ ਕਰਾਂਗੇ ਉਸ ਪ੍ਰਧਾਨ ਮੰਤਰੀ ਨੂੰ!

# ਸੂਕੇ ਹਰੇ ਕੀਏ ਖਿਨ ਮਾਹੇ

**ਇਕਬਾਲ ਸਿੰਘ**

ਗੁਰਬਾਣੀ ਵਿੱਚ ਅਕਾਲ ਪੁਰਖ ਦੀ ਕ੍ਰਿਪਾ, ਬਖਸ਼ਿਸ਼, ਸਮਰੱਥਾ ਦਾ ਜ਼ਿਕਰ ਲਾਲ ਅਤੇ ਹਰੇ ਰੰਗਾਂ ਨੂੰ ਪ੍ਰਤੀਕ ਵਜੋਂ ਵਰਤਦੇ ਹੋਏ ਬਹੁਤ ਵਾਰ ਕੀਤਾ ਗਿਆ ਹੈ ਜਿਵੇਂ, ਸੂਕੇ ਹਰੇ ਕੀਏ ਖਿਨ ਮਾਹੇ॥ ਅਤੇ ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥ ਇੱਕ ਥਾਂ ਤਾਂ ਇਹ ਦੋਵੇਂ ਰੰਗ ਚਾਰ ਸ਼ਬਦਾਂ ਦੀ ਇੱਕੋ ਤੁਕ ਵਿੱਚ ਦਰਜ ਹਨ, ਸੂਕੇ ਕਾਸਟ ਹਰੇ ਚਲੂਲ ॥ (ਉਸ ਦੀ ਕ੍ਰਿਪਾ ਨਾਲ ਸੁੱਕੀ ਲੱਕੜ ਨੂੰ ਹਰੇ ਪੱਤੇ ਅਤੇ ਲਾਲ ਫੁੱਲ ਲੱਗ ਜਾਂਦੇ ਹਨ - ਚਲੂਲ=ਲਾਲ)

ਸਦੀਆਂ ਪਹਿਲਾਂ ਦੇ ਯੂਨਾਨੀ ਫ਼ਿਲਾਸਫ਼ਰਾਂ ਅਤੇ ਅਜੋਕੇ ਫ਼ਿਲਾਸਫ਼ਰਾਂ ਵਿੱਚ ਅੰਤਰ ਦੱਸਦੇ ਹੋਏ ਕਿਸੇ ਨੇ ਲਿਖਿਆ ਹੈ ਕਿ ਉਹ ਫ਼ਿਲਾਸਫ਼ਰ ਲੋਕਾਂ ਨੂੰ ਸਮਾਜਿਕ ਕੁਰੀਤੀਆਂ, ਧਾਰਮਿਕ ਕਰਮ ਕਾਂਡਾਂ, ਹਕੂਮਤੀ ਵਧੀਕੀਆਂ ਵਿਰੁੱਧ ਜਾਗਰੂਕ ਕਰਵਾਉਣ ਵਾਲੇ ਯੋਧੇ ਸਨ, ਜੋ ਦੇਸ਼-ਨਿਕਾਲੇ ਅਤੇ ਮੌਤ ਵਰਗੀਆਂ ਸਜ਼ਾਵਾਂ ਦੀ ਵੀ ਪ੍ਰਵਾਹ ਨਹੀਂ ਕਰਦੇ ਸਨ ਜਦਕਿ ਮੌਜੂਦਾ ਫਿਲਾਸਫਰ, ਲਾਇਬ੍ਰੇਰੀਅਨ ਬਣਕੇ ਰਹਿ ਗਏ ਹਨ।

ਸਾਡੇ ਵੀ ਇਸੇ ਤਰ੍ਹਾਂ ਪਹਿਲਾਂ ਮਨੁੱਖ ਗੁਰੂ ਦੀ ਸਿੱਖਿਆ ਨਾਲ ਜੁੜਨ ਮਗਰੋਂ ਸਿੱਖ ਬਣਦਾ ਸੀ, ਫਿਰ ਗੁਰਮਤਿ ਨੂੰ ਅਪਣਾਉਂਦਾ ਹੋਇਆ ਖੰਡੇ ਦੀ ਪਾਹੁਲ ਲੈ ਕੇ ਆਪਣੇ ਨਾਮ ਨਾਲ ਸਿੰਘ ਲਗਵਾਉਣ ਦੇ ਯੋਗ ਬਣਦਾ ਸੀ। ਹੌਲੀ ਹੌਲੀ ਘਾਲ-ਕਮਾਈ ਤੇ ਗੁਰਪ੍ਰਸਾਦ ਸਦਕਾ ਬ੍ਰਹਮ ਨਾਲ ਇੱਕ-ਮਿੱਕ ਹੋ ਬ੍ਰਹਮ ਗਿਆਨੀ ਬਣਦਾ ਸੀ। ਮੌਕਾ ਆਉਣ 'ਤੇ ਓਹੀ ਬ੍ਰਹਮ ਗਿਆਨੀ ਮੌਤ ਤੋਂ ਅੱਗੇ ਦੀ ਸੋਝੀ ਪ੍ਰਾਪਤ ਹੋਣ ਕਰਕੇ ਹੱਸ ਹੱਸ ਸ਼ਹੀਦ ਵੀ ਹੋ ਜਾਂਦਾ ਸੀ। ਪਰ ਹੁਣ ਗੱਲ ਇੰਨੀ ਉਲਟੀ ਹੋ ਗਈ ਕਿ ਸਿੱਖ, ਸਿੰਘ ਛੱਡੋ, ਬ੍ਰਹਮ ਗਿਆਨੀ ਵੀ ਓਸੇ ਨੂੰ ਆਖਿਆ ਜਾਂਦਾ ਹੈ ਜੋ ਕਿਰਤ ਕਰਨ ਅਤੇ ਗ੍ਰਹਿਸਥ ਵਿੱਚ ਰਹਿਣ ਦੇ ਗੁਰੂ ਦੇ ਮੁੱਢਲੇ ਅਸੂਲਾਂ ਨੂੰ ਮੰਨਣ ਤੋਂ ਇਨਕਾਰੀ ਹੋਵੇ।

ਅਜਿਹੇ ਹੀ ਇੱਕ ਪ੍ਰਮੁੱਖ ਬ੍ਰਹਮ ਗਿਆਨੀ ਨੇ ਪਿਛਲੇ ਦਿਨੀਂ ਫੇਸਬੁੱਕ 'ਤੇ ਵੀਡੀਓ ਪਾਈ ਹੈ ਕਿ ਸ਼ਹੀਦਾਂ ਦੀਆਂ ਰੂਹਾਂ ਹਰੇ ਅਤੇ ਲਾਲ ਰੰਗ ਨੂੰ ਪਸੰਦ ਨਹੀਂ ਕਰਦੀਆਂ। ਜਿਸ ਦਾ ਭਾਵ ਇਹ ਨਿੱਕਲਦਾ ਹੈ ਕਿ ਲਾਲ ਰੰਗ ਦਾ ਲਹੂ ਡੋਲ੍ਹ ਸ਼ਹੀਦ ਹੋਈਆਂ ਰੂਹਾਂ ਤਾਂ ਅਕਾਲ ਪੁਰਖ ਦੀ ਹਰੇ-ਭਰੇ ਕਰਨ ਵਾਲੀ ਕ੍ਰਿਪਾ ਨੂੰ ਵੀ ਪਸੰਦ ਨਹੀਂ ਕਰਨਗੀਆਂ? ਮਹਾਂਪੁਰਖੋ! ਕੁਝ ਵੀ?

ਮੌਜੂਦਾ ਫ਼ਿਲਾਸਫ਼ਰ ਯੋਧੇ ਨਾ ਸਹੀ, ਫ਼ਿਲਾਸਫ਼ੀ ਵਿਚਾਰਦੇ/ਪੜ੍ਹਦੇ/ਲਿਖਦੇ ਤਾਂ ਹਨ, ਤੇ ਕਦੇ ਕਦੇ ਉਸੇ ਫ਼ਿਲਾਸਫ਼ੀ ਵਿੱਚੋਂ ਕੋਈ ਯੋਧਾ ਪੈਦਾ ਵੀ ਹੋ ਜਾਂਦਾ ਹੈ ਪਰ ਸਾਡੇ ਮੌਜੂਦਾ ਬ੍ਰਹਮ ਗਿਆਨੀ ਤਾਂ ਪੈਦਾ ਹੀ ਗੁਰਮਤਿ ਦੀ ਉਲੰਘਣਾ ਵਿੱਚੋਂ ਹੁੰਦੇ ਹਨ। ਉਹਨਾਂ ਬਾਣੀ ਦੀ ਵਿਚਾਰ ਫਿਰ ਕਿੱਥੋਂ ਕਰਨੀ ਹੈ, ਜਿਸ ਵਿਚਾਰ ਵਿੱਚੋਂ ਸਿੱਖ, ਸਿੰਘ, ਯੋਧੇ ਪੈਦਾ ਹੋਣੇ ਹਨ!

ਖ਼ੈਰ! ਸੈਂਕੜੇ ਹੀ ਸਿੰਘ ਨਾਮ ਵਾਲਿਆਂ ਨੇ ਬ੍ਰਹਮ ਗਿਆਨੀ ਬਾਬਾ ਜੀ ਦੀ ਵੀਡੀਓ ਪਸੰਦ ਕੀਤੀ ਹੈ, ਉਹਨਾਂ ਨੂੰ ਲੱਗਦਾ ਹੋਣਾ ਕਿ ਬ੍ਰਹਮ ਗਿਆਨੀ ਜੀ ਨੂੰ ਹਰੇ ਰੰਗ ਦੀ ਬਨਸਪਤੀ, ਲਾਲ ਰੰਗ ਦੇ ਫੁੱਲ ਪੈਦਾ ਕਰਨ ਵਾਲੇ ਬ੍ਰਹਮ ਨਾਲੋਂ ਜ਼ਿਆਦਾ ਗਿਆਨ ਹੈ! ਕੀ ਪਤਾ ਹੋਵੇ ਹੀ ?

# ਏ.ਆਈ. ਦੀ ਮਨੁੱਖੀ ਜੀਵਨ ਵਿੱਚ ਹੈ ਵੱਡੀ ਮਹੱਤਤਾ



**ਜਸਪ੍ਰੀਤ ਬਿੰਦਰਾ**

ਮਸਨੂਈ ਬੁੱਧੀ (ਏ.ਆਈ.) ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕੀ ਹੈ। ਇਹ ਸਾਡੇ ਜੀਵਨ, ਕੰਮ ਕਰਨ, ਸਿੱਖਣ ਅਤੇ ਸੋਚਣ ਦੇ ਤਰੀਕੇ ਨੂੰ ਤੇਜ਼ੀ ਨਾਲ ਬਦਲ ਰਹੀ ਹੈ। ਸਾਡੇ ਸਮਾਰਟਫੋਨ ਵਿੱਚ ਵੁਆਇਸ ਅਸਿਸਟੈਂਟ ਤੋਂ ਲੈ ਕੇ ਕੰਪਨੀਆਂ ਦੇ ਫ਼ੈਸਲਿਆਂ ਤੱਕ, ਏ.ਆਈ. ਹਰ ਜਗ੍ਹਾ ਮੌਜੂਦ ਹੈ। ਜਿਵੇਂ ਜਿਵੇਂ ਭਾਰਤ ਏ.ਆਈ.-ਸੰਚਾਲਿਤ ਅਰਥਵਿਵਸਥਾ ਬਣਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ, ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਮਸ਼ੀਨੀ ਕੌਸ਼ਲ ਯਾਨੀ ਏ.ਆਈ. ਨੂੰ ਸਮਝੀਏ। ਅੱਜ ਏ.ਆਈ. ਦੀ ਤਾਕਤ ਕਿਸਾਨੀ ਤੋਂ ਲੈ ਕੇ ਸਿਹਤ, ਸਿੱਖਿਆ ਤੋਂ ਲੈ ਕੇ ਵਿੱਤ ਤੱਕ ਹਰ ਖੇਤਰ ਵਿੱਚ ਬਦਲਾਅ ਲਿਆ ਰਹੀ ਹੈ। ਭਾਰਤ ਵਿੱਚ ਕਿਸਾਨ ਹੁਣ ਏ.ਆਈ. ਆਧਾਰਿਤ ਸੈਂਸਰ ਅਤੇ ਡ੍ਰੋਨਾਂ ਦੀ ਮਦਦ ਨਾਲ ਫ਼ਸਲਾਂ ਦੀ ਨਿਗਰਾਨੀ ਅਤੇ ਸਿੰਚਾਈ ਦਾ ਪ੍ਰਬੰਧ ਕਰ ਰਹੇ ਹਨ ਜਿਸ ਨਾਲ ਉਤਪਾਦਨ ਵਧਿਆ ਹੈ ਅਤੇ ਸਰੋਤਾਂ ਦੀ ਬਰਬਾਦੀ ਘਟੀ ਹੈ। ਸਿਹਤ ਖੇਤਰ ਵਿੱਚ ਏ.ਆਈ. ਹੁਣ ਕੈਂਸਰ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਦੀ ਪਛਾਣ ਪਹਿਲਾਂ ਤੋਂ ਜ਼ਿਆਦਾ ਤੇਜ਼ ਅਤੇ ਸਹੀ ਤਰੀਕੇ ਨਾਲ ਕਰ ਰਹੀ ਹੈ। ਭਾਰਤੀ ਸਟਾਰਟਅਪ ਦੂਰ-ਦਰਾਜ ਦੇ ਇਲਾਕਿਆਂ ਵਿੱਚ ਏ.ਆਈ. ਦੀ ਮਦਦ ਨਾਲ ਐਕਸਰੇ ਅਤੇ ਐੱਮ.ਆਰ.ਆਈ. ਦੀ ਵਿਆਖਿਆ ਕਰ ਕੇ ਸਿਹਤ ਸੇਵਾਵਾਂ ਦੀ ਪਹੁੰਚ ਵਧਾ ਰਹੇ ਹਨ। ਵਿੱਤ, ਰਿਟੇਲ, ਆਵਾਜਾਈ, ਨਿਰਮਾਣ-ਹਰ ਖੇਤਰ ਵਿੱਚ ਏ.ਆਈ. ਆਧਾਰਤ ਬਦਲਾਅ ਦੀ ਲੈਅ ਚੱਲ ਰਹੀ ਹੈ। ਨੈਸਕਾਮ ਅਨੁਸਾਰ ਜੇਕਰ ਏ.ਆਈ. ਨੂੰ ਰਣਨੀਤਕ ਤੌਰ 'ਤੇ ਅਪਣਾਇਆ ਗਿਆ ਤਾਂ ਇਹ 2025 ਤੱਕ ਭਾਰਤ ਦੀ ਜੀ.ਡੀ.ਪੀ. ਵਿੱਚ 500 ਅਰਬ ਡਾਲਰ ਦਾ ਯੋਗਦਾਨ ਦੇ ਸਕਦੀ ਹੈ।




ਏ.ਆਈ. ਬਾਰੇ ਆਮ ਧਾਰਨਾ ਹੈ ਕਿ ਇਹ ਨੌਕਰੀਆਂ ਖੋਹ ਲਵੇਗੀ ਪਰ ਸੱਚਾਈ ਇਹ ਹੈ ਕਿ ਇਹ ਨਵੀਆਂ ਨੌਕਰੀਆਂ ਵੀ ਪੈਦਾ ਕਰ ਰਹੀ ਹੈ। ਹਾਲਾਂਕਿ ਜਲਦੀ ਹੀ ਦੁਹਰਾਏ ਜਾਣ ਵਾਲੇ ਅਤੇ ਨਿਯਮਤ ਕੰਮ ਏ.ਆਈ. ਦੁਆਰਾ ਆਪਣੇ-ਆਪ ਹੋ ਜਾਣਗੇ ਪਰ ਇਸ ਨਾਲ ਕਈ ਨਵੇਂ ਪੇਸ਼ੇ ਵੀ ਉੱਭਰ ਰਹੇ ਹਨ ਜਿਵੇਂ ਕਿ ਏਆਈ ਟਰੇਨਰ, ਮਸ਼ੀਨ ਲਰਨਿੰਗ ਡਿਵੈਲਪਰ, ਡਾਟਾ ਐਨੋਟੇਟਰ, ਏ.ਆਈ. ਐਥਿਸਿਸਟ, ਪ੍ਰਾਮਪਟ ਇੰਜੀਨੀਅਰ ਆਦਿ। ਭਾਰਤ ਦੀ ਯੁਵਾ, ਤਕਨੀਕੀ ਤੌਰ 'ਤੇ ਮਾਹਿਰ ਜਨਸੰਖਿਆ ਇਸ ਨੂੰ ਅਪਣਾਉਣ ਲਈ ਲੁੜੀਂਦੀ ਸਥਿਤੀ ਵਿੱਚ ਹੈ। ਸਰਕਾਰ ਦੁਆਰਾ ਸ਼ੁਰੂ ਕੀਤਾ ਗਿਆ 'ਇੰਡੀਆ ਏ.ਆਈ.' ਪ੍ਰੋਗਰਾਮ ਅਤੇ ਸਿੱਖਿਆ ਅਤੇ ਉਦਯੋਗ ਨਾਲ ਸਾਂਝੇਦਾਰੀ ਦੇਸ਼ ਦੀ ਏ.ਆਈ. ਸਮਰੱਥਾ ਨਿਰਮਾਣ ਵਿੱਚ ਮਦਦ ਕਰ ਰਹੀ ਹੈ। ਦੇਸ਼ ਭਰ ਵਿੱਚ ਡਾਟਾ ਸਾਇੰਸ, ਮਸ਼ੀਨ ਲਰਨਿੰਗ ਅਤੇ ਏ.ਆਈ. ਐਥਿਕਸ ਨਾਲ ਸਬੰਧਿਤ ਕੋਰਸ ਤੇਜ਼ੀ ਨਾਲ ਵਧ ਰਹੇ ਹਨ। ਬੈਂਗਲੁਰੂ, ਹੈਦਰਾਬਾਦ ਅਤੇ ਪੁਣੇ ਜਿਹੇ ਸ਼ਹਿਰ ਏ.ਆਈ. ਕੇਂਦਰਾਂ ਦੇ ਤੌਰ 'ਤੇ ਉੱਭਰ ਰਹੇ ਹਨ ਪਰ ਸਾਨੂੰ ਇਸ ਨੂੰ ਸਿਰਫ਼ ਆਸ਼ਾਵਾਦ ਦੇ ਚਸ਼ਮੇ ਨਾਲ ਨਹੀਂ ਦੇਖਣਾ ਚਾਹੀਦਾ। ਏ.ਆਈ. ਕਈ ਮੌਜੂਦਾ ਨੌਕਰੀਆਂ ਨੂੰ ਖ਼ਤਮ ਕਰੇਗੀ ਖਾਸ ਕਰਕੇ ਬੀ.ਪੀ.ਓ., ਕਸਟਮਰ ਸਰਵਿਸ, ਬੇਸਿਕ ਕੋਡਿੰਗ ਅਤੇ ਨਿਰਮਾਣ ਖੇਤਰ ਵਿੱਚ। ਮੈਕਿੰਜ਼ੀ ਅਨੁਸਾਰ ਸਾਲ 2030 ਤੱਕ ਦੁਨੀਆ ਭਰ ਵਿੱਚ 80 ਕਰੋੜ ਨੌਕਰੀਆਂ ਆਟੋਮੈਟਿਕ ਹੋ ਸਕਦੀਆਂ ਹਨ। ਭਾਰਤ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਗ਼ੈਰ-ਰਸਮੀ ਅਤੇ ਘੱਟ-ਹੁਨਰ ਵਾਲੀਆਂ ਨੌਕਰੀਆਂ ਵਿੱਚ ਹਨ, ਉਨ੍ਹਾਂ ਲਈ ਇਹ ਗੰਭੀਰ ਸੰਕਟ ਬਣ ਸਕਦਾ ਹੈ। ਏ.ਆਈ. ਯੁੱਗ ਵਿੱਚ ਜਿਨ੍ਹਾਂ ਹੁਨਰਾਂ ਦੀ ਲੋੜ ਹੈ, ਉਹ ਹੁਣ ਵੀ ਬਹੁਤ ਸੀਮਤ ਲੋਕਾਂ ਕੋਲ ਹਨ। ਜੇ ਤੁਰੰਤ ਡਿਜੀਟਲ ਸਾਖ਼ਰਤਾ ਅਤੇ ਵਪਾਰਕ ਏ.ਆਈ. ਸਿਖਲਾਈ ਵਿੱਚ ਨਿਵੇਸ਼ ਨਹੀਂ ਕੀਤਾ ਗਿਆ ਤਾਂ ਭਾਰਤ ਪਿੱਛੇ ਰਹਿ ਸਕਦਾ ਹੈ।

**(ਲੇਖਕ ਏ.ਆਈ.ਐਂਡ ਬਿਓਂਡ ਦਾ ਸਹਿ-ਸੰਸਥਾਪਕ ਹੈ)।**

# ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ...




## ਆ ਗਿਆ ਭਾਦੋਂ ਮਹੀਨਾ, ਰਾਤਾਂ ਕਾਲੀਆਂ ਆਈਆਂ





ਪੰਜਾਬੀ ਸੱਭਿਆਚਾਰ ਵਿੱਚ ਸਾਵਣ ਮਹੀਨੇ ਵਾਂਗ ਹੀ ਭਾਦੋਂ ਮਹੀਨੇ ਦਾ ਵੀ ਵਿਸੇਸ਼ ਮਹੱਤਵ ਹੈ। ਭਾਦੋਂ ਮਹੀਨੇ ਪੰਜਾਬ ਸਮੇਤ ਪੂਰੇ ਉਤਰੀ ਭਾਰਤ ਵਿੱਚ ਮੌਨਸੂਨ ਪੌਣਾਂ ਪੂਰੇ ਜੋਬਨ 'ਤੇ ਹੁੰਦੀਆਂ ਹਨ ਅਤੇ ਨਮੀ ਨਾਲ ਭਰੀਆਂ ਇਹ ਮੌਨਸੂਨ ਪੌਣਾਂ ਆਪਣੀ ਜਵਾਨੀ ਦੇ ਜਲਵੇ ਦਿਖਾਉਂਦੀਆਂ ਛਮ ਛਮ ਬਰਸਦੀਆਂ ਹਰ ਪਾਸੇ ਜਲ ਥਲ ਕਰ ਦਿੰਦੀਆਂ ਹਨ। ਭਾਦੋਂ ਮਹੀਨੇ ਨੂੰ ਭਾਦਰੋਂ ਮਹੀਨਾ ਵੀ ਕਿਹਾ ਜਾਂਦਾ ਹੈ। ਬਰਸਾਤ ਰੁੱਤ ਦੇ ਮਹੀਨੇ ਅਤੇ ਸੇਵੀਆਂ ਵੱਟਣ ਦੇ ਮਹੀਨੇ ਮੰਨੇ ਜਾਂਦੇ ਭਾਦੋਂ ਮਹੀਨੇ ਜਿਥੇ ਦਿਨ ਵੇਲੇ ਅਸਮਾਣ 'ਤੇ ਕਾਲੀਆਂ ਘਟਾਵਾਂ ਚੜ੍ਹੀਆਂ ਦਿਖਾਈ ਦਿੰਦੀਆਂ ਹਨ, ਉਥੇ ਭਾਦੋਂ ਮਹੀਨੇ ਰਾਤਾਂ ਵੀ ਕਾਲੀਆਂ ਹੋ ਜਾਂਦੀਆਂ ਹਨ, ਭਾਦੋਂ ਮਹੀਨੇ ਦਿਨ ਛੋਟੇ ਹੁੰਦੇ ਜਾਂਦੇ ਹਨ ਅਤੇ ਰਾਤਾਂ ਵੱਡੀਆਂ ਹੋਣ ਲੱਗਦੀਆਂ ਹਨ। ਜਿਵੇਂ ਜਿਵੇਂ ਭਾਦੋਂ ਮਹੀਨਾ ਬੀਤਦਾ ਜਾਂਦਾ ਹੈ ਤਾਂ ਭਾਦੋਂ ਦੀਆਂ ਕਾਲੀਆਂ ਰਾਤਾਂ ਹਲਕੀਆਂ ਠੰਡੀਆਂ ਵੀ ਹੁੰਦੀਆਂ ਜਾਂਦੀਆਂ ਹਨ। ਭਾਦੋਂ ਮਹੀਨੇ ਦੀ ਚੜ੍ਹਦੀ ਸਵੇਰ ਬਿਲਕੁਲ ਹਲਕੀ ਜਿਹੀ ਗੁਲਾਬੀ ਠੰਡਕ ਵਾਲੀ ਹੁੰਦੀ ਹੈ, ਜੋ ਕਿ ਗਰਮੀਆਂ ਦੇ ਮਹੀਨਿਆਂ ਦੌਰਾਨ ਤਪੇ ਹੋਏ ਅਤੇ ਮਹਿੰਗਾਈ ਦੀ ਭੱਠੀ ਵਿੱਚ ਝੁਲਸੇ ਦਿਲਾਂ ਤੇ ਸਰੀਰਾਂ ਨੂੰ ਧੁਰ ਅੰਦਰ ਤਕ ਹਲਕਾ ਜਿਹਾ ਠਾਰਦੀ ਤੇ ਨਸ਼ਿਆਉਂਦੀ ਜਾਂਦੀ ਹੈ। ਭਾਦੋਂ ਦੇ ਮਹੀਨੇ ਪੈਣ ਵਾਲੀ ਬਰਸਾਤ ਦੀ ਇੱਕ ਵਿਸ਼ੇਸ਼ ਗਲ ਇਹ ਵੀ ਹੈ ਕਿ ਇਸ ਮਹੀਨੇ ਪੈਣ ਵਾਲੀ ਬਰਸਾਤ ਚੱਕਰਵਾਤੀ ਹੁੰਦੀ ਹੈ। ਇਹ ਬਰਸਾਤ ਇੱਕ ਪਾਸੇ ਬਾਛੜ ਨਹੀਂ ਕਰਦੀ, ਸਗੋਂ ਮੀਂਹ ਪੈਣ ਦੌਰਾਨ ਚਾਰੇ ਪਾਸੇ ਹੀ ਬਾਛੜ ਘੁੰਮਦੀ ਰਹਿੰਦੀ ਹੈ। ਭਾਦੋਂ ਮਹੀਨੇ ਪੈਂਦੀ ਚੱਕਰਵਾਤੀ ਬਰਸਾਤ ਇਸ ਗਲ ਦੀ ਸੂਚਕ ਹੈ ਕਿ ਮਨੁੱਖੀ ਜਿੰਦਗੀ ਵਿੱਚ ਅਨੇਕਾਂ ਉਤਰਾਓ ਚੜ੍ਹਾਓ ਅਤੇ ਚੱਕਰਵਾਤ ਆਉਂਦੇ ਰਹਿੰਦੇ ਹਨ, ਪਰ ਮਨੁੱਖ ਨੂੰ ਥਿੜਕਣਾ ਅਤੇ ਡੋਲਣਾਂ ਨਹੀਂ ਚਾਹੀਦਾ ਅਤੇ ਮਿਹਨਤ ਕਰਦਿਆਂ ਉਸ ਕਾਦਰ ਦੀ ਕੁਦਰਤ ਦਾ ਆਨੰਦ ਮਾਣਦਿਆਂ ਜਿੰਦਗੀ ਬਤੀਤ ਕਰਨੀ ਚਾਹੀਦੀ ਹੈ। ਭਾਦੋਂ ਮਹੀਨੇ ਸਿੱਲੀ ਸਿੱਲੀ ਹਵਾ ਦੇ ਵਾ- ਵਰੋਲਿਆਂ ਦੀ ਸ਼ੀਤਲਤਾ ਦਾ ਆਨੰਦ ਹਰ ਇਨਸਾਨ ਨੂੰ ਉਠਾਉਣਾਂ ਚਾਹੀਦਾ ਹੈ। ਭਾਦੋਂ ਮਹੀਨੇ ਦੌਰਾਨ ਅੱਧੀਂ ਰਾਤੀਂ ਵੱਡੇ ਤੜਕੇ ਰੁਮਕਦੀ ਠੰਡੀ ਤੇ ਸਿੱਲੀ ਸਿੱਲੀ ਹਵਾ ਸਭ ਦਾ ਮਨ ਮੋਹ ਲੈਂਦੀ ਹੈ।

ਭਾਦੋਂ ਦੇ ਮਹੀਨੇ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਦਿਨ ਵਿੱਚ ਪਹਿਲਾਂ ਤਿੱਖੀ ਧੁੱਪ ਨਿਕਲ ਆਉਂਦੀ ਹੈ, ਜਿਸ ਕਰਕੇ ਘਰਾਂ ਦੀਆਂ ਸੁਆਣੀਆਂ ਕਪੜੇ ਧੋ ਕੇ ਛੱਤਾਂ 'ਤੇ ਸੁਕਣੇ ਪਾ ਦਿੰਦੀਆਂ ਹਨ, ਤੇਜ਼ ਧੁੱਪ ਦੌਰਾਨ ਹੀ ਅਚਾਨਕ ਮੋਹਲੇਧਾਰ ਮੀਂਹ ਪੈਣ ਲੱਗਦਾ ਹੈ, ਜੋ ਮੋਟੀ ਕਣੀ ਦਾ ਹੁੰਦਾ ਹੈ, ਜਿਸ ਕਾਰਨ ਆਟਾ ਗੁੰਣਦੀਆਂ ਜਾਂ ਹੋਰ ਕੰਮ ਧੰਦੇ ਕਰਨ ਲੱਗੀਆਂ ਸੁਆਣੀਆਂ ਨੂੰ ਤੁਰੰਤ ਛੱਤ ਤੇ ਜਾ ਕੇ ਸੁਕਣੇ ਪਾਏ ਕਪੜੇ ਉਤਾਰਨੇ ਪੈ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ...। ਸਾਉਣ ਵਾਂਗੂ ਹੀ ਭਾਦੋਂ ਦੇ ਛਰਾਟੇ ਵੀ ਆਪਣੀ ਵੱਖਰੀ ਅਹਿਮੀਅਤ ਰੱਖਦੇ ਹਨ।



ਭਾਦੋਂ ਦੇ ਮਹੀਨੇ ਨੂੰ ਪਹਿਲਾਂ ਸੇਵੀਆਂ ਵੱਟਣ ਦਾ ਮਹੀਨਾਂ ਵੀ ਕਿਹਾ ਜਾਂਦਾ ਸੀ। ਪਿਛਲੇ ਦਹਾਕਿਆਂ ਦੌਰਾਨ ਘਰੇਲੂ ਸੁਆਣੀਆਂ ਆਟੇ ਦੀ ਸੇਵੀਆਂ ਵੱਟਦੀਆਂ ਹੁੰਦੀਆਂ ਸਨ। ਕਈ ਔਰਤਾਂ ਤਾਂ ਪਹਿਲਾਂ ਘੜੇ ਨੂੰ ਮੂੰਧਾ ਮਾਰ ਕੇ ਉਸ ਉਪਰ ਹੱਥ ਨਾਲ ਹੀ ਸੇਵੀਆਂ ਵੱਟਦੀਆਂ ਹੁੰਦੀਆਂ ਸਨ ਫਿਰ ਸੇਵੀਆਂ ਵੱਟਣ ਵਾਲੀਆਂ ਮਸ਼ੀਨਾਂ ਆ ਗਈਆਂ। ਸੇਵੀਆਂ ਵੱਟ ਕੇ ਸੁਕਾਉਣ ਲਈ ਫਿਰ ਮੰਜੇ ਮੂਧੇ ਮਾਰ ਲਏ ਜਾਂਦੇ ਸਨ ਅਤੇ ਇਹਨਾਂ ਮੂਧੇ ਕੀਤੇ ਮੰਜਿਆਂ ਉਪਰ ਫਿਰ ਸੇਵੀਆਂ ਸੁਕਣੀਆਂ ਪਾਈਆਂ ਜਾਂਦੀਆਂ ਸਨ। ਸਾਡੇ ਬਚਪਣ ਦੌਰਾਨ ਸਾਡੀ ਮਾਂ ਵੀ ਇਸੇ ਤਰਾਂ ਹੀ ਸੇਵੀਆਂ ਵੱਟਦੀ ਅਤੇ ਸੁਕਾਂਉਂਦੀ ਹੁੰਦੀ ਸੀ।

ਭਾਦੋਂ ਮਹੀਨੇ ਦੇ ਚਮਾਸੇ ਵੀ ਬਹੁਤ ਮਸ਼ਹੂਰ ਹਨ। ਭਾਦੋਂ ਮਹੀਨੇ ਸਿਰਫ ਬਰਸਾਤ ਹੀ ਨਹੀਂ ਪੈਂਦੀ ਸਗੋਂ ਤਿੱਖੀ ਧੁੱਪ ਵੀ ਨਿਕਲਦੀ ਹੈ, ਜੋ ਕਿ ਮਨੁਖੀ ਸਰੀਰਾਂ ਨੂੰ ਚੁਭਦੀ ਲਗਦੀ ਹੈ। ਭਾਦੋਂ ਮਹੀਨੇ ਭਾਰੀ ਬਰਸਾਤ ਪੈਣ ਤੋਂ ਬਾਅਦ ਤੁਰੰਤ ਹੀ ਤਿੱਖੀ ਧੁੱਪ ਵੀ ਨਿਕਲ ਆਉਂਦੀ ਹੈ ਜਿਸ ਕਰਕੇ ਹਰ ਪਾਸੇ ਹੁੰਮਸ ਜਿਹੀ ਪੈਦਾ ਹੋ ਜਾਂਦੀ ਹੈ। ਭਾਦੋਂ ਮਹੀਨੇ ਵਿੱਚ ਖੇਤਾਂ ਵਿੱਚ ਕੰਮ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਇਕ ਤਾਂ ਭਾਰੀ ਮੀਂਹ ਆਪਣੀ ਮਰਜ਼ੀ ਨਾਲ ਪੈਂਦਾ ਰਹਿੰਦਾ ਹੈ, ਫਿਰ ਮੀਂਹ ਤੋਂ ਬਾਅਦ ਬਹੁਤ ਹੀ ਤੇਜ਼ ਤੇ ਤਿੱਖੀ ਧੁੱਪ ਨਿਕਲਦੀ ਹੈ, ਜਿਸ ਵਿੱਚ ਚਿੜੀ ਵੀ ਨਹੀਂ ਫੜਕਦੀ। ਅਜਿਹੇ ਹੁੰਮਸ ਭਰੇ ਮਾਹੌਲ ਵਿੱਚ ਖੇਤਾਂ ਵਿੱਚ ਕੰਮ ਕਰਨਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ। ਭਾਦੋਂ ਮਹੀਨੇ ਭਰਵੀਂ ਬਰਸਾਤ ਪੈਣ ਕਾਰਨ ਭਾਵੇਂ ਮੌਸਮ ਸੋਹਾਵਣਾਂ ਹੋ ਜਾਂਦਾ ਹੈ ਪਰ ਬਰਸਾਤ ਤੋਂ ਬਾਅਦ ਪੈਦਾ ਹੁੰਦੀ ਹੁੰਮਸ ਕਾਰਨ ਬਹੁਤ ਗਰਮੀ ਮਹਿਸੂਸ ਹੁੰਦੀ ਹੈ। ਇਸ ਮਹੀਨੇ ਮਨੁਖੀ ਸਰੀਰ ਨੂੰ ਪਸੀਨਾ ਚਿਪਚਿਪਾ ਜਿਹਾ ਆਉਂਦਾ ਹੈ। ਅਜਿਹੀ ਹੁੰਮਸ ਅਤੇ ਗਰਮੀ ਵਿੱਚ ਸਖਤ ਮਿਹਨਤ ਵਾਲਾ ਕੰਮ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਅੱਜ ਦਾ ਬਚਪਣ ਜਿਥੇ ਮੋਬਾਇਲ ਤੇ ਕੰਪਿਊਟਰ ਗੇਮਾਂ ਵਿੱਚ ਗੁਆਚ ਜਿਹਾ ਗਿਆ ਹੈ, ਉਥੇ ਅੱਜ ਦੀ ਜਵਾਨੀ ਬੇਰੁਜ਼ਗਾਰੀ ਦਾ ਸਾਹਮਣਾ ਕਰਦੀ ਹੋਈ ਅਕਸਰ ਨਸ਼ੇ ਦੀ ਦਲ ਦਲ ਵਿੱਚ ਫਸ ਜਾਂਦੀ ਹੈ, ਇਸ ਜਵਾਨੀ ਨੂੰ ਸੰਭਾਲਣ ਦੀ ਲੋੜ ਹੈ। ਪੰਜਾਬ ਵਿੱਚ ਵਹਿ ਰਹੇ ਨਸ਼ੇ ਦੇ ਦਰਿਆ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਵੱਡੀ ਗਿਣਤੀ ਪੰਜਾਬੀ ਮਾਪੇ ਆਪਣੇ ਧੀਆਂ ਪੁੱਤਰਾਂ ਨੂੰ ਜਹਾਜ਼ ਚੜ੍ਹਾ ਕੇ ਸੱਤ ਸਮੁੰਦਰ ਪਾਰ ਵਿਦੇਸ਼ ਭੇਜਣ ਨੂੰ ਤਰਜੀਹ ਦੇ ਰਹੇ ਹਨ ਤਾਂ ਕਿ ਉਹਨਾਂ ਦੇ ਲਾਡਾਂ ਨਾਲ ਪਾਲੇ ਬੱਚੇ ਨਸ਼ਿਆਂ ਅਤੇ ਹੋਰ ਅਲਾਮਤਾਂ ਤੋਂ ਬਚੇ ਰਹਿਣ। ਅਜਿਹੇ ਤਨਾਓ ਅਤੇ ਆਪਾਧਾਪੀ ਵਾਲੇ ਮਾਹੌਲ ਵਿੱਚ ਬੱਚਿਆਂ ਨੂੰ ਜਿਥੇ ਹੁਣ ਭਾਦੋਂ ਮਹੀਨੇ ਭਰਵੀਂ ਬਰਸਾਤ ਪੈਣ ਤੋਂ ਬਾਅਦ ਗਲੀਆਂ ਸੜਕਾਂ 'ਤੇ ਵਗਦੇ ਬਰਸਾਤੀ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਅਤੇ ਕਾਗਜ਼ ਦੇ ਜਹਾਜ਼ ਚਲਾਉਂਦੇ ਵੇਖਣਾ ਦੁਰਲਭ ਹੋ ਗਿਆ ਹੈ, ਉਥੇ ਪੰਜਾਬ ਦੀ ਜਵਾਨੀ ਅੱਧਮੀਟੀਆਂ ਜਿਹੀਆਂ ਅੱਖੀਆਂ ਨਾਲ ਜਾਂ ਤਾਂ ਵਿਦੇਸ਼ ਜਾਣ ਦੇ ਸੁਪਨੇ ਲੈਂਦੀ ਵਿਖਾਈ ਦਿੰਦੀ ਹੈ, ਜਾਂ ਕਿਸੇ ਚੰਗੀ ਨੌਕਰੀ ਦੀ ਭਾਲ ਵਿੱਚ ਉਹਨਾਂ ਦੀਆਂ ਅੱਖਾਂ ਖਾਲੀ ਖਾਲੀ ਹਰ ਪਾਸੇ ਵੇਖਦੀਆਂ ਰਹਿੰਦੀਆਂ ਹਨ।

ਅੰਗ੍ਰੇਜੀ ਸਕੂਲਾਂ ਵਿੱਚ ਪੜ੍ਹੇ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਸੀ ਮਹੀਨਿਆਂ ਬਾਰੇ ਬਹੁਤ ਘੱਟ ਜਾਣਕਾਰੀ ਹੁੰਦੀ ਹੈ। ਫੇਰ ਸਾਵਣ ਮਹੀਨੇ ਮਨਾਈਆਂ ਜਾਂਦੀਆਂ ਤੀਆਂ ਅਤੇ ਹਰਿਆਲੀ ਤੀਜ਼ ਦੇ ਤਿਉਹਾਰ ਕਰਕੇ ਆਧੁਨਿਕ ਯੁੱਗ ਦੇ ਬੱਚਿਆਂ ਨੂੰ ਵੀ ਸਾਵਣ ਮਹੀਨੇ ਬਾਰੇ ਅਤੇ ਉਸ ਤੋਂ ਬਾਅਦ ਆਉਂਦੇ ਭਾਦੋਂ ਮਹੀਨੇ ਬਾਰੇ ਕਿਸੇ ਨਾ ਕਿਸੇ ਪਾਸਿਓਂ ਕੁਝ ਜਾਣਕਾਰੀ ਤਾਂ ਜ਼ਰੂਰ ਮਿਲ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਬੱਚਿਆਂ ਦੇ ਸਕੂਲੀ ਸਿਲੇਵਸ ਵਿੱਚ ਇੱਕ ਪਾਠ ਦੇਸੀ ਮਹੀਨਿਆਂ ਬਾਰੇ ਵੀ ਪੜ੍ਹਾਇਆ ਜਾਵੇ ਤਾਂ ਕਿ ਸਾਡੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਪੁਰਾਤਨ ਵਿਰਸੇ ਅਤੇ ਦੇਸੀ ਮਹੀਨਿਆਂ ਦੇ ਮਹੱਤਵ ਬਾਰੇ ਵੀ ਜਾਣਕਾਰੀ ਮਿਲ ਸਕੇ।

### ਪੰਜਾਬ ਦੇ ਸੂਫੀ ਕਵੀਆਂ ਤੇ ਕਿੱਸਾ ਕਾਰਾਂ ਅਤੇ ਕਵੀਆਂ ਨੇ ਵੀ ਭਾਦੋਂ ਮਹੀਨੇ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ-

* ਚੜ੍ਹਦੇ ਭਾਦਰੋਂ ਰੋਂਦੀ ਏ ਹੀਰ ਜੱਟੀ
ਮੈਨੂੰ ਰਾਂਝਣਾ ਨਦਰ ਨਾ ਆਂਵਦਾ ਈ,
ਰਾਤੀ ਨੀਂਦ ਨਾ ਆਉਂਦੀ ਸੁੱਤਿਆਂ ਨੂੰ,
ਦਿਨੇ ਚਰਖੜਾ ਮੂਲ ਨਾ ਭਾਉਂਦਾ ਈ
(ਹੀਰ ਵਾਰਸ ਸ਼ਾਹ)

* ਭਾਦੋਂ ਭਾਵੇ ਤਬ ਸਖੀ ਜੋ ਪਲ ਪਲ ਹੋਵੇ ਮਿਲਾਪ।
ਜੋ ਘਟ ਦੇਖੂੰ ਖੋਲ੍ਹ ਕੇ ਘਟ ਘਟ ਦੇ ਵਿਚ ਆਪ।

ਆ ਹੁਣ ਭਾਦੋਂ ਭਾਗ ਜਗਾਇਆ, ਸਾਹਿਬ ਕੁਦਰਤ ਸੇਤੀ ਆਇਆ,
ਹਰ ਹਰ ਦੇ ਵਿਚ ਆਪ ਸਮਾਇਆ, ਸ਼ਾਹ ਇਨਾਇਤ ਆਪ ਲਖਾਇਆ,
ਤਾਂ ਮੈਂ ਲੱਖਿਆ।

ਆਖਰ ਉਮਰੇ ਹੋਈ ਤਸੱਲਾ, ਪਲ ਪਲ ਮੰਗਣ ਨੈਣ ਤਜੱਲਾ,
ਜੋ ਕੁਝ ਹੋਸੀ ਕਰਸੀ ਅੱਲ੍ਹਾ, ਬੁੱਲ੍ਹਾ ਸ਼ੌਹ ਬਿਨ ਕੁਝ ਨਾ ਭੱਲਾ,
ਪ੍ਰੇਮ ਰਸ ਚੱਖਿਆ।੧੨।
( ਬਾਬਾ ਬੁੱਲ੍ਹੇ ਸ਼ਾਹ )

* ਭਾਦੋਂ ਭਾਹ ਹਿਜਰ ਦੀ ਭੜਕੇ, ਸੱਜਣਾ ਮੇਰੇ ਸੀਨੇ ਹੁਣ।
ਝੋਲੀਆਂ ਅੱਡੀਆਂ ਰਗੜਾਂ ਅਡੀਆਂ, ਬਖਸ਼ੋ ਦੀਦ-ਖ਼ਜੀਨੇ ਹੁਣ।
ਦਿਲ ਮੇਰੇ ਦੀ ਮੁੰਦਰੀ ਅੰਦਰ, ਜੜਦੇ ਨੂਰ-ਨਗੀਨੇ ਹੁਣ।
ਗੁਜ਼ਰ ਗਏ ਨੇ 'ਸ਼ਰਫ਼' ਬੰਦੀ ਦੇ, ਰੋ ਰੋ ਛੇ ਮਹੀਨੇ ਹੁਣ।
( ਬਾਬੂ ਫ਼ੀਰੋਜ਼ਦੀਨ ਸ਼ਰਫ਼ )

* ਆ ਗਿਆ ਭਾਦੋਂ ਮਹੀਨਾ
ਰਾਤਾਂ ਕਾਲੀਆਂ ਆਈਆਂ,
ਉਠਦੇ ਬੱਦਲ ਬੀ ਕਾਲੇ,
ਕੜਕਾਂ ਬਿਜਲੀ ਦੀਆਂ ਪਈਆਂ।

ਤੈਨੂੰ ਸਾਂਈਂ ਦੀਆਂ ਰੱਖਾਂ,
ਜਿਥੇ ਹੋਵੇਂ ਤੂੰ ਕੰਤਾ !
ਹੁਣ ਪਰ ਮੋੜ ਮੁਹਾਰਾਂ
ਮਾਰ ਦਰਦਾਂ ਨੇ ਲਈਆਂ।
( ਭਾਈ ਵੀਰ ਸਿੰਘ )

* ਭਾਦੋਂ ਭਾਹ ਭੜਕਦੀ ਚੁਫੇਰੇ ਮੇਰੇ ਰਾਂਝਿਆ ਵੇ !
ਆਣ ਕੇ ਬੁਝਾਵੀਂ ਪਾਵੀਂ ਪਾਣੀ ਪਵੇ ਠੰਢ ਵੇ
ਬਾਹਾਂ ਵਿੱਚ ਸਤ ਨਹੀਂ ਰੱਤ ਨ ਸਰੀਰ ਵਿੱਚ,
ਦੇਖ ਰੰਗ ਮੇਰਾ ਸੁਕ ਹੋਈ ਹਾਂ ਪਲੰਢ ਵੇ
ਬੁਢਿਆਂ ਦੇ ਵਾਂਗ ਮੈਂ ਡੰਗੋਰੀ ਫੜੀ ਹੱਥ ਵਿੱਚ,
ਝੂਲਦਾ ਸਰੀਰ ਤੇ ਜਵਾਨੀ ਗਈ ਹੰਢ ਵੇ
ਦਰਦ ਤੁਸਾਡੇ ਕੀਤਾ ਗਰਦ ਭਗਵਾਨ ਸਿੰਘਾ,
ਕਾਲਜੇ ਦੇ ਵਿੱਚ ਹੈ ਵਿਛੋੜੇ ਵਾਲੀ ਗੰਢ ਵੇ।੬।
( ਬਾਰਾਂਮਾਹ-ਹੀਰ ਭਗਵਾਨ ਸਿੰਘ )

* ਭਾਦ੍ਰੋਂ ਕਾ ਭਦਰੱਕਾ ਮੇਰੀ ਨੱਥ ਮਾਰੇ ਝਬੱਕਾ
ਕਿ ਮੱਥੇ ਦੌਣੀਆਂ।
ਪੀਆ ਵਸੇ ਪਰਦੇਸ ਕਿ ਮਨ ਨ ਭੌਣੀਆਂ।
( ਬਾਰਾਂ ਮਾਹ ਗੀਤ )

* ਭਾਦੋਂ ਦੇ ਮਹੀਨੇ ਜੀ ਬੰਬੀਹਾ ਬੋਲੇ,
ਵੇ ਲਾਲ ! ਸੁੰਨੜੀ ਹੈ ਸੇਜ, ਮੇਰਾ ਜੀਊੜਾ ਡੋਲੇ।
( ਬਾਰਾਂ ਮਾਹ ਗੀਤ )




# ਪਟਿਆਲਾ ਦੀਆਂ ਵਿਰਾਸਤਾਂ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ 'ਚ ਸ਼ਾਮਲ ਕਿਉਂ ਨਾ ਹੋ ਸਕੀਆਂ ?

## ਪਟਿਆਲਾ ਦੀਆਂ ਇਮਾਰਤਾਂ ਦੀ ਅਣਦੇਖੀ ਕਿਉਂ ?

## ਸਿੱਖ ਵਿਰਾਸਤ ਦੀ ਤਬਾਹੀ ਵਿੱਚ ਸ਼੍ਰੋਮਣੀ ਕਮੇਟੀ ਦਾ ਵੱਡਾ ਰੋਲ : ਕਾਰ ਸੇਵਾ ਦੇ ਨਾਂਅ 'ਤੇ ਨੁਕਸਾਨ

*"ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਸਿੱਖ ਇਤਿਹਾਸ ਅਤੇ ਸੱਭਿਆਚਾਰ ਦੀਆਂ ਅਮਿੱਟ ਨਿਸ਼ਾਨੀਆਂ ਹਨ, ਜੋ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਹੋਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ। ਪਰ, ਸਰਕਾਰੀ ਅਣਗਹਿਲੀ, ਅਧੂਰੀ ਸੰਭਾਲ, ਡਾਕੂਮੈਂਟੇਸ਼ਨ ਦੀ ਘਾਟ ਅਤੇ ਕਾਰ ਸੇਵਾ ਦੇ ਨਾਂ 'ਤੇ ਹੋਈਆਂ ਗਲਤੀਆਂ ਨੇ ਇਸ ਮੌਕੇ ਨੂੰ ਹੱਥੋਂ ਜਾਣ ਦਿੱਤਾ। ਰਾਜਸਥਾਨ ਵਰਗੇ ਸੂਬਿਆਂ ਤੋਂ ਸਿੱਖਣ ਦੀ ਲੋੜ ਹੈ, ਜਿਨ੍ਹਾਂ ਨੇ ਆਪਣੀ ਵਿਰਾਸਤ ਨੂੰ ਸੰਭਾਲਿਆ ਅਤੇ ਅੰਤਰਰਾਸ਼ਟਰੀ ਪਛਾਣ ਹਾਸਲ ਕੀਤੀ। ਜੇਕਰ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਸਥਾਨਕ ਸੰਸਥਾਵਾਂ ਮਿਲ ਕੇ ਠੋਸ ਉਪਰਾਲੇ ਕਰਨ, ਤਾਂ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਨਾ ਸਿਰਫ਼ ਵਿਸ਼ਵ ਪੱਧਰ 'ਤੇ ਪਛਾਣ ਮਿਲ ਸਕਦੀ ਹੈ, ਸਗੋਂ ਸੈਰ-ਸਪਾਟਾ ਉਦਯੋਗ ਨੂੰ ਵੀ ਹੁਲਾਰਾ ਮਿਲ ਸਕਦਾ ਹੈ।"*



ਪਟਿਆਲਾ, ਪੰਜਾਬ ਦਾ ਇੱਕ ਇਤਿਹਾਸਕ ਸ਼ਹਿਰ, ਜੋ ਵਿਰਾਸਤੀ ਸ਼ਾਨ ਦੇ ਬਾਵਜੂਦ ਵੀ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਨਹੀਂ ਹੋ ਸਕਿਆ। ਸ਼ਾਹੀ ਸ਼ਹਿਰ ਦੀਆਂ ਇਮਾਰਤਾਂ ਜਿਵੇਂ ਕਿ ਸ਼ੀਸ਼ ਮਹਿਲ, ਕਿਲ੍ਹਾ ਮੁਬਾਰਕ ਅਤੇ ਰਾਜਿੰਦਰਾ ਕੋਠੀ ਵਰਗੀਆਂ ਬੇਮਿਸਾਲ ਵਿਰਾਸਤ ਹਨ, ਪਰ ਸਰਕਾਰੀ ਅਣਗਹਿਲੀ, ਢੁਕਵੀਂ ਨੀਤੀਆਂ ਦੀ ਘਾਟ ਅਤੇ ਸੰਭਾਲ ਦੀਆਂ ਅਧੂਰੀਆਂ ਕੋਸ਼ਿਸ਼ਾਂ ਨੇ ਇਸ ਮੌਕੇ ਨੂੰ ਹੱਥੋਂ ਖੁੰਝਣ ਦਿੱਤਾ। ਇਸ ਦੇ ਨਾਲ ਹੀ, ਸਿੱਖ ਵਿਰਾਸਤ ਦੀਆਂ ਇਮਾਰਤਾਂ ਦੀ ਸੰਭਾਲ 'ਤੇ ਪਿਛਲੇ ਸਮਿਆਂ ਵਿੱਚ ਹੋਈਆਂ ਗਲਤੀਆਂ, ਖਾਸ ਕਰਕੇ ਕਾਰ ਸੇਵਾ ਦੇ ਨਾਂਅ 'ਤੇ ਸਾਧਾਂ ਵੱਲੋਂ ਕੀਤੀਆਂ ਗਈਆਂ ਤਬਾਹੀਆਂ ਨੇ ਸਿੱਖ ਇਤਿਹਾਸ ਦੀ ਅਨਮੋਲ ਵਿਰਾਸਤ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ।

**ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ**: ਇਤਿਹਾਸਕ ਮਹੱਤਤਾ ਤੇ ਸਮਰੱਥਾ ਪਟਿਆਲਾ, ਜਿਸ ਨੂੰ ਪੰਜਾਬ ਦੀ ਸ਼ਾਹੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ, ਸਿੱਖ ਇਤਿਹਾਸ ਅਤੇ ਸੱਭਿਆਚਾਰ ਦਾ ਇੱਕ ਅਮੀਰ ਕੇਂਦਰ ਰਿਹਾ ਹੈ। ਇਸ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਨਾ ਸਿਰਫ਼ ਪਟਿਆਲਾ ਰਿਆਸਤ ਦੀ ਸ਼ਾਨ ਦੀਆਂ ਗਵਾਹ ਹਨ, ਸਗੋਂ ਸਿੱਖ ਸੱਭਿਆਚਾਰ ਅਤੇ ਕਲਾ ਦੀ ਵਿਲੱਖਣਤਾ ਨੂੰ ਵੀ ਦਰਸਾਉਂਦੀਆਂ ਹਨ।

**ਕਿਲ੍ਹਾ ਮੁਬਾਰਕ**: ਇਸ ਦੀ ਨੀਂਹ 1763 ਵਿੱਚ ਬਾਬਾ ਆਲਾ ਸਿੰਘ ਨੇ ਰੱਖੀ ਸੀ, ਜੋ ਪਟਿਆਲਾ ਰਿਆਸਤ ਦੇ ਬਾਨੀ ਸਨ। ਇਹ ਕਿਲ੍ਹਾ ਸਿੱਖ ਰਿਆਸਤ ਦੀ ਸਿਆਸੀ ਅਤੇ ਸੱਭਿਆਚਾਰਕ ਸ਼ਕਤੀ ਦਾ ਪ੍ਰਤੀਕ ਹੈ। ਇਸ ਦੀ ਵਿਲੱਖਣ ਸਥਾਪਤੀ ਅਤੇ ਇਤਿਹਾਸਕ ਮਹੱਤਤਾ ਇਸ ਨੂੰ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕਰਨ ਦੀ ਸਮਰੱਥਾ ਰੱਖਦੀ ਹੈ।

**ਸ਼ੀਸ਼ ਮਹਿਲ**: ਮਹਾਰਾਜਾ ਨਰਿੰਦਰ ਸਿੰਘ ਦੁਆਰਾ 19ਵੀਂ ਸਦੀ ਵਿੱਚ ਬਣਵਾਇਆ ਗਿਆ ਸੀ। ਇਹ ਮਹਿਲ ਕਸ਼ਮੀਰ ਅਤੇ ਰਾਜਸਥਾਨ ਦੇ ਕਾਰੀਗਰਾਂ ਦੀ ਕਲਾਕਾਰੀ ਦਾ ਸੁੰਦਰ ਨਮੂਨਾ ਹੈ। ਇਸ ਦੀਆਂ ਕੰਧਾਂ 'ਤੇ ਬਣੀਆਂ ਕਲਾਕ੍ਰਿਤੀਆਂ, ਸ਼ੀਸ਼ਿਆਂ ਦੀ ਨਕਾਸ਼ੀ ਅਤੇ ਬਨਾਸਰ ਆਰਟ ਗੈਲਰੀ ਸੈਲਾਨੀਆਂ ਨੂੰ ਮੰਤਰ ਮੁਗਧ ਕਰਦੀ ਹੈ। ਇਸ ਮਹਿਲ ਦੀ ਵਿਲੱਖਣ ਸੁੰਦਰਤਾ ਅਤੇ ਇਤਿਹਾਸਕ ਮਹੱਤਤਾ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦੇਣ ਦੀ ਸਮਰੱਥਾ ਰੱਖਦੀ ਹੈ।

ਰਾਜਿੰਦਰਾ ਕੋਠੀ: ਮਹਾਰਾਜਾ ਰਾਜਿੰਦਰ ਸਿੰਘ ਦੇ ਸਮੇਂ ਬਣੀ ਇਹ ਕੋਠੀ ਅੱਜ ਵਿਰਾਸਤੀ ਹੋਟਲ ਵਜੋਂ ਵਰਤੀ ਜਾ ਰਹੀ ਹੈ। ਇਸ ਦੀ ਸਥਾਪਤੀ ਅਤੇ ਇਤਿਹਾਸਕ ਮਹੱਤਤਾ ਵੀ ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਰੱਖਦੀ ਹੈ।

**ਬਹਾਦਰਗੜ੍ਹ ਕਿਲ੍ਹਾ, ਮੋਤੀ ਬਾਗ ਪੈਲੇਸ ਅਤੇ ਬਰਾਦਰੀ ਗਾਰਡਨ**: ਇਹ ਸਭ ਵੀ ਪਟਿਆਲਾ ਦੀ ਵਿਰਾਸਤ ਦੀ ਸ਼ਾਨ ਨੂੰ ਦਰਸਾਉਂਦੇ ਹਨ। ਇਨ੍ਹਾਂ ਇਮਾਰਤਾਂ ਦੀ ਸਥਾਪਤੀ, ਸੱਭਿਆਚਾਰਕ ਮਹੱਤਤਾ ਅਤੇ ਇਤਿਹਾਸਕ ਪਿਛੋਕੜ ਇਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਦੀ ਸਮਰੱਥਾ ਰੱਖਦੇ ਹਨ।

ਇਹ ਸਾਰੀਆਂ ਇਮਾਰਤਾਂ ਸਿੱਖ ਸੱਭਿਆਚਾਰ, ਕਲਾ ਅਤੇ ਇਤਿਹਾਸ ਦੀਆਂ ਗਵਾਹ ਹਨ। ਇਨ੍ਹਾਂ ਦੀ ਵਿਲੱਖਣਤਾ ਅਤੇ ਸੱਭਿਆਚਾਰਕ ਮੁੱਲ ਨੂੰ ਵੇਖਦਿਆਂ, ਇਹ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਹੋਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ। ਪਰ, ਇਸ ਦੇ ਬਾਵਜੂਦ, ਸਰਕਾਰੀ ਪੱਧਰ 'ਤੇ ਠੋਸ ਉਪਰਾਲਿਆਂ ਦੀ ਘਾਟ ਨੇ ਇਸ ਮੌਕੇ ਨੂੰ ਹੱਥੋਂ ਜਾਣ ਦਿੱਤਾ।



**ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ 'ਚ ਸ਼ਾਮਲ ਨਾ ਹੋਣ ਦੇ ਕਾਰਨ ਤੇ ਕਮੀਆਂ**

ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਹੋਣ ਲਈ ਕੁਝ ਸਖ਼ਤ ਮਾਪਦੰਡ ਪੂਰੇ ਕਰਨੇ ਪੈਂਦੇ ਹਨ, ਜਿਨ੍ਹਾਂ ਵਿੱਚ ਇਮਾਰਤ ਦੀ ਇਤਿਹਾਸਕ ਮਹੱਤਤਾ, ਸੰਭਾਲ ਦੀ ਸਥਿਤੀ, ਵਿਲੱਖਣਤਾ ਅਤੇ ਵਿਸ਼ਵ ਪੱਧਰ 'ਤੇ ਪ੍ਰਚਾਰ ਸਮੇਤ ਕਈ ਪਹਿਲੂ ਸ਼ਾਮਲ ਹਨ। ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਦੀ ਇਸ ਸੂਚੀ ਵਿੱਚ ਸ਼ਾਮਲ ਨਾ ਹੋਣ ਦੇ ਕਈ ਮੁੱਖ ਕਾਰਨ ਹਨ: ਪੰਜਾਬ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਨੇ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ 'ਚ ਸ਼ਾਮਲ ਕਰਵਾਉਣ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ। 2017 ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਕਿਲ੍ਹਾ ਮੁਬਾਰਕ ਨੂੰ ਸੂਚੀ ਵਿੱਚ ਸ਼ਾਮਲ ਕਰਨ ਦੀਆਂ ਯੋਜਨਾਵਾਂ ਬਣਾਈਆਂ ਸਨ, ਪਰ ਇਹ ਯੋਜਨਾਵਾਂ ਅਮਲ 'ਚ ਨਹੀਂ ਆਈਆਂ। ਸਰਕਾਰੀ ਪੱਧਰ 'ਤੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਾ ਲੈਣਾ ਇੱਕ ਵੱਡੀ ਕਮੀ ਹੈ।

ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਹੋਣ ਲਈ ਇਮਾਰਤਾਂ ਦੀ ਸੰਭਾਲ ਦੀ ਸਥਿਤੀ ਬਹੁਤ ਮਹੱਤਵਪੂਰਨ ਹੈ। ਪਟਿਆਲਾ ਦੀਆਂ ਕਈ ਵਿਰਾਸਤੀ ਇਮਾਰਤਾਂ, ਜਿਵੇਂ ਸ਼ੀਸ਼ ਮਹਿਲ ਅਤੇ ਕਿਲ੍ਹਾ ਮੁਬਾਰਕ, ਸਮੇਂ ਦੀ ਮਾਰ ਅਤੇ ਰੱਖ-ਰਖਾਅ ਦੀ ਘਾਟ ਕਾਰਨ ਸਹੀ ਸਥਿਤੀ ਵਿੱਚ ਨਹੀਂ ਹਨ। ਇਨ੍ਹਾਂ ਇਮਾਰਤਾਂ ਦੀ ਮੁਰੰਮਤ ਅਤੇ ਸੰਭਾਲ ਲਈ ਲੋੜੀਂਦੇ ਵਿੱਤੀ ਅਤੇ ਤਕਨੀਕੀ ਸਾਧਨਾਂ ਦੀ ਕਮੀ ਨੇ ਵੀ ਇਸ ਪ੍ਰਕਿਰਿਆ ਨੂੰ ਰੋਕਿਆ ਹੈ।

ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਹੋਣ ਲਈ ਇਮਾਰਤਾਂ ਦੀ ਇਤਿਹਾਸਕ ਮਹੱਤਤਾ, ਸਥਾਪਤੀ ਅਤੇ ਸੱਭਿਆਚਾਰਕ ਮੁੱਲ ਦੀ ਵਿਸਤ੍ਰਿਤ ਡਾਕੂਮੈਂਟੇਸ਼ਨ ਜ਼ਰੂਰੀ ਹੈ। ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਬਾਰੇ ਅਜਿਹੀ ਵਿਸਤ੍ਰਿਤ ਜਾਣਕਾਰੀ ਅਤੇ ਪੇਸ਼ਕਾਰੀ ਦੀ ਕਮੀ ਹੈ। ਸਰਕਾਰੀ ਵਿਭਾਗਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ, ਜਿਸ ਕਾਰਨ ਯੂਨੈਸਕੋ ਨੂੰ ਪ੍ਰਸਤਾਵ ਭੇਜਣ ਦੀ ਪ੍ਰਕਿਰਿਆ ਅਧੂਰੀ ਰਹੀ।



ਯੂਨੈਸਕੋ ਸੂਚੀ ਵਿੱਚ ਸ਼ਾਮਲ ਹੋਣ ਵਾਲੀਆਂ ਇਮਾਰਤਾਂ ਦੇ ਆਸ-ਪਾਸ ਸਹੀ ਸੈਰ-ਸਪਾਟਾ ਸਹੂਲਤਾਂ, ਸੁਰੱਖਿਆ ਅਤੇ ਪਹੁੰਚ ਸੰਬੰਧੀ ਢਾਂਚਾ ਹੋਣਾ ਜ਼ਰੂਰੀ ਹੈ। ਪਟਿਆਲਾ ਵਿੱਚ ਅਜਿਹੀਆਂ ਸਹੂਲਤਾਂ ਦੀ ਕਮੀ ਵੀ ਇੱਕ ਵੱਡੀ ਰੁਕਾਵਟ ਹੈ।

ਇਹ ਸਾਰੇ ਕਾਰਨ ਮਿਲ ਕੇ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਹੋਣ ਤੋਂ ਰੋਕਦੇ ਹਨ। ਸਰਕਾਰੀ ਅਤੇ ਜਨਤਕ ਪੱਧਰ 'ਤੇ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਲੋੜ ਹੈ।

**ਸਿੱਖ ਵਿਰਾਸਤ ਦੀ ਸੰਭਾਲ: ਕਾਰ ਸੇਵਾ ਦਾ ਪ੍ਰਭਾਵ**


ਸਿੱਖ ਵਿਰਾਸਤ ਦੀਆਂ ਇਮਾਰਤਾਂ ਨਾ ਸਿਰਫ਼ ਪੰਜਾਬ ਦੀ ਸੱਭਿਆਚਾਰਕ ਪਛਾਣ ਹਨ, ਸਗੋਂ ਸਿੱਖ ਇਤਿਹਾਸ ਅਤੇ ਧਰਮ ਦੀਆਂ ਅਮਿੱਟ ਨਿਸ਼ਾਨੀਆਂ ਵੀ ਹਨ। ਪਰ, ਪਿਛਲੇ ਕੁਝ ਦਹਾਕਿਆਂ ਵਿੱਚ, ਖਾਸ ਕਰਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਵਿੱਚ, ਕਾਰ ਸੇਵਾ ਦੇ ਨਾਂ 'ਤੇ ਕਈ ਵਿਰਾਸਤੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਕਾਰ ਸੇਵਾ, ਜੋ ਸਿੱਖ ਪਰੰਪਰਾ ਵਿੱਚ ਸੇਵਾ ਅਤੇ ਸਮਰਪਣ ਦਾ ਪ੍ਰਤੀਕ ਹੈ, ਨੂੰ 1980 ਅਤੇ 1990 ਦੇ ਦਹਾਕਿਆਂ ਵਿੱਚ ਵਿਰਾਸਤੀ ਇਮਾਰਤਾਂ ਦੀ ਮੁਰੰਮਤ ਅਤੇ ਨਵੀਨੀਕਰਨ ਲਈ ਵਰਤਿਆ ਗਿਆ। ਪਰ, ਇਸ ਦੌਰਾਨ, ਬਹੁਤ ਸਾਰੀਆਂ ਵਿਰਾਸਤੀ ਇਮਾਰਤਾਂ ਦੀ ਮੂਲ ਸਥਾਪਤੀ ਅਤੇ ਕਲਾਕਾਰੀ ਨੂੰ ਨੁਕਸਾਨ ਪਹੁੰਚਿਆ। ਅਨਪੜ੍ਹ ਜਾਂ ਅਣਜਾਣ ਬਾਬਿਆਂ ਅਤੇ ਸਾਧਾਂ ਨੇ, ਜਿਨ੍ਹਾਂ ਨੂੰ ਵਿਰਾਸਤ ਸੰਭਾਲ ਦਾ ਗਿਆਨ ਨਹੀਂ ਸੀ, ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵੀਆਂ ਅਤੇ ਬੇਢੰਗੀਆਂ ਇਮਾਰਤਾਂ ਬਣਾਈਆਂ ਹਨ। ਇਸ ਨਾਲ ਸਿੱਖ ਵਿਰਾਸਤ ਦੀਆਂ ਅਨਮੋਲ ਨਿਸ਼ਾਨੀਆਂ ਦਾ ਵੱਡਾ ਨੁਕਸਾਨ ਹੋਇਆ ਹੈ।

ਸ਼੍ਰੋਮਣੀ ਕਮੇਟੀ ਦੀ ਭੂਮਿਕਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਵਿਰਾਸਤੀ ਇਮਾਰਤਾਂ ਦੀ ਸੰਭਾਲ 'ਚ ਢਿੱਲ ਦਿਖਾਈ। ਕਈ ਮੌਕਿਆਂ 'ਤੇ, ਵਿਰਾਸਤੀ ਗੁਰਦੁਆਰਿਆਂ ਅਤੇ ਇਮਾਰਤਾਂ ਦੀ ਮੁਰੰਮਤ ਦੌਰਾਨ ਮੂਲ ਢਾਂਚੇ ਨੂੰ ਬਦਲ ਦਿੱਤਾ ਗਿਆ। ਉਦਾਹਰਣ ਵਜੋਂ, ਅੰਮ੍ਰਿਤਸਰ ਦੇ ਸਿੱਖ ਗੁਰਦੁਆਰਿਆਂ ਵਿੱਚ ਕੀਤੀਆਂ ਗਈਆਂ ਕਾਰ ਸੇਵਾਵਾਂ ਦੌਰਾਨ ਪੁਰਾਣੀ ਕਲਾਕਾਰੀ, ਸ਼ੀਸ਼ੇ ਦੀ ਨਕਾਸ਼ੀ ਅਤੇ ਫਰੈਸਕੋ ਪੇਂਟਿੰਗਜ਼ ਨੂੰ ਨੁਕਸਾਨ ਪਹੁੰਚਿਆ। ਇਸ ਨਾਲ ਇਹ ਇਮਾਰਤਾਂ ਯੂਨੈਸਕੋ ਦੀ ਸੂਚੀ 'ਚ ਸ਼ਾਮਲ ਹੋਣ ਦੀ ਸਮਰੱਥਾ ਗੁਆ ਬੈਠੀਆਂ ਹਨ।ਅਣਜਾਣਤਾ ਅਤੇ ਗਲਤ ਨੀਤੀਆਂ: ਕਾਰ ਸੇਵਾ ਦੇ ਨਾਂ 'ਤੇ ਸੰਭਾਲ ਦੀਆਂ ਕੋਸ਼ਿਸ਼ਾਂ ਅਕਸਰ ਬਿਨਾਂ ਕਿਸੇ ਵਿਗਿਆਨਕ ਜਾਂ ਤਕਨੀਕੀ ਗਿਆਨ ਦੇ ਕੀਤੀਆਂ ਗਈਆਂ ਹਨ। ਇਸ ਦੌਰਾਨ, ਪੁਰਾਤੱਤਵ ਵਿਭਾਗ ਅਤੇ ਵਿਰਾਸਤ ਸੰਭਾਲ ਦੇ ਮਾਹਿਰਾਂ ਦੀ ਸਲਾਹ ਨੂੰ ਅਣਗੌਲਿਆ ਕੀਤਾ ਗਿਆ। ਨਤੀਜੇ ਵਜੋਂ, ਕਈ ਵਿਰਾਸਤੀ ਇਮਾਰਤਾਂ ਦੀ ਮੂਲ ਪਛਾਣ ਨਸ਼ਟ ਹੋ ਗਈ।

**ਰਾਜਸਥਾਨ ਦਾ ਉਦਾਹਰਣ**: ਰਾਜਸਥਾਨ ਨੇ ਆਪਣੀਆਂ ਵਿਰਾਸਤੀ ਇਮਾਰਤਾਂ, ਜਿਵੇਂ ਜੈਪੁਰ ਦੇ ਕਿਲ੍ਹਿਆਂ ਅਤੇ ਮਹਿਲਾਂ, ਨੂੰ ਸੰਭਾਲਣ ਵਿੱਚ ਸਫਲਤਾ ਹਾਸਲ ਕੀਤੀ ਹੈ। (**ਬਾਕੀ ਸਫ਼ਾ 31 'ਤੇ**)





# ਸੰਤਾਲੀ ਦੀ ਵੰਡ ਵਿੱਚ ਕਸ਼ਮੀਰੀ ਸਿੱਖਾਂ ਦਾ ਦੁਖਾਂਤ

**ਅਵਤਾਰ ਸਿੰਘ ਅਨੰਦ**

ਸੰਤਾਲੀ ਦੀ ਭਾਰਤ ਵੰਡ ਵਿੱਚ ਪੰਜਾਬ, ਬੰਗਾਲ ਤੇ ਕਸ਼ਮੀਰ ਨੇ ਸਭ ਤੋਂ ਵੱਧ ਦੁਖਾਂਤ ਵੇਖਿਆ। ਅਸਲ ਵਿੱਚ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ। ਬਾਰਾਂ ਲੱਖ ਦੇ ਕਰੀਬ ਪੰਜਾਬੀ ਕਤਲ ਹੋ ਗਏ। ਹੱਸਦੇ-ਵਸਦੇ ਪਰਿਵਾਰ ਪਲਾਂ ਵਿੱਚ ਹੀ ਉੱਜੜ ਗਏ। ਕਾਰੋਬਾਰ, ਖੇਤ, ਦੁਕਾਨਾਂ, ਘਰ ਛੱਡ ਕੇ ਪੰਜਾਬੀ ਇਧਰੋਂ-ਉਧਰ ਤੇ ਉਧਰੋਂ-ਇਧਰ ਰੁਲਦੇ ਰਹੇ। ਵੰਡ ਦੇ ਇਸ ਸੰਤਾਪ ਤੋਂ ਕਸ਼ਮੀਰ ਵੀ ਅਣਛੋਹਿਆ ਨਹੀਂ ਰਿਹਾ। ਇਸ ਧਰਤੀ ਨੇ ਵੀ ਆਪਣਿਆਂ ਦਾ ਕਤਲੇਆਮ ਹੁੰਦਾ ਵੇਖਿਆ, ਜਿਸ ਦੌਰਾਨ ਸਿਰਫ਼ ਤੇ ਸਿਰਫ਼ ਸਿੱਖ ਅਤੇ ਹਿੰਦੂ ਹੀ ਚੁਣ-ਚੁਣ ਕੇ ਕਤਲ ਕੀਤੇ ਗਏ ਸਨ। 15 ਅਗਸਤ ਨੂੰ ਜਦੋਂ ਭਾਰਤ ਤੇ ਪਾਕਿਸਤਾਨ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਤਾਂ ਦੂਜੇ ਪਾਸੇ ਕਸ਼ਮੀਰ ਦੇ ਲੋਕ ਉਸ ਸਹਿਮ 'ਚ ਸਨ ਕਿ ਅਸੀਂ ਕਿਸ ਪਾਸੇ ਹਾਂ, ਭਾਰਤ ਵੱਲ ਜਾਂ ਪਾਕਿਸਤਾਨ ਵੱਲ। ਕਸ਼ਮੀਰ 'ਚ ਉਸ ਵੇਲੇ 80 ਫ਼ੀਸਦੀ ਮੁਸਲਿਮ ਆਬਾਦੀ ਸੀ। ਕਸ਼ਮੀਰ ਦਾ ਰਾਜਾ ਹਰੀ ਸਿੰਘ ਡੋਗਰਾ ਕਸ਼ਮੀਰ ਵਾਦੀ 'ਤੇ ਰਾਜ ਕਰ ਰਿਹਾ ਸੀ। ਦਿਲ ਦਾ ਕਮਜ਼ੋਰ ਤਾਂ ਉਹ ਹੈ ਹੀ ਸੀ, ਰਾਜਨੀਤਕ ਸ਼ਕਤੀਆਂ ਅਤੇ ਫ਼ੈਸਲੇ ਲੈਣ 'ਚ ਵੀ ਉਹ ਕਮਜ਼ੋਰ ਸੀ।

ਪਾਕਿਸਤਾਨ ਦੀ ਵੰਡ ਦੇ ਨਾਇਕ ਮੁਹੰਮਦ ਅਲੀ ਜਿਨਾਹ ਦੀ ਸੋਚ ਸਿਰਫ਼ ਪੰਜਾਬ, ਸਿੰਧ ਤੇ ਬਲੋਚਿਸਤਾਨ ਤੱਕ ਨਹੀਂ ਸੀ, ਉਹ ਕਸ਼ਮੀਰ ਨੂੰ ਵੀ ਆਪਣੇ ਕਬਜ਼ੇ ਹੇਠ ਕਰਨਾ ਚਾਹੁੰਦਾ ਸੀ। ਇਸ ਦਾ ਕਾਰਨ ਕਸ਼ਮੀਰ 'ਚ ਮੁਸਲਿਮ ਭਾਈਚਾਰੇ ਦਾ ਵੱਡੀ ਗਿਣਤੀ ਵਿੱਚ ਹੋਣਾ ਸੀ। ਜਿਨਾਹ ਜਾਣਦਾ ਸੀ ਕਿ ਡੋਗਰਾ ਹਰੀ ਸਿੰਘ ਕੋਲ ਫ਼ੌਜ ਦੀ ਗਿਣਤੀ ਘੱਟ ਹੈ। ਪਾਕਿਸਤਾਨੀ ਲੀਡਰਾਂ ਨੇ ਪਾਕਿ ਫ਼ੌਜ ਤੇ ਕਬਾਇਲੀਆਂ ਨਾਲ ਮਿਲ ਕੇ ਕਸ਼ਮੀਰ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਦਾ ਇੱਕ ਹੀ ਨਾਅਰਾ ਸੀ 'ਸਿੱਖ ਦਾ ਸਿਰ, ਮੁਸਲਿਮ ਦਾ ਘਰ, ਹਿੰਦੂ ਦੀ ਜ਼ਰ'। ਮਤਲਬ ਸਿੱਖ ਦਾ ਸਿਰ ਵੱਢਣਾ ਹੈ, ਭਾਰਤੀ ਹਮਾਇਤੀ ਮੁਸਲਿਮ ਦਾ ਘਰ ਸਾੜਨਾ ਅਤੇ ਹਿੰਦੂਆਂ ਦੀ ਜਾਇਦਾਦ ਤੇ ਔਰਤਾਂ ਨੂੰ ਲੁੱਟਣਾ ਹੈ। ਪਾਕਿ ਫ਼ੌਜ ਅਤੇ ਕਬਾਇਲੀ ਲੋਕਾਂ ਨੇ ਮੁਜ਼ੱਫਰਾਬਾਦ ਤੋਂ ਸ੍ਰੀਨਗਰ ਦੇ ਰਸਤੇ ਵਧਣਾ ਸ਼ੁਰੂ ਕਰ ਦਿੱਤਾ। ਕਸ਼ਮੀਰ ਵਸਦੇ ਸਿੱਖਾਂ ਨੂੰ ਜਦੋਂ ਇਸ ਗੱਲ ਦੀ ਖ਼ਬਰ ਲੱਗੀ ਤਾਂ ਉਨ੍ਹਾਂ ਨੇ ਹੇਠਾਂ ਸ੍ਰੀਨਗਰ ਵੱਲ ਵਧਣਾ ਸ਼ੁਰੂ ਕਰ ਦਿੱਤਾ। ਉੜੀ ਤੋਂ ਹੇਠਾਂ ਉਤਰ ਰਹੇ ਸਿੱਖਾਂ ਨੇ ਰਸਤੇ 'ਚ ਇੱਕ ਸਥਾਨ ਸਤਰਣਾ ਨੇੜੇ ਅਰਦਾਸ ਕੀਤੀ, ਜਿੱਥੇ ਅੱਜ ਗੁਰਦੁਆਰਾ ਸ਼ਹੀਦਾਂ ਸਾਹਿਬ ਸਥਾਪਤ ਹੈ ਜਿਸ ਦਾ ਪ੍ਰਬੰਧ ਦਿੱਲੀ ਕਾਰ ਸੇਵਾ ਵਾਲੇ ਸੇਵਕਾਂ ਕੋਲ ਹੈ।

ਦੂਜੇ ਪਾਸੇ ਪਾਕਿ ਫ਼ੌਜ ਉੱਥੋਂ ਦੇ ਕਬਾਇਲੀਆਂ ਦੀ ਮਦਦ ਨਾਲ ਮੁਸਲਿਮ ਲੀਗ ਦੇ ਨੈਸ਼ਨਲ ਗਾਰਡ ਦੇ ਕਮਾਂਡਰ ਖ਼ੁਰਸ਼ੀਦ ਅਨਵਰ ਦੀ ਅਗਵਾਈ ਵਿੱਚ ਮੁਜ਼ੱਫਰਾਬਾਦ ਤੋਂ ਸ੍ਰੀਨਗਰ ਵੱਲ ਵਧ ਚੁੱਕੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮੀਰਪੁਰ ਤੇ ਉੜੀ 'ਚ ਸਿੱਖਾਂ ਦਾ ਕਤਲੇਆਮ ਕੀਤਾ। ਹਿੰਦੂਆਂ ਦੀ ਜਾਇਦਾਦ ਅਤੇ ਔਰਤਾਂ ਨੂੰ ਲੁੱਟਿਆ। ਫਿਰ ਜਦੋਂ ਉਹ ਬਾਰਾਮੁਲਾ ਪੁੱਜੇ ਤਾਂ ਪਾਕਿ ਫ਼ੌਜ ਅਤੇ ਕਬਾਇਲੀਆਂ ਨੇ ਰੱਜ ਕੇ ਲੁੱਟ-ਮਾਰ ਕੀਤੀ। ਸਭ ਤੋਂ ਵੱਧ ਇੱਥੇ ਸਿੱਖਾਂ ਨੂੰ



ਮਾਰਿਆ ਗਿਆ। ਹਮਲੇ ਦੀ ਅਗਵਾਈ ਕਰ ਰਿਹਾ ਪਾਕਿ ਫ਼ੌਜ ਦਾ ਬ੍ਰਿਗੇਡੀਅਰ ਅਕਬਰ ਖਾਂ ਆਪਣੀ ਕਿਤਾਬ 'ਰੇਡਰਸ ਇਨ ਕਸ਼ਮੀਰ' 'ਚ ਲਿਖਦਾ ਹੈ ਕਿ ਉਸ ਨੂੰ ਪਤਾ ਸੀ ਰਾਜਾ ਹਰੀ ਸਿੰਘ ਦੀ ਫ਼ੌਜ 'ਚ ਸਿਰਫ਼ 9 ਹਜ਼ਾਰ ਫ਼ੌਜੀ ਜਵਾਨ ਹਨ, ਜਿਨ੍ਹਾਂ 'ਚ ਦੋ ਹਜ਼ਾਰ ਮੁਸਲਿਮ ਸਨ, ਜਿਹੜੇ ਸਾਡੇ ਖ਼ਿਲਾਫ਼ ਨਹੀਂ ਲੜਨਗੇ। ਇਸੇ ਭਰਮ ਨੇ ਪਾਕਿ ਅਫ਼ਸਰਾਂ ਨੂੰ ਜੋਸ਼ ਨਾਲ ਭਰ ਦਿੱਤਾ। ਅਕਬਰ ਖ਼ਾਂ ਲਿਖਦਾ ਹੈ ਕਿ ਜਿਨਾਹ ਸੋਚਦਾ ਸੀ ਕਿ ਕਸ਼ਮੀਰ 'ਚ 80 ਫ਼ੀਸਦੀ ਆਬਾਦੀ ਮੁਸਲਿਮ ਹੋਣ ਕਰਕੇ ਕਸ਼ਮੀਰ ਪਾਕਿਸਤਾਨ ਦੇ ਹਿੱਸੇ ਆਵੇਗਾ। ਪਾਕਿਸਤਾਨੀ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਨ ਨੇ ਖ਼ੈਬਰ ਪਖ਼ਤੂਨਖਵਾ ਦੇ ਵਾਸੀਆਂ (ਜਿਨ੍ਹਾਂ ਨੂੰ ਕਬਾਇਲੀ ਕਿਹਾ ਜਾਂਦਾ ਹੈ) ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਪੈਸੇ ਤੇ ਹਥਿਆਰ ਦੇ ਕੇ ਕਸ਼ਮੀਰ 'ਤੇ ਹਮਲੇ ਲਈ ਉਕਸਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਦੋਮਲ ਤੇ ਮੁਜ਼ੱਫਰਾਬਾਦ 'ਤੇ ਕਬਜ਼ਾ ਕੀਤਾ। (ਅੱਜ ਵੀ ਮੁਜ਼ੱਫਰਾਬਾਦ ਪਾਕਿਸਤਾਨ ਦੇ ਕਬਜ਼ੇ ਹੇਠ ਹੈ, ਜੋ ਕਸ਼ਮੀਰ ਦੀ ਰਾਜਧਾਨੀ ਹੈ)। ਉਸ ਤੋਂ ਬਾਅਦ ਉੜੀ ਤੇ ਬਾਰਾਮੁਲਾ ਨੂੰ ਖ਼ੂਬ ਲੁੱਟਿਆ ਗਿਆ। ਕਬਾਇਲੀ ਦੋ ਦਿਨ ਤੱਕ ਬਾਰਾਮੁਲਾ ਨੂੰ ਲੁੱਟਦੇ ਰਹੇ। ਕਸ਼ਮੀਰ ਦੇ ਰਾਜੇ ਹਰੀ ਸਿੰਘ ਨੇ ਕਸ਼ਮੀਰ ਭਾਰਤ ਨੂੰ ਲਿਖ ਕੇ ਦੇ ਦਿੱਤਾ। ਭਾਰਤੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਤੁਰੰਤ ਭਾਰਤੀ ਫ਼ੌਜਾਂ ਨੂੰ ਸ੍ਰੀਨਗਰ ਵੱਲ ਰਵਾਨਾ ਕੀਤਾ। ਪਾਕਿ ਫ਼ੌਜ ਦਾ ਬ੍ਰਿਗੇਡੀਅਰ ਮੇਜਰ ਜਨਰਲ ਅਕਬਰ ਖ਼ਾਂ ਵੀ ਸ੍ਰੀਨਗਰ ਵੱਲ ਪਾਕਿ ਫ਼ੌਜ ਦੀ ਅਗਵਾਈ ਕਰਦਾ ਜਾ ਰਿਹਾ ਸੀ, ਜਦ ਉਸ ਨੂੰ ਭਾਰਤੀ ਫ਼ੌਜ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹ ਵਾਪਸ ਪਰਤ ਗਏ। ਵਾਪਸ ਜਾਂਦੇ ਵੀ ਉਹ ਮੀਰਪੁਰ, ਬਾਰਾਮੁਲਾ, ਬੀਰੂ, ਹਾਲ-ਦਦਿਆਲ, ਅਲੀਬਾਗ ਸਿਰਹਾਲ, ਭਿੰਬਰ, ਦੇਵਬੋਤਲਾ ਅਤੇ ਪੁਣਛ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਿੱਖਾਂ 'ਤੇ ਅੱਤਿਆਚਾਰ ਕਰ ਕੇ ਲੁੱਟਮਾਰ ਕਰ ਕੇ ਪਰਤੇ।

ਕਸ਼ਮੀਰੀ ਸਿੱਖ ਲੇਖਕ ਡਾ. ਜਸਬੀਰ ਸਿੰਘ ਲਿਖਦੇ ਹਨ ਕਿ ਇਸ ਸਮੇਂ ਦੌਰਾਨ ਸਿੱਖ ਭਾਈਚਾਰੇ ਸਮੇਤ ਨਾਨਕ ਪੰਥੀਆਂ ਅਤੇ ਨਾਨਕ ਨਾਮਲੇਵਾ ਨੂੰ ਕਾਫ਼ੀ ਨੁਕਸਾਨ ਹੋਇਆ, ਜਿਸ 'ਚ 20 ਹਜ਼ਾਰ ਤੋਂ 33 ਹਜ਼ਾਰ ਸਿੱਖ ਪੁਰਸ਼, ਔਰਤਾਂ ਤੇ ਬੱਚੇ ਸ਼ਹੀਦ ਹੋਏ। ਖਡਨਿਆਰ ਪਿੰਡ 'ਚ ਜ਼ਿਆਦਾਤਰ ਸਿੱਖ ਇੱਛਾਹਾਮਾ ਤੇ ਸ੍ਰੀਨਗਰ ਵੱਲ ਭੱਜ ਗਏ ਸਨ, ਪਰ ਕੁਝ ਜੋ ਬਚੇ ਸਨ, ਉਹ ਬਾਅਦ ਵਿਚ ਸ਼ਹੀਦ ਹੋ ਗਏ ਜਦੋਂ ਦੁਸ਼ਮਣ (ਕਬਾਇਲੀਆਂ) ਨੇ ਬਾਰਾਮੁਲਾ 'ਤੇ ਕਬਜ਼ਾ ਕਰ ਲਿਆ।

ਸਤਰਾਣਾ ਪਿੰਡ ਵਿੱਚ ਇੱਕ ਸਭਾ ਹੋਈ। ਵੱਖ-ਵੱਖ ਪਿੰਡਾਂ ਦੇ ਸਿੱਖ ਪਰਿਵਾਰ ਇਕੱਠੇ ਹੋਏ ਸਨ ਅਤੇ ਉਨ੍ਹਾਂ 'ਚੋਂ ਜ਼ਿਆਦਾਤਰ ਜਿਨ੍ਹਾਂ 'ਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ, ਇਸ ਕਾਫ਼ਲੇ ਵਿੱਚ ਦਰਸਾਏ ਗਏ ਪਿੰਡਾਂ 'ਚ ਦਰਦਪੁਰਾ, ਚੱਕਸ਼ਤਲੂ, ਭਟਪੁਰਾ, ਵਾਨਪੋਰਾ, ਪਟੂਸਾ, ਪੰਜਾਲਾ, ਘੁੰਡਬਲ, ਹਮਦੂਬ, ਘੁੰਡੀ, ਫਗੀਪੁਰਾ, ਹਾਚੀਪੁਰਾ, ਮੰਡਾਨਾ, ਯਾਰਾਬੂਘ, ਚਰਲੀਘੁੰਡ ਅਤੇ ਹਰਦੂਚਨਮ ਸ਼ਾਮਿਲ ਸਨ। 3,500 ਤੋਂ ਵੱਧ ਸਿੱਖ ਆਪਣੇ ਪਰਿਵਾਰਾਂ ਸਮੇਤ ਇਸ ਕਾਫ਼ਲੇ ਦਾ ਹਿੱਸਾ ਸਨ। ਇਹ ਪਰਿਵਾਰ ਆਪਣੇ ਘਰਾਂ ਤੋਂ ਜਲਦੀ ਭੱਜਦੇ ਸਮੇਂ ਕੁਝ ਚੀਜ਼ਾਂ, ਰਵਾਇਤੀ ਹਥਿਆਰ ਅਤੇ ਕੱਪੜੇ ਨਾਲ ਲੈ ਕੇ ਆਏ ਸਨ। ਜਿਵੇਂ ਹੀ ਉਹ ਸ੍ਰੀਨਗਰ ਵੱਲ ਵਧੇ ਤਾਂ ਉਨ੍ਹਾਂ ਦਾ ਸਾਹਮਣਾ ਬਡਗਾਮ ਤੋਂ ਇੱਕ ਕਿਲੋਮੀਟਰ ਪਹਿਲਾਂ ਕਬਾਇਲੀਆਂ ਨਾਲ ਹੋਇਆ, ਜਿਨ੍ਹਾਂ ਨੇ ਹਮਲਾ ਕਰਕੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ।

ਦੀਦਾਰਪੁਰਾ ਪਿੰਡ ਨੂੰ ਵੀ ਹਮਲਿਆਂ ਅਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਸਥਾਨਕ ਲੋਕਾਂ ਨੇ ਗੁਰਦੁਆਰੇ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕੁਝ ਸਿੱਖਾਂ ਨੂੰ ਮਾਰ ਦਿੱਤਾ। ਬਲਗਾਮ ਚੂਰੇ ਵਿੱਚ ਸਿੱਖਾਂ ਤੇ ਹਮਲਾਵਰਾਂ ਵਿਚਕਾਰ ਇੱਕ ਭਿਆਨਕ ਮੁਕਾਬਲਾ ਹੋਇਆ, ਜਿਸ 'ਚ ਲਗਭਗ 500 ਸਿੱਖ ਮਾਰੇ ਗਏ। ਗੁਰਦੁਆਰਾ ਗੁਲਮਰਗ ਦੇ ਪ੍ਰਧਾਨ ਸ. ਤੇਜਾ ਸਿੰਘ ਨੇ ਦੱਸਿਆ ਕਿ ਮਾਰੇ ਗਏ ਸਿੱਖ ਭਾਈਚਾਰੇ ਦੀ ਯਾਦ ਵਿੱਚ ਪਿੰਡ ਸਤਰਣਾਂ ਰਫੀਆਬਾਦ ਵਿਖੇ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਹਰ ਸਾਲ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।



# ਪੰਜਾਬ ’ਚ ਖੇਤੀ ਆਧਾਰਿਤ ਸਨਅਤਾਂ ਦੀ ਘਾਟ

## ਉਦਯੋਗੀਕਰਨ ਤੋਂ ਬ਼ਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ



ਡਾ. ਐਸ. ਐਸ. ਛੀਨਾ

ਸੁਤੰਤਰਤਾ ਤੋਂ ਪਹਿਲਾਂ ਪੰਜਾਬ ਭਾਵੇਂ ਖੇਤੀ ਵਿੱਚ ਸਭ ਪ੍ਰਾਂਤਾਂ ਤੋਂ ਵਿਕਸਤ ਪ੍ਰਾਂਤ ਸੀ ਪਰ ਇੱਥੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਖੇਤੀ ਵਸਤਾਂ ਨਹੀਂ ਸਗੋਂ ਉਦਯੋਗਿਕ ਵਸਤੂਾਂ ਸਨ। ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਇਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ।

ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿੱਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਲ ਤੋਂ 1200 ਕਿੱਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਾਂ ਨੂੰ ਆਧੁਨਿਕ ਸਮੇਂ ਵਿੱਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਾਂ ਦਾ ਉਦਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ। ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿੱਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ਼ ਖੇਤੀ ’ਤੇ ਹੀ ਰਹਿ ਗਈ।

ਭਾਵੇਂ ਪੰਜਾਬ ਖੇਤੀ ਵਿੱਚ ਸਿਰਫ਼ ਭਾਰਤ ਦਾ ਹੀ ਨਹੀਂ, ਦੁਨੀਆਂ ਭਰ ’ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿੱਚ 60 ਫ਼ੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿੱਚ 19 ਫ਼ੀਸਦੀ, ਝੋਨੇ ਵਿੱਚ 11 ਅਤੇ ਕਪਾਹ ਵਿੱਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆਂ ਭਰ ਵਿੱਚ ਪੈਦਾ ਹੋਣ ਵਾਲੀ ਕਣਕ ਵਿੱਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿੱਚ 2.5% ਅਤੇ ਕਪਾਹ ਵਿੱਚ 1.2 ਫ਼ੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿੱਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿੱਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਤੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ ’ਤੇ ਖ਼ਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦਾ ਖੇਤਰ ਵਧਦਾ ਗਿਆ ਅਤੇ ਹੋਰ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ। ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ।

ਇੱਥੇ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿੱਚ ਵਿਕਦੇ



ਹਨ ਅਤੇ ਇਸ ਤਰ੍ਹਾਂ ਹੀ ਅਦਰਕ ਤੇ ਹੋਰ ਫ਼ਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿੱਚ ਪੰਦਰਵੇਂ ਸਥਾਨ ’ਤੇ ਹੈ ਅਤੇ ਪੰਜਾਬ ਤੋਂ ਇੱਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿੱਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿੱਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿੱਚ ਪੰਜਾਬ ਦਾ 80 ਫ਼ੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਇੱਕ ਉਹ ਫ਼ਸਲ ਹੈ ਜਿਹੜੀ ਸਿਰਫ਼ ਪੰਜਾਬ (ਭਾਰਤ) ਵਿੱਚ ਅਤੇ ਪਾਕਿਸਤਾਨ ਵਿੱਚ ਹੀ ਪੈਦਾ ਕੀਤੀ ਜਾਂਦੀ ਹੈ।

ਬਾਹਰਲੇ ਦੇਸ਼ਾਂ ਵਿੱਚ ਬਾਸਮਤੀ ਦੀ ਇੰਨੀ ਮੰਗ ਹੈ ਕਿ ਉਹ ਕਈ ਵਾਰ ਪੂਰੀ ਵੀ ਨਹੀਂ ਹੁੰਦੀ ਪਰ ਪੰਜਾਬ ਵਿੱਚ ਬਾਸਮਤੀ ਦੀ ਫ਼ਸਲ ਲਈ ਖੇਤਰ ਵਿੱਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿੱਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿੱਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਸੀ ਹੋ ਰਹੀ ਅਤੇ ਅਖ਼ੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ ’ਤੇ ਵਿਕ ਸਕਦੇ ਹਨ। ਭਾਰਤ ਵਿੱਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ।

ਪੰਜਾਬ ਦਾ ਉਦਯੋਗੀਕਰਨ ਹੋਣਾ ਚਾਹੀਦਾ ਹੈ ਕਿਉਂ ਜੋ ਉਦਯੋਗੀਕਰਨ ਤੋਂ ਬਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬ ਤੋਂ ਉਦਯੋਗਿਕ ਵਸਤਾਂ ਦਾ ਨਿਰਯਾਤ ਵੀ ਹੋਣਾ ਚਾਹੀਦਾ ਹੈ। ਕਿਸੇ ਵੇਲੇ ਲੁਧਿਆਣੇ ਦੀ ਹੌਜਰੀ ਦਾ ਭਾਰਤ ਦੇ ਹੌਜਰੀ ਨਿਰਯਾਤ ਵਿੱਚ 95 ਫ਼ੀਸਦੀ ਹਿੱਸਾ ਸੀ।

ਆਸਟ੍ਰੇਲੀਆ, ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਤਿਆਰ ਕਰ ਕੇ ਉਨ੍ਹਾਂ ਦਾ ਨਿਰਯਾਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਹੁੰਦਾ ਸੀ। ਪਰ ਨਿਰਯਾਤ ਤੁਲਨਾਤਮਕ ਲਾਗਤ ਦੇ ਸਿਧਾਂਤ ’ਤੇ ਹੁੰਦਾ ਸੀ ਜਿਸ ਦਾ ਅਰਥ ਹੈ ਕਿ ਜਿਹੜੀ ਚੀਜ਼ ਬਾਹਰੋਂ ਤੁਲਨਾਤਮਕ ਤੌਰ ’ਤੇ ਸਸਤੀ ਮਿਲਦੀ ਹੈ, ਉਹ ਲੈ ਲਓ ਅਤੇ ਜਿਸ ਵਸਤੂ ਨੂੰ ਤੁਲਨਾਤਮਕ ਲਾਗਤ ’ਤੇ ਆਪਣੇ ਦੇਸ਼ ਵਿੱਚ ਸਸਤਾ ਬਣਾਇਆ ਜਾ ਸਕਦਾ ਹੈ, ਉਸ ਦਾ ਨਿਰਯਾਤ ਕਰੋ। ਉਸ ਵਸਤ ਦਾ ਨਿਰਯਾਤ ਕਿਤੇ ਸਸਤਾ ਪੈਂਦਾ ਹੈ ਜਿਹੜੀ ਆਪਣੇ ਦੇਸ਼ ਵਿਚ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿੱਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ, ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ।

ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ 86 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿੱਚ ਸਿਰਫ਼ 12 ਫ਼ੀਸਦੀ ਵਸਤਾਂ ਤਿਆਰ ਕਰਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿੱਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਜਿਸ ਵਿੱਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿੱਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿੱਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿੱਚ ਇਕ ਵੱਡੀ ਰੁਕਾਵਟ ਹੈ।

ਹਰ ਉੱਦਮੀ ਇਸ ਗੱਲ ਲਈ ਸੁਚੇਤ ਹੈ ਕਿ ਉਸ ਵੱਲੋਂ ਲਾਈ ਪੂੰਜੀ ਸਾਲ ਦਾ ਜ਼ਿਆਦਾ ਸਮਾਂ ਆਪਣੇ ਕੰਮ ਵਿੱਚ ਲੱਗੀ ਰਹੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਉਸ ਲਈ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਉਹ ਫ਼ਸਲ ਜਾਂ ਕੱਚਾ ਮਾਲ ਮਿਲਦਾ ਹੈ। ਖੇਤੀ ਇੱਕ ਮੌਸਮੀ ਧੰਦਾ ਹੈ। ਹਰ ਫ਼ਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿੱਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫ਼ਸਲ ਦੇ ਅਨੁਕੂਲ ਹੈ।ਪੰਜਾਬ ਵਿੱਚ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿੱਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿਚ ਨਹੀਂ। ਇਸ ਤਰ੍ਹਾਂ ਹੋਰ ਫ਼ਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖ਼ਰੀਦੀਆਂ ਜਾਂਦੀਆਂ ਹਨ। ਫ਼ਸਲਾਂ ਦੀ ਬਿਜਾਈ ਲਈ ਕੇਂਦਰ ਤੇ ਪ੍ਰਾਂਤ ਦੀ ਅਪਣਾਈ ਜਾਂਦੀ ਨੀਤੀ ਦੀ ਵੱਡੀ ਭੂਮਿਕਾ ਹੈ। ਜੇ ਇਨ੍ਹਾਂ ਫ਼ਸਲਾਂ ਨੂੰ ਵੀ ਸਰਕਾਰ ਵੱਲੋਂ ਅਪਣਾਈ ਕਣਕ ਅਤੇ ਝੋਨੇ ਵਾਂਗ ਯਕੀਨੀ ਮੰਡੀਕਰਨ ਦਾ ਭਰੋਸਾ ਮਿਲ ਜਾਵੇ ਤਾਂ ਇਨ੍ਹਾਂ ਵਿੱਚ ਵੀ ਉਹੋ ਜਿਹੇ ਹੈਰਾਨਕੁੰਨ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਕਣਕ, ਝੋਨੇ ਵਿੱਚ ਕੀਤੇ ਗਏ ਹਨ। ਇਨ੍ਹਾਂ ਫ਼ਸਲਾਂ ਬਾਰੇ ਖੋਜ ਹੀ ਨਹੀਂ ਕੀਤੀ ਗਈ।

(ਬਾਕੀ ਸਫ਼ਾ 31 ’ਤੇ)



# ਪੁਰਾਣੀਆਂ ਪੀੜ੍ਹੀਆਂ ਨਾਲ ਹੀ ਖ਼ਤਮ ਹੋ ਗਏ ਸਮੇਂ ਦੇ ਰੀਤੀ-ਰਿਵਾਜ ਤੇ ਕਿੱਤੇ

**ਜਗਤਾਰ ਲਾਡੀ ਮਾਨਸਾ**

ਸਮਾਂ ਕਦੇ ਕਿਸੇ ਲਈ ਨਹੀਂ ਠਹਿਰਦਾ। ਹਰੇਕ ਯੁੱਗ, ਹਰੇਕ ਪੀੜ੍ਹੀ ਆਪਣੀ ਛਾਪ ਛੱਡਦੀ ਹੈ। ਕਿਸੇ ਨੇ ਸਹੀ ਕਿਹਾ ਹੈ ਕਿ ਜੱਗ ਜੰਕਸ਼ਨ ਰੇਲਾਂ ਦਾ ਹੈ।ਲੋਕ ਆਉਂਦੇ ਨੇ ਆਪਣੇ ਹਿੱਸੇ ਦਾ ਰੋਲ ਨਿਭਾ ਚੱਲੇ ਜਾਂਦੇ ਨੇ।ਬਚਪਨ, ਜਵਾਨੀ ਤੇ ਬੁਢਾਪਾ ਬੀਤਦੇ ਜਾਂਦੇ ਹਨ। ਬੰਦਾ ਰੋਜ਼ੀ ਰੋਟੀ ਨਾਲ ਜੁੜਦਾ ਹੈ। ਆਪਣੇ ਸੱਭਿਆਚਾਰ, ਲੋਕਾਂ ਨਾਲ ਕੰਮਕਾਜ ਨਾਲ, ਪਹਿਰਾਵੇ ਨਾਲ ਡੂੰਘੀ ਸਾਂਝ ਪਾਈ ਲੈਂਦਾ ਹੈ। ਪਰ ਕਹਿੰਦੇ ਨੇ ਕਿ ਸਮੇਂ ਕਦੇ ਨੀ ਰੁਕਦਾ। ਸਮੇਂ ਨਾਲ ਖਾਣ ਪੀਣ,ਪਹਿਰਾਵਾ ਤੇ ਕੰਮ ਬਹੁਤ ਕੁਝ ਨਵਾਂ ਆ ਜਾਂਦਾ ਹੈ। ਨਵੀਂ ਪੀੜ੍ਹੀ ਪੁਰਾਣੀ ਰਵਾਇਤ ਨੂੰ ਛੱਡਦੀ ਜਾਂਦੀ ਹੈ।ਪਰ ਕੁਝ ਅਜਿਹੇ ਕੰਮ, ਰੀਤੀ-ਰਿਵਾਜ, ਤੇ ਲੋਕ ਰਵਾਇਤਾਂ ਹੁੰਦੀਆਂ ਹਨ ਜੋ ਕੇਵਲ ਆਪਣੇ ਸਮੇਂ ਦੀ ਨਹੀਂ, ਸਗੋਂ ਪੂਰੇ ਸੱਭਿਆਚਾਰ ਦੀ ਪਹਿਚਾਣ ਹੁੰਦੀਆਂ ਹਨ। ਪਿਛਲੀਆਂ ਪੀੜ੍ਹੀਆਂ ਉਹਨਾਂ ਨੂੰ ਸੰਭਾਲ ਕੇ ਰੱਖਿਆ ਸੀ।ਪਰ ਹੁਣ ਦੁੱਖ ਦੀ ਗੱਲ ਇਹ ਹੈ ਕਿ ਜਿਵੇਂ ਜਿਵੇਂ ਅਸੀਂ ਆਧੁਨਿਕਤਾ ਵੱਲ ਵਧੇ ਹਾਂ, ਇਨ੍ਹਾਂ ਵਿੱਚੋਂ ਕਈ ਕਿੱਤੇ ਤੇ ਰਿਵਾਜ ਪੁਰਾਣੀਆਂ ਪੀੜ੍ਹੀਆਂ ਦੇ ਨਾਲ ਹੀ ਖਤਮ ਹੋ ਗਏ ਹਨ।

ਜਿਵੇਂ ਕਹਿੰਦੇ ਨੇ ਕਿ

ਪਿੱਪਲ ਦਿਆ ਪੱਤਿਆ ਕਿਉਂ ਖੜ ਖੜ ਲਾਈ ਹੈ

ਪੱਤ ਝੜੇ ਪੁਰਾਣੇ , ਰੁੱਤ ਨਵਿਆਂ ਦੀ ਆਈ ਹੈ।

ਇੱਥੇ ਅਸੀਂ ਉਨ੍ਹਾਂ ਵਿਸ਼ਿਆਂ ਦੀ ਯਾਦ ਕਰਾਂਗੇ ਜੋ ਹੁਣ ਸਿਰਫ਼ ਕਹਾਣੀਆਂ, ਯਾਦਾਂ ਜਾਂ ਕਦੇ-ਕਦੇ ਕਿਸੇ ਸੱਭਿਆਚਾਰਕ ਸੰਸਥਾਵਾਂ ਦੀਆਂ ਗੈਲਰੀਆਂ ਤੱਕ ਸੀਮਤ ਹੋ ਗਏ ਹਨ।

ਘਰੇਲੂ ਹੁਨਰ ਤੇ ਹੱਥ ਕਲਾਵਾਂ ਦੀ ਗੱਲ ਕਰੀਏ ਤਾਂ ਦੁਨੀਆ ਬਦਲ ਗਈ ਹੈ।

**ਚਰਖਾ ਤੇ ਸੂਤ ਕੱਤਣਾ**

ਪਹਿਲਾਂ ਹਰ ਘਰ ਵਿੱਚ ਚਰਖਾ ਹੁੰਦਾ ਸੀ। ਰਾਤ ਵੇਲੇ ਔਰਤਾਂ ਗੀਤ ਗਾਉਂਦੀਆਂ ਹੋਈਆਂ ਸੂਤ ਕੱਤਦੀਆਂ।ਹੁਣ ਤ੍ਰਿੰਝਣ ਨਹੀਂ ਜੁੜਦੇ।ਇਹ ਨਾ ਕੇਵਲ ਕਲਾ ਸੀ, ਸਗੋਂ ਇੱਕ ਰੂਹਾਨੀ ਅਨੁਭਵ ਵੀ। ਅੱਜ ਇਹ ਕਲਾ ਗਿਣਤੀ ਦੇ ਲੋਕਾਂ ਤੱਕ ਸੀਮਿਤ ਹੋ ਚੁੱਕੀ ਹੈ। ਕਿਤੇ ਸ਼ਹਿਰ ਤੋਂ ਦੂਰ ਦੁਰਾਡੇ ਦੇ ਪਿੰਡ ਵਿੱਚ ਭਾਵੇਂ ਜਿਉਂਦੀ ਹੋਵੇ ਨਹੀਂ ਤਾਂ ਇਸ ਦਾ ਅੰਤ ਹੀ ਹੋ ਗਿਆ ਹੈ।

**ਕਢਾਈ ਤੇ ਰੰਗਾਈ**

ਪਹਿਲਾਂ ਕੱਪੜੇ ਘਰ ਵਿੱਚ ਕੱਢੇ ਜਾਂਦੇ, ਰੰਗੇ ਜਾਂਦੇ। ਹੱਥੀਂ ਰੰਗੀ ਚਾਦਰਾਂ, ਦੁਪੱਟੇ, ਸੂਟ ਪੰਜਾਬੀ ਪਹਿਰਾਵੇ ਦੀ ਖਾਸੀਅਤ ਸਨ। ਆਧੁਨਿਕ ਫੈਕਟਰੀ ਕੰਮ ਨੇ ਇਹ ਸਭ ਘਰੋਂ ਖਤਮ ਕਰ ਦਿੱਤਾ।ਔਰਤਾਂ ਲੰਮੇ ਸਮੇਂ ਤੱਕ ਕੰਮ ਕਰਦੀਆਂ ਰਹਿੰਦੀਆਂ ਸੀ ਮਨਪਸੰਦ ਦੇ ਰੰਗ ਪਾਉਂਦੀਆਂ ਸਨ।

**ਘਰੇਲੂ ਸਾਜ-ਸਜਾਵਟ**

ਰੱਖੜੀਆਂ, ਹੱਥੀਂ ਬਣਾਈਆਂ ਰੰਗੋਲੀ ਅਤੇ ਘਰ ਦੀ ਕੰਧੋਲੀ, ਵਿਹੜਾ, ਕੰਧਾਂ ’ਤੇ ਮੀਨਾਕਾਰੀ ਕਰਦੀਆਂ ਜਾਂਦੀਆਂ ਚਮਕਣ ਲਾ ਦਿੰਦੀਆਂ ਸਨ।

ਬੋਤਲਾਂ ਵਿੱਚ ਫੁੱਲ ਤੇ ਹੋਰ ਸਜਾਵਟੀ ਸਮਾਨ ਕਮਾਲ ਦਾ ਹੁੰਦਾ ਸੀ।ਸੁੰਦਰਤਾ ਵਧਾਉਣ ਵਾਲੀਆਂ ਚੀਜ਼ਾਂ ਹੁਣ ਬਾਜ਼ਾਰ ਦੀ ਤੈਅ ਕੀਤੀ ‘ਡਿਜ਼ਾਈਨ’ ਅਨੁਸਾਰ ਬਣ ਰਹੀਆਂ ਹਨ। ਰੇਡੀਮੇਡ ਨੇ ਢਾਅ ਲਾ ਦਿੱਤੀ ਹੈ।

ਖੇਤੀਬਾੜੀ ਦੇ ਪੁਰਾਤਨ ਢੰਗ ਦੀ ਗੱਲ ਤੋਰੀਏ ਤਾਂ ਪਹਿਲਾਂ ਢੰਗ ਹੋਰ ਵਰਤੇ ਜਾਂਦੇ ਸੀ। ਜਦੋਂ ਦਾ ਮੰਡੀ ਲਈ ਅਨਾਜ ਪੈਦਾ ਹੋਣ ਲੱਗਿਆ ਹੈ।ਸਭ ਕੁਝ ਬਦਲ ਗਿਆ ਹੈ।

**ਬਲਦਾਂ ਨਾਲ ਹਲ ਚਲਾਉਣਾ**

ਬਲਦਾਂ ਨਾਲ ਹਲ਼ ਵਾਹੁਣਾ- ਇਹ ਦ੍ਰਿਸ਼ ਪੰਜਾਬੀ ਪਿੰਡਾਂ ਦੀ ਰੂਹ ਸੀ। ਕਿਸਾਨ ਖੇਤਾਂ ’ਚ ਬੈਲ ਜੋੜ ਕੇ ਦਿਨ ਲੰਘਾ ਦਿੰਦੇ ਸਨ। ਹੁਣ ਇਹ ਤਸਵੀਰਾਂ ਸਿਰਫ਼ ਪੋਸਟਰਾਂ ਜਾਂ ਕਵਿਤਾਵਾਂ ਵਿੱਚ ਹੀ ਰਹਿ ਗਈ ਹੈ।

**ਮਿੱਟੀ ਨਾਲ ਸੰਬੰਧ**

ਕਣਕਾਂ ਵੱਢਣੀਆਂ, ਕੱਢਣੀਆਂ - ਇਹ ਸਭ ਰਸਮਾਂ ਇੱਕ ਖੇਤੀ ਵਾਲੀ ਜ਼ਿੰਦਗੀ ਦਾ ਹਿੱਸਾ ਸਨ। ਹੁਣ ਇਸ ਤਕਨੀਕ ਨੂੰ ਮਸ਼ੀਨਾਂ ਨੇ ਪੂਰੇ ਤਰੀਕੇ ਨਾਲ ਬਦਲ ਦਿੱਤਾ ਹੈ।

**ਰੀਤੀ-ਰਿਵਾਜ ਜੋ ਹੁਣ ਨਹੀਂ ਰਹੇ**

ਲੋਰੀਆਂ, ਸੁਹਾਗ ਅਤੇ ਵਿਆਹ ਗੀਤ



ਪਹਿਲਾਂ ਮਾਵਾਂ ਆਪਣੇ ਬੱਚਿਆਂ ਨੂੰ ਲੋਰੀ ਗਾ ਕੇ ਸੁਤਾਉਂਦੀਆਂ। ਵਿਆਹਾਂ ’ਚ ਮਹਿਲਾਵਾਂ ਸੁਹਾਗ, ਟੱਪੇ, ਵੱਖ ਵੱਖ ਤਰ੍ਹਾਂ ਦੇ ਗੀਤ ਗਾਉਂਦੀਆਂ।ਸੁਹਾਗ

ਸਿੱਠਣੀਆਂ
ਛੰਦ ਪਰਾਗਾ
ਹੇਰੇ/ਹੇਅਰੇ
ਜਨਮ ਗੀਤ
ਛੱਲਾ
ਬੋਲੀਆਂ
ਲੋਰੀਆਂ
ਲੋਹੜੀ ਦੇ ਗੀਤ

ਹੁੱਲੇ-ਹੁਲਾਰੇ ਖਤਮ ਹੋ ਗਏ ਨੇ।ਨਾਨਕੇ ਦਾਦਕੇ ਦੇ ਗਿੱਧੇ ਹੁਣ ਨੀ ਪੈਂਦੇ। ਲੰਮੀਆਂ ਹੇਕਾਂ ਦੇ ਗੀਤ

ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਬਾਬਲ ਮੇਰਾ ਦੇਸਾਂ ਦਾ ਰਾਜਾ,
ਓਸ ਦਿੱਤਾ ਐਡੀ ਦੂਰੇ।
ਮਾਤਾ ਮੇਰੀ ਮਹਿਲਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।

ਨਹੀਂ ਗੂੰਜਦੇ ਹੁਣ।ਅੱਜ ਇਹ ਸਭ ਕੁਝ ਬੈਂਡ ਅਤੇ ਡੀਜੇ ਦੇ ਸ਼ੋਰ ਵਿੱਚ ਗੁੰਮ ਹੋ ਗਿਆ।

**ਰਿਸ਼ਤਿਆਂ ਦੀਆਂ ਰਸਮਾਂ**

ਸਾਉਣ ਵਿੱਚ ਰੱਖੜੀਆਂ ਪਾਈਆਂ ਜਾਂਦੀਆਂ, ਭੈਣਾਂ ਆਪਣੇ ਭਰਾ ਲਈ ਰੱਖੜੀਆਂ ਲਿਆਉਂਦੀਆਂ। ਇਹ ਵੀ ਪਰੰਪਰਾ ਆਧੁਨਿਕ ਉਪਹਾਰਾਂ ਅਤੇ ਆਨਲਾਈਨ ਆਰਡਰਾਂ ਨੇ ਖਤਮ ਕਰ ਦਿੱਤੀ।

**ਮੌਤ ਦੇ ਸੰਸਕਾਰ**

ਚੌਥੀ, ਦਸਵੀਂ ਤੇ ਅਰਦਾਸ - ਇਹ ਰਵਾਇਤਾਂ ਸਮਾਜਕ ਸਾਂਝ ਨੂੰ ਬੰਨ੍ਹਦੀਆਂ। ਅੱਜ ਇਹ ਵੀ ਹਾਲਾਤ ਅਤੇ ਬਣ ਰਹੇ ਹਨ ਕਿ ਇਹ ਖ਼ਰਚਿਆਂ ਕਰਕੇ ਰਸਮਾਂ ਘੱਟ ਹੋ ਰਹੀਆਂ ਹਨ।ਲੰਮੇ ਵੈਣ ਪਾਉਣ ਵਾਲੀਆਂ ਦਾਦੀਆਂ ਜਾ ਚੁੱਕੀਆਂ ਨੇ। ਨਵੀਆਂ ਨੂੰ ਅਫਸੋਸ ਵੀ ਨੀ ਕਰਨਾ ਆਉਂਦਾ।

**ਲੋਕ-ਕਲਾ, ਲੋਕ-ਰਸਮ ਤੇ ਮੇਲੇ**

ਗਿੱਧਾ, ਭੰਗੜਾ, ਧਮਾਲ,
ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਹੁਣ ਬੀਤੇ ਦੀ ਗੱਲ ਬਣ ਗਏ ਨੇ।

ਇਹ ਨਾਚ ਪੰਜਾਬੀ ਸੱਭਿਆਚਾਰ ਦੀ ਰਗ ਰਗ ਵਿੱਚ ਵੱਸਦੇ ਸਨ। ਹੁਣ ਇਹ ਪ੍ਰਦਰਸ਼ਨਕਾਰੀ ਹੋ ਗਏ ਹਨ। ਆਮ ਜੀਵਨ ਦੀ ਧੂੜ ਵਿੱਚ ਇਹ ਰਲ ਗਏ ਹਨ।ਨਾ ਤੀਆਂ ਦਾ ਕੋਈ ਤਿਉਹਾਰ ਮਨਾਇਆ ਜਾਂਦਾ ਹੈ। ਕਦੇ ਕਦੇ ਕਲੱਬਾਂ ਵਿੱਚ ਇਸ ਨੂੰ ਲਾਇਆ ਜਾਂਦਾ ਹੈ।ਹੁਣ ਬੋਹੜਾਂ ਹੇਠ ਨਾ ਪੀਂਘਾਂ ਪੈਂਦੀਆਂ ਨੇ ਨਾ ਤੀਆਂ ਲੱਗਦੀਆਂ ਨੇ।

**ਪਿੰਡ ਦੇ ਮੇਲੇ**

ਜਿੱਥੇ ਕਲਾਵਾਂ, ਨਟ-ਨਟਣੀਆਂ, ਨਾਟਕ, ਜੋਗੀ ਆਉਂਦੇ, ਬੱਚਿਆਂ ਨੂੰ ਅਕਸਰ ਚੱਕਰਾਂ, ਰਬੜ ਦੇ ਗੁਬਾਰੇ ਤੇ ਚਟਪਟੇ ਆਲੂ ਪਕੌੜੇ ਖਵਾਏ ਜਾਂਦੇ ਸਨ। ਮੇਲਿਆਂ ਵਿੱਚ ਲੱਡੂ ਜਲੇਬੀਆਂ ਹੁੰਦੀਆਂ ਸਨ।ਲੋਕ ਨਵੇਂ ਕੱਪੜੇ ਪਾਕੇ ਜਾਂਦੇ ਸਨ। ਉਹ ਮੇਲੇ ਹੁਣ ਕਮਰਸ਼ੀਅਲ ਹੋ ਗਏ ਹਨ। ਸਭ ਕੁਝ ਡੁਪਲੀਕੇਟ ਜਿਹਾ ਲੱਗਦਾ ਹੈ



**ਨਾਟਕ ਤੇ ਭੰਡ, ਬਾਜ਼ੀਆਂ**

ਪਹਿਲਾਂ ਨਕਲਾਂ, ਭੰਡ ਅਤੇ ਲੋਕ ਨਾਟਕਾਂ ਰਾਹੀਂ ਲੋਕ ਮਸਲਿਆਂ ਨੂੰ ਚੁੱਕਿਆ ਜਾਂਦਾ। ਪਿੰਡ ਵਿੱਚ ਸਟੇਜਾਂ ਤੇ ਨਾਟਕ, ਡਰਾਮੇ ਖੇਡੇ ਜਾਂਦੇ ਸੀ। ਪਿੰਡ ਵਿੱਚ ਬਾਜ਼ੀਆਂ ਪੈਂਦੀਆਂ। ਲੋਕ ਉਹਨਾਂ ਘਿਓ,ਕਣਕ ਦਿੰਦੇ।ਲੋਕਾਂ ਦੇ ਹਜ਼ੂਮ ਇਹਨਾਂ ਨੂੰ ਦੇਖਣ ਪਹੁੰਚਦੇ ਸਨ। ਮੋਬਾਇਲ ਨੇ ਸਭ ਕੁਝ ਖਾ ਲਿਆ ਹੈ।ਅੱਜ ਇਹ ਸਿਰਫ਼ ਕਾਲਜੀ ਸਟੇਜ ਜਾਂ ਵਿਰਾਸਤ ਮੇਲਿਆਂ ਵਿੱਚ ਹੀ ਇਹ ਗੱਲਾਂ ਨਜ਼ਰ ਆਉਂਦੀਆਂ ਹਨ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਆਉਂਦੇ ਰਿਵਾਜਾਂ ਦੀ ਗੱਲ ਕਰੀਏ ਤਾਂ ਸਭ ਕੁਝ ਬਦਲ ਗਿਆ ਹੈ।

**ਮੁਹੱਲੇ ਦੀ ਸਾਂਝ**

ਪਹਿਲਾਂ ਪਿੰਡ ਦੇ ਲੋਕ ਇਕੱਠੇ ਬੈਠਦੇ, ਚਾਹ ਪੀਂਦੇ, ਰਸਤੇ ’ਚ ਮਿਲਦੇ। ਲੋਕ ਇੱਕ ਦੂਜੇ ਦੇ ਦੁੱਖ ਵੰਡਾਉਣ ਜਾਂਦੇ ਸਨ। ਵਿਆਹ ਦੀ ਵੀ ਆਪਣੀ ਵੱਖਰੀ ਪਛਾਣ ਸੀ। ਵਿਆਹ ’ਤੇ ਮੰਜੇ ਇਕੱਠੇ ਕਰਨੇ।ਆਂਢ ਗੁਆਂਢ ਵਿਆਹ ਵਿੱਚ ਬਣਦਾ ਰੋਲ ਨਿਭਾਉਂਦੇ ਸਨ। ਹੁਣ ਖਾ ਪੀ ਕੇ ਪਾਰ ।ਅੱਜ ਹਰ ਕੋਈ ਆਪਣੇ-ਆਪਣੇ ਫੋਨ ’ਤੇ ਚਿਪਕਿਆ ਹੋਇਆ ਹੈ। ਨਾ ਕੋਈ ਕਿਸੇ ਨਾਲ ਦੁੱਖ ਨਾ ਸੁੱਖ ਕੋਈ ਗੱਲ ਨਹੀਂ ਕਰਦੇ।

ਰਾਤਾਂ ਨੂੰ ਦਾਦੇ ਦਾਦੀਆਂ ਦੀਆਂ ਕਹਾਣੀਆਂ ਸੁਣਨਾ। ਰੋਜ਼ਾਨਾ ਨਵੀਆਂ ਕਹਾਣੀਆਂ ਸੁਣਨਾ - ਇਹ ਹੌਲੀ ਹੌਲੀ ਸਿਰਫ਼ ਯਾਦ ਬਣ ਗਈਆਂ ਹਨ। ਸਭ ਕੋਲ ਆਪਣੇ ਕਮਰੇ ਨੇ ਸਭ ਅੱਡ ਹੋ ਕੇ ਸੌਂ ਜਾਂਦੇ ਹਨ।

**ਮਹਿਮਾਨ ਨਿਵਾਜੀ**

ਪੰਜਾਬੀ ਖਾਣ ਪੀਣ ਦੇ ਸ਼ੁਕੀਨ ਨੇ ਮਹਿਮਾਨ ਨਿਵਾਜੀ ਵਿੱਚ ਵੀ ਪਹਿਲਾਂ ਵਾਲੀ ਗੱਲ ਨੀ ਰਹੀ ਹੁਣ।ਇੰਝ ਲੱਗਦਾ ਖ਼ਰਚਿਆਂ ਨੂੰ ਦੇਖ ਲੋਕ ਸੋਚਦੇ ਕਿ ਕੋਈ ਨਾ ਆਵੇ।

ਆਧਿਆਤਮਿਕ ਪਰੰਪਰਾਵਾਂ ਅਤੇ ਮਾਨਤਾ ਵੀ ਬਹੁਤ ਸਨ।

**ਬੋਹੜ, ਪਿੱਪਲ, ਮੱਥਾ ਟੇਕਣਾ**

ਪਹਿਲਾਂ ਬੋਹੜ ਹੇਠ ਬੈਠ ਕੇ ਬਜ਼ੁਰਗ ਗੱਲਾਂ ਕਰਦੇ। ਪਿੱਪਲ ਨੂੰ ਪਾਣੀ ਦਿੰਦੇ, ਰੁੱਖਾਂ ਦੇ ਚਾਰੇ ਪੱਖਾਂ ਨੂੰ ਸਿਰ ਝੁਕਾਉਂਦੇ। ਹੁਣ ਇਹ ਪ੍ਰਕਿਰਤਿਕ ਨਿਸ਼ਾਨੀਆ ਨੂੰ ਵੀ ਅਣਡਿੱਠਾ ਕਰ ਦਿੱਤਾ ਗਿਆ ਹੈ।

**ਸੰਤਾਂ ਦੀ ਸੰਗਤ, ਪਾਠ, ਸਤਸੰਗ**

ਸਾਧੂ-ਸੰਤਾਂ ਦੇ ਲੰਗਰ, ਕੀਰਤਨ, ਅਖੰਡ ਪਾਠ - ਲੋਕ ਇਕੱਠ ਹੋ ਕੇ ਸੁਣਦੇ। ਅੱਜ ਇਹ ਸਾਰੀ ਸੰਗਤ ਵੀ ‘ਲਾਈਵ ਸਟਰੀਮ’ ਤੇ ਆ ਗਈ ਹੈ।

**ਜੇਕਰ ਨਤੀਜੇ ਦੀ ਗੱਲ ਕਰੀਏ ਤਾਂ**

ਪੁਰਾਣੀਆਂ ਪੀੜ੍ਹੀਆਂ ਦੇ ਰੀਤੀ-ਰਿਵਾਜ ਤੇ ਕਿੱਤੇ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸਮੂਹਕ ਸਮਾਜਿਕ ਪਹਿਚਾਣ ਸਨ। ਇਨ੍ਹਾਂ ਦੀ ਖਤਮ ਹੋ ਰਹੀ ਦੁਨੀਆ ਸਾਨੂੰ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਅਸੀਂ ਆਪਣੀ ਮੂਲ ਜੜ੍ਹਾਂ ਨੂੰ ਨਹੀਂ ਸਾਂਭਾਂਗੇ, ਤਾਂ ਸਾਡੀ ਅਸਲ ਪਛਾਣ ਵੀ ਕਿਤਾਬਾਂ ਦੇ ਸਫ਼ਿਆਂ ਜਾਂ ਇੰਟਰਨੈੱਟ ਦੇ ਲਿੰਕਾਂ ਵਿੱਚ ਹੀ ਰਹਿ ਜਾਏਗੀ। ਇਹ ਵੀ ਸੱਚ ਹੈ ਕਿ ਅਸੀਂ ਸਾਡੇ ਬਜ਼ੁਰਗ ਤੋਂ ਉਹ ਗਿਆਨ ਲੈਣ ਨੀ ਸਕੇ ਜੋ ਉਹਨਾਂ ਨੇ ਆਪਣੇ ਬਜ਼ੁਰਗਾਂ ਤੋਂ ਲਿਆ ਸੀ। ਅਸੀਂ ਉਹਨਾਂ ਨੂੰ ਰੂੜ੍ਹੀਵਾਦੀ ਮੰਨਣ ਲੱਗ ਪਏ ਹਨ।ਜਦ ਸਬਰ ,ਸੰਜਮ,ਸੰਤੋਖ, ਨਿਮਰਤਾ, ਮਿਹਨਤ, ਸਾਦਗੀ ਅਸੀਂ ਹੋਰ ਬਹੁਤ ਗੱਲਾਂ ਛੱਡ ਦਿੱਤੀਆਂ ਹਨ।

ਸੰਸਕਾਰ ਤੇ ਰੀਤਾਂ ਨੂੰ ਮੰਨਣਾ ਸਿਰਫ਼ ਪਿਛੜਾਪਣ ਦੀ ਨਿਸ਼ਾਨੀ ਨਹੀਂ, ਸਗੋਂ ਉਹ ਅਜਿਹੀ ਲਕੀਰ ਹਨ ਜੋ ਸਮਾਜ ਨੂੰ ਕਾਇਮ ਰੱਖਦੀਆਂ ਹਨ। ਪੁਰਾਣੀਆਂ ਪੀੜ੍ਹੀਆਂ ਨੇ ਜਿਹੜਾ ਸੱਭਿਆਚਾਰ ਸਾਡੇ ਲਈ ਛੱਡਿਆ ਹੈ। ਸਾਨੂੰ ਉਸ ਨੂੰ ਸੰਭਾਲ ਕਿ ਅਗਲੀ ਪੀੜ੍ਹੀ ਤੱਕ ਲਿਜਾਣਾ ਚਾਹੀਦਾ ਹੈ।ਪਰ ਅਸੀਂ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋ ਸਭ ਕੁਝ ਗਵਾ ਲਿਆ ਹੈ।ਅਸੀਂ ਉਹਨਾਂ ਦੇ ਗੁਣਾ ਨੂੰ ਸਿਰਫ਼ ਯਾਦ ਨਾ ਬਣਾਈਏ ਸਗੋਂ ਇਸ ਨੂੰ ਅਸਲ ਵਿੱਚ ਅਮਲ ਵਿਚ ਲਿਆਉਣ ਦੀ ਲੋੜ ਹੈ।

ਸਕੂਲ ਅਤੇ ਕਾਲਜਾਂ ਵਿੱਚ ਲੋਕ ਰਸਮਾਂ ਤੇ ਕਿੱਤਿਆਂ ਬਾਰੇ ਪਾਠਕ੍ਰਮ ਬਣਾਇਆ ਜਾਵੇ।

ਪਰਿਵਾਰ ਵਿੱਚ ਬਜ਼ੁਰਗਾਂ ਨੂੰ ਸਮੇਂ ਦੇਣਾ ਅਤੇ ਉਨ੍ਹਾਂ ਤੋਂ ਪਰੰਪਰਾਵਾਂ ਦੀ ਸਿੱਖ ਲੈਣੀ ਚਾਹੀਦੀ ਹੈ।

ਪਿੰਡ ਪੱਧਰੀ ਮੇਲੇ, ਰਾਗੀਆਂ ਦੀ ਸੰਗਤ ਅਤੇ ਰਵਾਇਤੀ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇ। ਨਹੀਂ ਫਿਰ ਸਾਡਾ ਕੋਈ ਵਜੂਦ ਨਹੀਂ ਰਹਿਣਾ।





# ਮੇਰੇ ਭਿੱਜ ਗਏ ਵਰੀ ਦੇ ਲੀੜੇ...



ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185

ਪੰਜਾਬੀ ਸੱਭਿਆਚਾਰ ਵਿੱਚ ਰੁੱਤਾਂ ਤੇ ਮੌਸਮਾਂ ਦਾ ਵਿਸ਼ੇਸ਼ ਸਥਾਨ ਤੇ ਇਨ੍ਹਾਂ ਦੇ ਬਦਲਣ ਨਾਲ ਲੋਕ ਜੀਵਨ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਲੋਕ ਜੀਵਨ ਵਿੱਚ ਸਾਉਣ ਦੇ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਮਹੀਨੇ ਦਾ ਲੋਕਾਂ ਨਾਲ ਬੜਾ ਨੇੜਲਾ ਸਬੰਧ ਹੈ। ਲੋਕ ਜੀਵਨ ਵਿੱਚ ਇਹ ਮਹੀਨਾ ਖੁਸ਼ੀਆਂ, ਖੇੜਿਆਂ, ਨੱਚਣ -ਟੱਪਣ ,ਗਿੱਧੇ, ਭੰਗੜੇ, ਕਿੱਕਲੀ ਆਦਿ ਪਾਉਣ ਦਾ ਪ੍ਰਤੀਕ ਬਣ ਗਿਆ ਹੈ। ਲੋਕ ਸਾਉਣ ਦੇ ਮਹੀਨੇ ਦੀਆਂ ਖੁਸ਼ੀਆਂ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲੈਣਾ ਚਾਹੁੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੋਣ ਲੱਗ ਜਾਂਦਾ ਹੈ ਜਿਵੇਂ ਸਾਉਣ ਦਾ ਮਹੀਨਾ ਵੀ ਲੋਕਾਂ ਸੰਗ ਰਲ ਮਿਲ ਕੇ ਨੱਚਦਾ, ਖੇਡਦਾ, ਗਾਉਂਦਾ,ਹੱਸਦਾ, ਮੌਜ - ਮਸਤੀ ਮਨਾ ਰਿਹਾ ਹੋਵੇ। ਇਸ ਮਹੀਨੇ ਅਕਸਰ ਲੋਕੀਂ ਆਪਣੇ ਆਪਣੇ ਤਰੀਕੇ ਨਾਲ ਇਸ ਮਹੀਨੇ ਦੀ ਆਮਦ 'ਤੇ ਖੁਸ਼ੀਆਂ ਮਨਾਉਂਦੇ ਹਨ।

ਸਾਉਣ ਦੇ ਮਹੀਨੇ ਵਿੱਚ ਮਨੁੱਖੀ ਮਨ ਦੇ ਖੁਸ਼ੀ ਵਿੱਚ ਝੂਮ ਉੱਠਣ ਦਾ ਅਸਲ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਇਸ ਮਹੀਨੇ ਮੀਂਹ ਪੈਣ ਨਾਲ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ। ਜੇਠ ਹਾੜ ਦੇ ਮਹੀਨਿਆਂ ਦੀ ਕਹਿਰਾਂ ਦੀ ਤਪਸ਼ ,ਲੂਅ ਅਤੇ ਗਰਮੀ ਤੋਂ ਸਤਾਏ ਲੋਕਾਂ ਨੂੰ, ਧਰਤੀ ਨੂੰ, ਜੀਵਾਂ ਨੂੰ, ਬਨਸਪਤੀ ਆਦਿ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ। ਜੇਠ ਹਾੜ ਦੀ ਗਰਮੀ ਲੋਕਾਂ ਨੂੰ ਲੂਹ ਸੁੱਟਦੀ ਹੈ ।ਲੋਕ ਲਲਚਾਈਆਂ ਨਜ਼ਰਾਂ ਨਾਲ ਸਵੇਰੇ ਸ਼ਾਮ ਆਕਾਸ਼ ਵਿੱਚ ਬਦਲੋਟੀਆਂ ਨੂੰ ਭਾਲਦੇ ਫਿਰਦੇ ਹਨ। ਜਦ ਸਾਉਣ ਦੀਆਂ ਫੁਹਾਰਾਂ ਠੰਡਕ ਤੇ ਨਮੀ ਲੈ ਕੇ ਆਉਂਦੀਆਂ ਹਨ,ਧਰਤੀ ਦੀ ਚਿਰੋਕਣੀ ਪਿਆਸ ਬੁਝਦੀ ਹੈ ਤਾਂ ਖੁਸ਼ੀ ਦਾ ਪਾਸਾਰ ਹੋਣਾ ਸੁਭਾਵਿਕ ਹੁੰਦਾ ਹੈ :

ਸਾਉਣ ਮਹੀਨੇ ਦਿਨ ਗਿੱਧੇ ਦੇ<br>
ਕੁੜੀਆਂ ਰਲ ਕੇ ਆਈਆਂ<br>
ਨੱਚਣ, ਕੁੱਦਣ,ਝੂਟਣ ਪੀਂਘਾਂ<br>
ਵੱਡਿਆਂ ਘਰਾਂ ਦੀਆਂ ਜਾਈਆਂ<br>
ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ...

ਸਾਉਣ ਦਾ ਮਹੀਨਾ ਆਪਣਾ ਰੰਗ ਵਿਖਾਉਂਦਾ ਹੈ ਤਾਂ ਹੌਲੀ ਹੌਲੀ ਜੰਮ ਕੇ ਮੀਂਹ ਪੈਣ ਲੱਗਦਾ ਹੈ। ਸਾਉਣ ਦੇ ਮਹੀਨੇ ਲੱਗਦੀਆਂ ਰਹੀਆਂ ਝੜੀਆਂ ਨੂੰ ਲੋਕ ਅਕਸਰ ਯਾਦ ਕਰਦੇ ਹਨ। ਲਗਾਤਾਰ ਵਰ੍ਹਦਾ ਰਹਿਣ ਵਾਲਾ ਮੀਂਹ ਵਾਰੇ ਨਿਆਰੇ ਕਰ ਦਿੰਦਾ ਹੁੰਦਾ ਸੀ। ਹੁਣ ਮੀਂਹ ਪੈਂਦਾ ਹੈ ਤਾਂ ਇਸ ਮਹੀਨੇ ਦਾ ਰੂਪ ਨਿਖਰਨ ਲੱਗਦਾ ਹੈ। ਗਿੱਧੇ, ਭੰਗੜੇ, ਤੀਆਂ, ਕਿੱਕਲੀ ਆਦਿ ਦੇ ਪਿੜਾਂ ਵਿੱਚ ਰੌਣਕ ਵਧਣ ਲੱਗਦੀ ਹੈ। ਅੱਲ੍ਹੜ ਮੁਟਿਆਰਾਂ ਕਾਲੀਆਂ ਘਟਾਵਾਂ ਵੇਖ ਕੇ ਖੁਸ਼ੀ ਵਿੱਚ ਫੁੱਲੀਆਂ ਨਹੀਂ ਸਮਾਉਂਦੀਆਂ ਨੱਚਣ ਲਈ ਉਤਾਵਲੀਆਂ ਹੋਈਆਂ ਕੁੜੀਆਂ ਦੀ ਅੱਡੀ ਟੱਪਣ ਲੱਗਦੀ ਹੈ ਤੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਸਾਉਣ ਦੇ ਸਵਾਗਤ ਵਿੱਚ ਉਚਾਰੇ ਪੰਜਾਬੀ ਲੋਕ ਗੀਤਾਂ ਦੇ ਬੋਲ ਆਪ -ਮੁਹਾਰੇ ਆਉਣ ਲੱਗਦੇ ਹਨ ।ਸਾਉਣ ਮਹੀਨੇ ਦਾ ਮੀਂਹ, ਪੀਂਘਾਂ ਦੇ ਹੁਲਾਰੇ, ਰਸ ਭਿੰਨੀਆਂ ਫੁਹਾਰਾਂ ,ਸਹੇਲੀਆਂ ਦਾ ਸਾਥ ਆਦਿ ਗਿੱਧੇ ਦੇ ਬੋਲਾਂ ਨੂੰ ਹੋਰ ਬਲ ਪ੍ਰਦਾਨ ਕਰਦੇ ਹਨ :

ਉਰਲੇ ਪਾਸੇ ਮੀਂਹ ਵਰਸੇਂਦਾ ਪਰਲੇ ਪਾਸੇ 'ਨ੍ਹੇਰੀ<br>
ਸਾਉਣ ਦਿਆ ਬੱਦਲਾ ਵੇ, ਮੁੜ ਕੇ ਹੋ ਜਾ ਫੇਰੀ<br>
ਸਾਉਣ ਮਹੀਨੇ ਘਾਹ ਹੋ ਗਿਆ<br>
ਰੱਜੀਆਂ ਮੱਝੀਆਂ ਗਾਈਂ<br>
ਗਿੱਧਿਆ ਪਿੰਡ ਵੜ ਵੇ<br>
ਲਾਂਭ - ਲਾਂਭ ਨਾ ਜਾਈਂ...

ਖੁਸ਼ੀਆਂ ਦਾ ਸੰਦੇਸ਼ ਲੈ ਕੇ ਆਉਣ ਵਾਲੀਆਂ ਸਾਉਣ ਦੇ ਮਹੀਨੇ ਦੀਆਂ ਠੰਡੀਆਂ ਫੁਹਾਰਾਂ ਗਰਮੀ ਨਾਲ ਝੁਲਸੀਆਂ ਤੇ ਮੁਰਝਾਈਆਂ ਜ਼ਿੰਦਗੀਆਂ ਵਿੱਚ ਨਵੀਂ ਤਾਜ਼ਗੀ, ਨਵੀਂ ਰੂਹ, ਨਵੀਂ ਉਮੰਗ, ਨਵਾਂ ਉਤਸ਼ਾਹ ਆਦਿ ਪੈਦਾ ਕਰ ਦਿੰਦੀਆਂ ਹਨ। ਹਰ ਪ੍ਰਾਣੀ ਤੇ ਜੀਵ ਜੰਤੂ ਸਾਉਣ ਦੀ ਰਿਮ-ਝਿਮ ਨੂੰ ਆਪਣੀ ਝੋਲੀ ਵਿੱਚ ਭਰ ਲੈਣ ਲਈ ਉਤਾਵਲਾ ਤੇ ਉਤਸੁਕ ਹੁੰਦਾ ਹੈ। ਇਹ ਮਹੀਨਾ ਇੱਕ ਤਰ੍ਹਾਂ ਨਾਲ ਤਿਉਹਾਰ ਬਣਕੇ ਬਹੁੜਦਾ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਮੇਲੇ ਲੱਗਦੇ ਹਨ,ਤੀਆਂ ਲੱਗਦੀਆਂ ਹਨ। ਇਸ ਮਹੀਨੇ ਦੇ ਵਿਲੱਖਣ ਤੇ ਅਨੂਠੇ ਪ੍ਰਭਾਵ ਅਧੀਨ ਮਨ-ਤਰੰਗਾਂ ਚੰਚਲ ਹੋ ਉੱਠਦੀਆਂ ਹਨ ਤੇ ਵੰਨ ਸੁਵੰਨੇ ਪੰਜਾਬੀ ਲੋਕ ਗੀਤਾਂ ਦੀ ਛਹਿਬਰ ਲੱਗਣੀ ਸ਼ੁਰੂ ਹੋ ਜਾਂਦੀ ਹੈ :

ਮੇਰੇ ਭਿੱਜ ਗਏ ਵਰੀ ਦੇ ਲੀੜੇ<br>
ਪੱਛੋਂ ਦੀਆਂ ਪੈਣ ਕਣੀਆਂ।

ਸਾਉਣ ਦੇ ਮਹੀਨੇ ਵਿੱਚ ਲੋਕਾਂ ਦੇ ਮਨਾਂ ਵਿੱਚ ਸੁੱਤੀਆਂ ਮਸਤੀਆਂ ਜਾਗ ਉੱਠਦੀਆਂ ਹਨ। ਭਰਪੂਰ ਮੀਂਹ ਵਰ੍ਹਾਉਂਦੇਮੇਘਲੇ ਧਰਤੀ ਦੇ ਸੀਨੇ 'ਤੇ ਹਰੇ ਭਰੇ ਘਾਹ ਦੀ ਚਾਦਰ ਵਿਛਾ ਦਿੰਦੇ ਹਨ। ਧਰਤੀ 'ਤੇ ਲੋਹੜੇ ਦਾ ਨਿਖਾਰ ਆ ਜਾਂਦਾ ਹੈ। ਸੁਗੰਧੀਆਂ ਲਿਪਟੀਆਂ ਹਵਾਵਾਂ ਵਾਤਾਵਰਨ ਨੂੰ ਮਹਿਕਾਉਂਦੀਆਂ ਹਨ। ਬਨਸਪਤੀ ਫਲਦੀ-ਫੁੱਲਦੀ ਹੈ ਤੇ ਮਹਿਕਾਂ ਵੰਡਣ ਲੱਗਦੀ ਹੈ। ਨਦੀਆਂ ਦੇ ਕੰਢਿਆਂ 'ਤੇ ਉੱਗੀ ਬਨਸਪਤੀ ਹਵਾਵਾਂ ਨਾਲ ਝੂਮਦੀ ਤੇ ਨੱਚਦੀ ਪ੍ਰਤੀਤ ਹੁੰਦੀ ਹੈ। ਬੱਦਲ ਗਰਜਦੇ ਹਨ, ਮੋਰ ਪੈਲਾਂ ਪਾਉਂਦੇ ਹਨ। ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦੀ ਹੈ:

ਗੱਜੇ ਬੱਦਲ ਚਮਕੇ ਬਿਜਲੀ,ਮੋਰਾਂ ਪੈਲਾਂ ਪਾਈਆਂ<br>
ਹੀਰ ਨੇ ਰਾਂਝੇ ਨੂੰ ,ਦਿਲ ਦੀਆਂ ਖੋਲ੍ਹ ਸੁਣਾਈਆਂ ।

ਸਾਉਣ ਦੇ ਮਹੀਨੇ ਵਿੱਚ ਕੁੜੀਆਂ ਦੇ ਘੇਰਿਆਂ ਵਿੱਚ ਵਿਸ਼ੇਸ਼ ਕਿਸਮ ਦੀ ਖੁਸ਼ੀ ਅਭਿਆਸ ਕਰ ਰਹੀ ਹੁੰਦੀ ਹੈ ।ਪਿੰਡ ਤੋਂ ਬਾਹਰ ਕਿਸੇ ਨਹਿਰ, ਛੱਪੜ, ਟੋਭੇ ਆਦਿ ਦੇ ਕੰਢੇ 'ਤੇ ਸੰਘਣੇ ਬਿਰਖਾਂ ਦੀ ਛਾਂ ਹੇਠ ਵੱਡੀ ਗਿਣਤੀ ਵਿੱਚ ਮੁਟਿਆਰਾਂ ਜੁੜਦੀਆਂ ਹਨ, ਨੱਚਦੀਆਂ ਹਨ, ਕਿੱਕਲੀ ਪਾਉਂਦੀਆਂ ਹਨ ਤੇ ਪੀਂਘਾਂ ਝੂਟਦੀਆਂ ਹਨ :

ਨੱਚ ਲਓ ਕੁੜੀਓ ਨੀ<br>
ਸਾਉਣ ਨੇ ਕਦ-ਕਦ ਆਉਣਾ।<br>
ਆਓ ਨੀ ਕੁੜੀਓ ਹੱਸੀਏ ਖੇਡੀਏ<br>
ਬਾਗੀਂ ਪੀਂਘਾਂ ਪਾਈਏ<br>
ਵਿੱਚ ਗਿੱਧੇ ਦੇ ਪਾਈਏ ਬੋਲੀਆਂ<br>
ਝਾਂਜਰ ਨੂੰ ਛਣਕਾਈਏ<br>
ਸਾਉਣ ਮਹੀਨਾ ਕਦ ਕਦ ਆਉਣੈਂ<br>
ਰੱਜ ਰੱਜ ਸ਼ਗਨ ਮਨਾਈਏ<br>
ਨੀ ,ਨੱਚ ਲੈ ਮੋਰਨੀਏ<br>
ਐਵੇਂ ਨਾ ਸ਼ਰਮਾਈਏ...<br>
ਖੱਟਾ ਡੋਰੀਆ ਉਡ ਉਡ ਜਾਂਦਾ<br>
ਜਦ ਮੈਂ ਪੀਂਘ ਚੜ੍ਹਾਵਾਂ<br>
ਸਾਉਣ ਦਿਆ ਬੱਦਲਾ ਵੇ<br>
ਤੇਰਾ ਜੱਸ ਗਿੱਧਿਆਂ ਵਿੱਚ ਗਾਵਾਂ...



ਸਾਉਣ ਦੇ ਮਹੀਨੇ ਵਿੱਚ ਮਨ ਦੀਆਂ ਖੁਸ਼ੀਆਂ ਅਤੇ ਦਿਲ ਪਰਚਾਵਿਆਂ ਦੀਆਂ ਪੀਂਘਾਂ ਅਸਮਾਨੀ ਛੂੰਹਦੀਆਂ ਹਨ। ਸਾਉਣ ਦੀ ਰੰਗਲੀ ਤੇ ਸੁਹਾਵਣੀ ਰੁੱਤ ਵਿੱਚ ਜੇ ਕਿਸੇ ਇਸਤਰੀ ਨੂੰ ਆਪਣੇ ਪ੍ਰੀਤਮ ਦੀ ਯਾਦ ਸਤਾਉਂਦੀ ਹੈ ਤਾਂ ਉਹ ਆਪਣੀ ਕਲਪਨਾ ਦੀ ਦੁਨੀਆ ਵਿੱਚ ਖੋਹੀ ਰਹਿੰਦੀ ਹੈ। ਪੀਂਘ ਝੂਟਦਿਆਂ ਵੀ ਉਸਦਾ ਮਨ ਹੋਰਥੇ ਉਡਾਰੀਆਂ ਮਾਰਦਾ ਰਹਿੰਦਾ ਹੈ। ਫਿਰ ਮਾਹੀ ਦੇ ਆਉਣ ਦਾ ਸੁਨੇਹਾ ਮਿਲਣ 'ਤੇ ਉਹ ਬਾਗੋ-ਬਾਗ ਹੋ ਜਾਂਦੀ ਹੈ :

ਪਹਿਨ ਪਚਰ ਕੇ ਚੜ੍ਹ ਗਈ ਪੀਂਘ 'ਤੇ<br>
ਡਿੱਗ ਪਈ ਹੁਲਾਰਾ ਖਾ ਕੇ<br>
ਪੈਣ ਫੁਹਾਰਾਂ ,ਚਮਕੇ ਬਿਜਲੀ<br>
ਮੈਨੂੰ ਵੇਖ ਲੈ ਰਾਂਝਿਆ ਆ ਕੇ<br>
ਬੱਦਲਾਂ ਨੂੰ ਵੇਖ ਰਹੀ<br>
ਮੈਂ ਤੇਰਾ ਸੁਨੇਹਾ ਪਾ ਕੇ...

ਖੇਤਾਂ ਵਿੱਚ ਹਰੀਆਂ-ਭਰੀਆਂ, ਲਹਿਰਾਉਂਦੀਆਂ ਫਸਲਾਂ ਵੇਖ ਕੇ ਕਿਸਾਨ ਖੁਸ਼ੀ ਵਿੱਚ ਫੁੱਲੇ ਨਹੀਂ ਸਮਾਉਂਦੇ। ਪਾਣੀ ਵਿੱਚ ਖੇਡਦੇ, ਅਠਖੇਲੀਆਂ ਕਰਦੇ, ਖੁਸ਼ੀਆਂ ਮਨਾਉਂਦੇ ਨੰਗ-ਧੜੰਗੇ ਬੱਚੇ ਉੱਛਲਦੇ ਕੁੱਦਦੇ ਹਨ,ਗਾਉਂਦੇ ਹਨ, ਖੁਸ਼ੀਆਂ ਮਾਣਦੇ ਹਨ:

ਕਾਲੀਆਂ ਇੱਟਾਂ ਕਾਲੇ ਰੋੜ,ਮੀਂਹ ਵਸਾ ਦੇ ਜ਼ੋਰੋ ਜ਼ੋਰ<br>
ਰੱਬਾ - ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ ।

ਸਾਰੀਆਂ ਰੁੱਤਾਂ ਦਾ ਸਿਰਤਾਜ, ਸਭ ਦੇ ਕਲੇਜੇ ਠੰਡ ਪਾਉਣ ਵਾਲਾ ਸਾਉਣ ਦਾ ਮਹੀਨਾ ਸਵਾਦਲੇ, ਵੰਨ ਸੁਵੰਨੇ ਪਕਵਾਨ ਬਣਾਉਣ ਲਈ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਮਾਲ੍ਹ ਪੂੜੇ, ਖੀਰਾਂ , ਪਕੌੜੇ,ਹਲਵੇ ਅਤੇ ਹੋਰ ਭਾਂਤ ਸੁਭਾਂਤੇ ਪਕਵਾਨ ਲੋਕਾਂ ਦੀਆਂ ਖੁਸ਼ੀਆਂ ਤੇ ਚਾਵਾਂ ਵਿੱਚ ਵਾਧਾ ਕਰਦੇ ਹਨ। ਇਸ ਮਹੀਨੇ ਦੇ ਰੰਗ ਹੀ ਨਿਰਾਲੇ ਹਨ।

ਆਲਮੀ ਤਪਸ਼ ਨੇ, ਧਰਤੀ ਦੇ ਵਧਦੇ ਤਾਪਮਾਨ ਨੇ ,ਰੁੱਖਾਂ ਦੀ ਬੇਤਹਾਸ਼ਾ ਤੇ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਨੇ ਮੌਸਮਾਂ ਤੇ ਰੁੱਤਾਂ ਦੇ ਮਿਜਾਜ਼ ਹੀ ਬਦਲ ਦਿੱਤੇ ਹਨ। ਹੁਣ ਕਈ ਵਾਰ ਜੂਨ ਮਹੀਨੇ ਵਿੱਚ ਹੀ ਭਰਪੂਰ ਮੀਂਹ ਪੈ ਜਾਂਦੇ ਹਨ। ਸਾਉਣ ਮਹੀਨਾ ਸੁੱਕਾ ਲੰਘ ਜਾਂਦਾ ਹੈ। ਕਈ ਵਾਰ ਸਤੰਬਰ ਦੇ ਮਹੀਨੇ ਵਿੱਚ ਪੈਣ ਵਾਲੇ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਸਾਉਣ ਮਹੀਨੇ ਵਿੱਚ ਕਈ ਵਾਰ ਪਿਆਸੀ ਧਰਤੀ ਮੀਂਹ ਲਈ ਤਰਸਦੀ ਰਹਿ ਜਾਂਦੀ ਹੈ। ਕੱਚਿਆਂ ਕੋਠਿਆਂ ਵਿੱਚ ਰਹਿਣ ਵਾਲਿਆਂ ਵਾਸਤੇ ਕਈ ਵਾਰ ਸਾਉਣ ਦਾ ਮਹੀਨਾ ਮੁਸੀਬਤ ਬਣ ਕੇ ਆਉਂਦਾ ਹੈ। ਕਈ ਥਾਈਂ ਆ ਜਾਣ ਵਾਲੇ ਹੜ੍ਹ ਇਸ ਮਹੀਨੇ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਫਿਰ ਵੀ ਸਾਉਣ ਮਹੀਨੇ ਦੇ ਆਉਣ ਦੀ ਉਡੀਕ ਬਣੀ ਰਹਿੰਦੀ ਹੈ। ਸਾਧਾਰਨ ਵਿਅਕਤੀ, ਵਿਆਹੀਆਂ-ਅਣਵਿਆਹੀਆਂ ਸਖੀਆਂ-ਸਹੇਲੀਆਂ, ਕਿਸਾਨ, ਬਨਸਪਤੀ, ਪਸ਼ੂ-ਪੰਛੀ ਆਦਿ ਵੀ ਮੀਂਹ ਪੈਣ ਵਾਲੇ ਇਸ ਸਮੇਂ (ਮਹੀਨੇ) ਦੀ ਬੜੀ ਬੇਸਬਰੀ ਤੇ ਉਤਸੁਕਤਾ ਨਾਲ ਉਡੀਕ ਕਰ ਰਹੇ ਹੁੰਦੇ ਹਨ। ਮੌਸਮ ਦੀਆਂ ਹਾਲਤਾਂ ਬਦਲ ਜਾਣ ਦੇ ਬਾਵਜੂਦ ਵੀ ਸਾਉਣ ਦੇ ਮਹੀਨੇ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿੱਚ ਬਣਿਆ ਚਲਿਆ ਆ ਰਿਹਾ ਹੈ। ਸ਼ਾਲਾ !ਰੁੱਤਾਂ, ਮੌਸਮਾਂ, ਸਾਲਾਂ, ਮਹੀਨਿਆਂ ਦੇ ਰੰਗ ਬਦਲਦੇ ਰਹਿਣ, ਮਨੁੱਖ ਉਨ੍ਹਾਂ ਨੂੰ ਮਾਣਦਾ ਰਹੇ ਤੇ ਜ਼ਿੰਦਗੀ ਦਾ ਸਫ਼ਰ ਜਾਰੀ ਰਹੇ !



# ਮਹਿੰਦੀ ਸ਼ਗਨਾਂ ਦੀ...

ਬਲਜਿੰਦਰ ਸਿੰਘ ਮਾਨ

ਪੰਜਾਬੀ ਸੱਭਿਆਚਾਰ ਬਹੁਤ ਅਮੀਰ ਹੈ। ਰਾਂਗਲੀਆਂ ਰੁੱਤਾਂ ਵਾਲਾ ਪੰਜਾਬ ਲੜਾਈ ਦਾ ਅਖਾੜਾ ਬਣਿਆ ਰਹਿਣ ਦੇ ਬਾਵਜੂਦ ਹੱਸਦਾ ਤੇ ਗਾਉਂਦਾ ਰਿਹਾ ਹੈ। ਸਦਾ ਚੜ੍ਹਦੀ ਕਲਾ ਵਿੱਚ ਰਹਿੰਦਾ ਅਤੇ ਯਾਰੀਆਂ ਪੁਗਾਉਣੀਆਂ ਜਾਣਦਾ ਹੈ। ਦੁਨੀਆਂ ਦਾ ਇਹ ਇੱਕ ਨਿਵੇਕਲਾ ਸੱਭਿਆਚਾਰ ਹੈ।

ਸ਼ਗਨਾਂ ਦੀ ਉਪਜ ਭਾਵੇਂ ਸਹਿਜ ਸੁਭਾਅ ਹੋ ਗਈ, ਪਰ ਅਸਲ ਵਿੱਚ ਸ਼ਗਨਾਂ ਦੀ ਉਪਜ ਵਿਗਿਆਨਕ ਦ੍ਰਿਸ਼ਟੀ ਅਨੁਸਾਰ ਉਨ੍ਹਾਂ ਕੌਸਮਿਕ ਕਿਰਨਾਂ ਤੋਂ ਮੰਨੀ ਜਾਂਦੀ ਹੈ ਜਿਹੜੀਆਂ ਦੋ ਚੀਜ਼ਾਂ ਦੇ ਸਾਹਮਣੇ ਜਾ ਛੋਹਣ ਨਾਲ ਪਰਸਪਰ ਇੱਕ ਦੂਜੇ 'ਤੇ ਪੈਂਦੀਆਂ ਸਨ। ਇਸ ਸਭ ਕਾਸੇ ਦੀ ਬਜ਼ੁਰਗਾਂ ਨੂੰ ਉਸ ਵੇਲੇ ਚੇਤਨਾ ਨਹੀਂ ਸੀ। ਪੰਜਾਬੀ ਸੱਭਿਆਚਾਰ ਵਿੱਚ ਅਣ-ਗਿਣਤ ਸ਼ਗਨ ਦੇਖੇ ਜਾ ਸਕਦੇ ਹਨ ਜੋ ਖੁਸ਼ਹਾਲੀ ਦੇ ਪ੍ਰਤੀਕ ਹਨ। ਜਿਵੇਂ ਜੇ ਕੋਈ ਤੁਹਾਡੇ ਲਈ ਭਾਂਡੇ ਵਿੱਚ ਚੀਜ਼ ਲਿਆਵੇ ਤਾਂ ਭਾਂਡਾ ਖਾਲੀ ਨਹੀਂ ਮੋੜਨਾ। ਭਾਂਡੇ ਵਿੱਚ ਕੁੱਝ ਨਾ ਕੁੱਝ ਜ਼ਰੂਰ ਪਾਉਣਾ ਹੁੰਦਾ ਹੈ। ਖਾਲੀ ਭਾਂਡਾ ਮੋੜਨਾ ਜਿੱਥੇ ਕੁਸ਼ਗਨ ਹੈ, ਉੱਥੇ ਇਹ ਅਗਲੇ ਦੀ ਤਬਾਹੀ ਮੰਗਣ ਦੇ ਬਰਾਬਰ ਹੈ।

'ਸ਼ਗਨ', ਸ਼ਬਦ 'ਸਕਨ' ਤੋਂ ਆਇਆ ਹੈ ਜਿਸ ਦਾ 'ਕ' ਸਮਾਂ ਪਾ ਕੇ 'ਗ' ਵਿੱਚ ਬਦਲ ਗਿਆ। ਇਸ ਦਾ ਅਰਥ ਹੈ ਕਲਿਆਣਕਾਰੀ, ਸ਼ੁਭ ਅਤੇ ਖ਼ੁਸ਼ੀ ਭਰੇ ਭਵਿੱਖ ਦਾ ਸੰਕੇਤ। ਮਹਿੰਦੀ, ਪਾਣੀ, ਛੁਹਾਰਾ, ਚੌਲ, ਲਾਲ ਰੰਗ, ਨਾਰੀਅਲ, ਦੰਦਾਸਾ, ਸਾਬਤ ਮਾਂਹ, ਵਾਰਨੇ ਅਤੇ ਚੁੰਨੀ ਚੜ੍ਹਾਉਣਾ ਅਨੇਕਾਂ ਸ਼ਗਨ ਸਾਡੇ ਸੱਭਿਆਚਾਰ ਦਾ ਅਟੁੱਟ ਅੰਗ ਬਣੇ ਹੋਏ ਹਨ। ਅਸੀਂ ਮਹਿੰਦੀ ਤੋਂ ਇਲਾਵਾ ਵੀ ਹੋਰ ਕਈ ਸ਼ਗਨਾਂ ਦਾ ਜ਼ਿਕਰ ਕਰ ਰਹੇ ਹਾਂ।

ਸ਼ਗਨਾਂ ਦੀ ਮਹਿੰਦੀ ਦਾ ਬੜਾ ਮਹੱਤਵ ਹੈ। ਮਹਿੰਦੀ ਦੇ ਹਰੇ ਰੰਗ ਦੇ ਪੱਤਿਆਂ ਨੂੰ ਰਗੜਨ ਨਾਲ ਲਾਲ ਰੰਗ ਨਿਕਲਦਾ ਹੈ। ਮਹਿੰਦੀ ਦੇ ਲਾਲ ਰੰਗ ਦਾ ਸਿੱਧਾ ਸਬੰਧ ਲਾਲ ਰਕਤਾਣੂਆਂ ਵਾਲੀਆਂ ਨਾੜੀਆਂ ਦੇ ਸਿਰਿਆਂ ਨਾਲ ਹੁੰਦਾ ਹੈ। ਮਹਿੰਦੀ ਦਾ ਲਾਲ ਰੰਗ ਮੁਟਿਆਰ ਅੰਦਰ ਸ਼ਿੰਗਾਰ ਰਸ ਅਤੇ ਰੁਮਾਂਚਕ ਪਿਆਰ ਪੈਦਾ ਕਰਦਾ ਹੈ। ਇਸੇ ਕਾਰਨ ਲਾੜੀ ਦੇ ਮਹਿੰਦੀ ਲਾਉਣਾ ਵਿਆਹ ਦਾ ਉੱਤਮ ਸ਼ਗਨ ਸਮਝਿਆ ਜਾਂਦਾ ਹੈ। ਸਹੁਰਿਆਂ ਵੱਲੋਂ ਆਈ ਮਹਿੰਦੀ ਦਾ ਰੰਗ ਗੂੜ੍ਹਾ ਚੜ੍ਹੇ ਤਾਂ ਸਮਝਿਆ ਜਾਂਦਾ ਹੈ ਕਿ ਉਸ ਦਾ ਪਤੀ, ਸੱਸ ਬਹੁਤ ਪਿਆਰ ਕਰਦੇ ਹਨ। ਵਿਆਹ ਵਿੱਚ ਭਾਗ ਲੈਣ ਵਾਲੀਆਂ ਸੁਆਣੀਆਂ ਪੈਰਾਂ ਅਤੇ ਹੱਥਾਂ ਦੀਆਂ ਤਲੀਆਂ 'ਤੇ ਲਾੜੀ ਵਾਂਗ ਮਹਿੰਦੀ ਕਲਾਮਈ ਢੰਗ ਨਾਲ ਲਾਉਂਦੀਆਂਹਨ। ਅੱਜਕੱਲ੍ਹ ਬਿਊਟੀ ਪਾਰਲਰ ਖੁੱਲ੍ਹ ਜਾਣ ਕਰਕੇ ਮਹਿੰਦੀ ਦੀ ਰਸਮ 'ਤੇ ਵੀ ਲੱਖਾਂ ਦਾ ਖ਼ਰਚਾ ਕੀਤਾ ਜਾਂਦਾ ਹੈ। ਮਹਿੰਦੀ ਲਾੜੀ ਅੰਦਰ ਪਤੀ ਲਈ ਪਿਆਰ ਤੇ ਉਮਾਹ ਪੈਦਾ ਕਰਦੀ ਹੈ।

ਪਾਣੀ ਨਾਲ ਵੀ ਬਹੁਤ ਸਾਰੇ ਸ਼ਗਨ ਸਬੰਧਿਤ ਹਨ। ਪਾਣੀ ਨੂੰ ਸਰੀਰ ਦੀ ਰੱਖ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜੇ ਪਾਣੀ ਕੋਲ ਹੋਵੇ ਤਾਂ ਭੈੜੀਆਂ ਰੂਹਾਂ ਆਦਮੀ ਕੋਲ ਨਹੀਂ ਆਉਂਦੀਆਂ। ਕਿਸੇ ਕੰਮ ਦੇ ਆਰੰਭ ਵੇਲੇ ਭਰੇ ਘੜੇ ਵਾਲੀ ਜਨਾਨੀ ਮਿਲ ਜਾਵੇ ਤਾਂ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਇਸੇ ਉਦੇਸ਼ ਨਾਲ ਜਦੋਂ ਲਾੜਾ ਪਹਿਲੀ ਵਾਰੀ ਆਉਂਦਾ ਹੈ ਤਾਂ ਝਿਊਰੀ ਪਾਣੀ ਦਾ ਗੜਵਾ ਲੈ ਕੇ ਦਰਵਾਜ਼ੇ ਵਿੱਚ ਖੜ੍ਹਦੀ ਹੈ। ਲੰਘਣ ਵਾਲਾ ਕੁੰਭ ਵਿੱਚ ਪੈਸੇ ਪਾ ਕੇ ਲੰਘਦਾ ਹੈ ਕਿ ਜਲ ਉਸ ਦੀ ਸੁਰੱਖਿਆ ਕਰੇਗਾ। ਕਿਸੇ ਉੱਤੋਂ ਪਾਣੀ ਵਾਰ ਕੇ ਪੀਣਾ ਉਸ ਦੀ ਸੁੱਖ ਮੰਗਣਾ ਹੈ। ਨਵੀਂ ਦੁਲਹਨ ਤੋਂ ਮੁੰਡੇ ਦੀ ਮਾਂ ਪਾਣੀ ਵਾਰ ਕੇ ਪੀਂਦੀ ਹੈ ਅਤੇ ਫਿਰ ਦਹਿਲੀਜ਼ ਅੰਦਰ ਲੰਘਾਉਂਦੀ ਹੈ। ਨਵੀਂ ਵਿਆਹੀ ਜਦੋਂ ਖੂਹ ਤੋਂ ਘੜਾ ਭਰਨ ਜਾਂਦੀ ਸੀ ਤਾਂ ਪਹਿਲਾਂ ਸੱਤ ਵਾਰ ਪਤੀ ਦਾ ਭਰਿਆ ਡੋਲ੍ਹ ਦਿੰਦੀ ਸੀ। ਸੂਤਕ ਦੇ ਸਵਾ ਮਹੀਨੇ ਤੱਕ ਕੁੰਭ ਭਾਵ ਪਾਣੀ ਰੱਖਿਆ ਜਾਂਦਾ ਹੈ ਤਾਂ ਕਿ ਬੱਚੇ 'ਤੇ ਕੋਈ ਬਲਾ ਵਾਰ ਨਾ ਕਰ ਸਕੇ। ਪਾਣੀ ਨੂੰ ਮੰਤਰਿਆ ਜਾ ਸਕਦਾ ਹੈ, ਤਾਹੀਓਂ ਧਾਰਮਿਕ ਅਸਥਾਨਾਂ ਲਾਗੇ ਸਰੋਵਰ ਬਣਾਏ ਹੁੰਦੇ ਹਨ। ਕੰਙਣਾ ਖੇਡਣ ਵੇਲੇ ਲਾੜੇ-ਲਾੜੀ ਦਾ ਹੱਥ ਪਾਣੀ ਵਿੱਚ ਮਿਲਾਇਆ ਜਾਂਦਾ ਹੈ। ਉਹ ਦੋਵੇਂ ਜਲ ਦੇ ਸਾਹਮਣੇ ਇੱਕ ਦੂਜੇ ਪ੍ਰਤੀ ਵਫ਼ਾਦਾਰ ਰਹਿਣ ਦਾ ਪ੍ਰਣ ਲੈਂਦੇ ਹਨ।

ਸਰ੍ਹੋਂ ਦੇ ਤੇਲ ਦੀ ਖ਼ਾਸ ਮਹਿਕ ਨਾਲ ਭੈੜੀਆਂ ਰੂਹਾਂ ਦੌੜ ਜਾਂਦੀਆਂ ਹਨ। ਸਿਰ ਨੂੰ ਸਰ੍ਹੋਂ ਦਾ ਤੇਲ ਲਾਉਣ ਦਾ ਉਦੇਸ਼ ਸਰੀਰ ਮੁਲਾਇਮ ਰੱਖਣਾ ਹੀ ਨਹੀਂ ਸਗੋਂ ਭੈੜੀਆਂ ਰੂਹਾਂ ਤੋਂ ਸੁਰੱਖਿਆ ਕਰਨਾ ਵੀ ਰਿਹਾ ਹੈ। ਲਾੜਾ-ਲਾੜੀ ਨੂੰ ਵਟਣਾ ਇਸ ਲਈ ਮਲਿਆ ਜਾਂਦਾ ਹੈ ਕਿ ਮੁਲਾਇਮ ਸਰੀਰ ਨੂੰ ਸ਼ਨਿਚਰ ਗ੍ਰਹਿ ਦੀਆਂ ਭੈੜੀਆਂ ਕਿਰਨਾਂ ਅਤੇ ਲੋਕਾਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਚਾਇਆ ਜਾ ਸਕੇ। ਨਵੇਂ ਪ੍ਰਾਹੁਣੇ ਦੇ ਸਵਾਗਤ ਵਜੋਂ ਦਰਵਾਜ਼ੇ ਦੀਆਂ ਚੀਥੀਆਂ ਵਿੱਚ ਤੇਲ ਚੋਣ ਨਾਲ ਉਹਦੀ ਸੁੱਖ ਮੰਗਣਾ ਅਤੇ ਸੁੱਕੀ ਲੱਕੜ ਦੇ ਘੁੰਮਣ ਨਾਲ ਚੀਕ ਦੀ ਆਵਾਜ਼ ਨੂੰ ਬੰਦ ਕਰਨਾ ਹੁੰਦਾ ਸੀ। ਦੂਜਾ, ਪੁਰਾਣੇ ਜ਼ਮਾਨੇ ਵਿੱਚ ਦਰਾਂ ਨੂੰ ਕਬਜ਼ੇ ਨਹੀਂ ਸਨ ਹੁੰਦੇ। ਚੀਥੀਆਂ (ਦਰਵਾਜ਼ੇ ਦੇ ਦੋਵਾਂ ਪੱਲਿਆਂ ਨੂੰ ਘੁੰਮਣ ਵਾਸਤੇ ਖੱਬੇ ਸੱਜੇ ਗੱਡੇ ਲੱਕੜ ਦੇ ਪਾਵਿਆਂ ਵਿੱਚ ਕੱਢੀਆਂ ਖੁੱਤੀਆਂ) ਵਿੱਚ ਜਲਦੀ ਘੁੰਮਣ ਲਈ ਵੀ ਤੇਲ ਚੋਇਆ ਜਾਂਦਾ ਸੀ। ਹੁਣ ਉਹ ਲੱਕੜ ਦੇ ਦਰਵਾਜ਼ੇ ਤਾਂ ਨਹੀਂ ਹਨ, ਪਰ ਤੇਲ ਚੋਣ ਦਾ ਰਿਵਾਜ ਅਜੇ ਵੀ ਪ੍ਰਚੱਲਿਤ ਹੈ।

ਲਾਲ ਰੰਗ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰੀਏ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਮਨੁੱਖ ਅੰਦਰ ਉਤਸ਼ਾਹ ਤੇ ਉਮਾਹ ਪੈਦਾ ਕਰਦਾ ਹੈ। ਮਨੁੱਖ ਦੇ ਲਹੂ ਦੀ ਗਤੀ ਵਿੱਚ ਤਬਦੀਲੀ ਆਉਣ ਨਾਲ ਨੈਣ ਨਕਸ਼ਾਂ 'ਤੇ ਨਿਖਾਰ ਆਉਂਦਾ ਹੈ। ਇਹ ਲਾਲ ਰੰਗਾਂ ਚੂੜਾ ਪਿਆਰ ਨੂੰ ਚਮਕਾਉਂਦਾ ਹੈ ਅਤੇ ਆਤਮਿਕ ਪ੍ਰੇਮ ਦਾ ਪ੍ਰਤੀਕ ਵੀ ਮੰਨਿਆ ਗਿਆ ਹੈ। ਕਾਰਜ ਨਿਰਵਿਘਨ ਸਮਾਪਤ ਹੋਣ ਦੀ ਵੀ ਗਵਾਹੀ ਹੈ। ਵਿਆਹ ਵਿੱਚ ਬਹੁਤਿਆਂ ਦੇ ਲਾਲ ਰੰਗ ਦੇ ਕੱਪੜੇ ਵੀ ਇਸੇ ਕਰਕੇ ਪਹਿਨੇ ਹੁੰਦੇ ਨੇ। ਵਿਆਹ ਦਾ ਹਰ ਕਾਰਜ ਆਰੰਭਣ ਵੇਲੇ ਲਾਲ ਧਾਗਾ ਬੰਨ੍ਹਿਆ ਜਾਂਦਾ ਹੈ। ਮੌਲੀ-ਕੱਤੇ ਹੋਏ ਸੂਤ ਦਾ ਧਾਗਾ ਹੁੰਦਾ ਹੈ। ਇਹ ਚਾਰ ਉਂਗਲਾਂ ਲਾਲ ਤੇ ਦੋ ਉਂਗਲਾਂ ਚਿੱਟਾ ਹੁੰਦਾ ਹੈ। ਦੁਆਬੇ ਵਿੱਚ ਮੌਲੀ ਨੂੰ ਅੱਟਾ ਆਖਦੇ ਹਨ। ਨਵ-ਜਨਮੇ ਬੱਚੇ ਦੇ ਲੱਕ ਦੁਆਲੇ ਮੌਲੀ ਦੀ ਤੜਾਗੀ ਅਤੇ ਕਣਕ ਦੇ ਦਾਣੇ ਬੰਨ੍ਹੇ ਜਾਂਦੇ ਹਨ। ਪਿਆਰ ਦੀਆਂ ਵਸਤਾਂ ਅਤੇ ਵਿਆਹ ਦੀ ਚਿੱਠੀ ਵੀ ਮੌਲੀ ਦੇ ਲਾਲ ਰੰਗ ਦੇ ਧਾਗੇ ਵਿੱਚ ਬੰਨ੍ਹੀ ਹੁੰਦੀ ਹੈ।

ਦੰਦਾਸਾ ਭਾਵੇਂ ਮਹਿੰਦੀ ਦੇ ਲਾਲ ਰੰਗ ਦੀ ਹੀ ਤਾਸੀਰ ਰੱਖਦਾ ਹੈ, ਪਰ ਇਹ ਵਾਸ਼ਨਾ ਉਪਜਾਊ ਹੈ। ਇਹ ਮੁਟਿਆਰ ਅੰਦਰ ਅਥਾਹ ਵਾਸ਼ਨਾ ਅਤੇ ਪਿਆਰ ਪੈਦਾ ਕਰਦਾ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਕਿੱਥੇ ਹੈ?

ਡਾ. ਮਹਿੰਦਰ ਸਿੰਘ

1966 ਦਾ ਨਵਾਂ ਸਾਲ ਸਿੱਖ ਭਾਈਚਾਰੇ ਲਈ ਇੱਕ ਕੀਮਤੀ ਤੋਹਫ਼ਾ ਲੈ ਕੇ ਆਇਆ-1849 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨਾ ਵਿਚੋਂ ਭਾਰਤ ਦੇ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ। ਭਾਰਤ ਸਰਕਾਰ, ਜਿਸ ਦੀ ਅਗਵਾਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਕਰ ਰਹੇ ਸਨ, ਦੀਆਂ ਕੋਸ਼ਿਸ਼ਾਂ ਰਾਹੀਂ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ ਨੇੜੇ ਦੇ ਸਿੱਖ ਇਤਿਹਾਸ ਵਿੱਚ ਇੱਕ ਮੀਲ-ਪੱਥਰ ਸੀ। ਬਰਤਾਨੀਆ ਤੋਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ ਦੀ ਖ਼ਬਰ ਦਾ ਉਤਸ਼ਾਹ ਇੰਨਾ ਜ਼ਿਆਦਾ ਸੀ ਕਿ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨਾਂ ਲਈ ਮੈਂ ਉਚੇਚਾ ਪਟਿਆਲਾ ਤੋਂ ਦਿੱਲੀ ਗਿਆ, ਇਹ ਜਾਣਦਿਆਂ ਹੋਇਆਂ ਵੀ ਕਿ ਇਸ ਕੀਮਤੀ ਵਿਰਾਸਤ ਨੂੰ ਮੇਰੇ ਸ਼ਹਿਰ ਵਿਚੋਂ ਵੀ ਜੁਲੂਸ ਦੇ ਰੂਪ ਵਿੱਚ ਲਿਜਾਇਆ ਜਾਣਾ ਹੈ। ਸਫ਼ਦਰਜੰਗ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ ਵਿਸ਼ੇਸ਼ ਹਵਾਈ ਜਹਾਜ਼-ਆਕਾਸ਼ ਦੂਤ-ਦੇ ਆਉਣ ਨੂੰ ਦੇਖਣਾ ਇੱਕ ਅਜਿਹਾ ਅਨੁਭਵ ਸੀ ਜਿਸ ਨੂੰ ਸੀਮਤ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨੇ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਸਤਿਕਾਰ ਸਹਿਤ ਪ੍ਰਾਪਤ ਕਰਕੇ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸਰਦਾਰ ਬਹਾਦਰ ਉੱਜਲ ਸਿੰਘ ਨੂੰ ਸੌਂਪਿਆ। ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਸਿੱਖ ਰੈਜੀਮੈਂਟ ਰਾਹੀਂ 'ਗਾਰਡ ਆਫ਼ ਆਨਰ' ਦਿੱਤਾ ਜਾਣਾ ਵੇਖਣਾ ਮੇਰੇ ਲਈ ਬੜੀ ਸੰਤੁਸ਼ਟੀ ਅਤੇ ਖੁਸ਼ੀ ਦੇ ਪਲ ਸਨ।

ਕੌਮੀ ਰਾਜਧਾਨੀ ਦੇ ਵੱਖ-ਵੱਖ ਹਿੱਸਿਆਂ ਅਤੇ ਪੰਜਾਬ ਦੇ ਮਹੱਤਵਪੂਰਨ ਸ਼ਹਿਰਾਂ ਵਿੱਚ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਲਿਜਾਣ ਤੋਂ ਬਾਅਦ ਇਸ ਕੀਮਤੀ ਵਿਰਾਸਤ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਥਾਈ ਰੂਪ ਵਿੱਚ ਸੰਭਾਲ ਲਿਆ ਗਿਆ। ਜਿਥੇ ਸਿੱਖ ਭਾਈਚਾਰਾ ਆਪਣੀ ਬਹੁਮੁੱਲੀ ਵਿਰਾਸਤ ਦੀ ਭਾਰਤ ਵਾਪਸੀ ਕਰਕੇ ਖੁਸ਼ ਸੀ, ਉਥੇ ਨਿਰਾਸ਼ਾ ਇਸ ਗੱਲ ਦੀ ਸੀ ਕਿ ਕਲਗੀਧਰ ਪਾਤਸ਼ਾਹ ਦੀ ਕਲਗੀ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਵਿੱਚ ਸ਼ਾਮਲ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨੇ ਵਿੱਚ ਸੁਰੱਖਿਅਤ ਕਲਗੀ ਅਤੇ ਹੋਰ ਪਵਿੱਤਰ ਨਿਸ਼ਾਨੀਆਂ ਦੇ ਸਪੱਸ਼ਟ ਸਬੂਤ ਹਨ। ਤੋਸ਼ਾਖਾਨਾ ਦੇ ਇੰਚਾਰਜ ਮਿਸਰ ਮੇਘ ਰਾਮ ਦੀ ਅਰਜ਼ੀ (ਪਟੀਸ਼ਨ) ਦੇ ਬਿਰਤਾਂਤ ਅਨੁਸਾਰ ਵੈਰੋਵਾਲ ਦੇ ਇੱਕ ਸਾਹਿਬਜ਼ਾਦੇ (ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼) ਰਾਹੀਂ 7 ਚੇਤ 1881 ਬਿ: (1824 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਹੇਠ ਲਿਖੀਆਂ ਵਸਤਾਂ ਭੇਂਟ ਕੀਤੀਆਂ ਗਈਆਂ ਸਨ: ਦਾਏ ਆਹਿਣੀ, ਨੇਜਾ, ਚੱਕਰ-ਏ-ਆਹਿਣੀ, ਸ਼ਮਸ਼ੀਰ ਤੇਗ਼, ਕਲਗੀ-ਏ-ਕੁਚ (ਚਾਂਦੀ ਦੇ ਕੇਸ ਵਿੱਚ ਕੱਚ ਦਾ ਇੱਕ ਕਰੈਸਟ), ਬਰਛੀ, ਬਰਛਾ।

ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਦੀਆਂ ਫਾਈਲਾਂ ਵਿੱਚ ਮੈਨੂੰ ਭਾਰਤ ਦੇ ਗਵਰਨਰ ਲਾਰਡ ਡਲਹੌਜ਼ੀ ਦਾ ਇੱਕ ਹੱਥ ਲਿਖਤ ਨੋਟ ਵੀ ਮਿਲਿਆ ਜਿਸ ਵਿੱਚ ਲਿਖਿਆ ਸੀ, 'ਇਹ ਪਵਿੱਤਰ ਨਿਸ਼ਾਨੀਆਂ ਬਹਾਦਰ ਸਿੱਖ ਕੌਮ ਦਾ ਅਮੁੱਲ ਵਿਰਸਾ ਹੈ ਤੇ ਇਹ ਕਿਸੇ ਵੀ ਸਿੱਖ ਸੰਸਥਾ ਨੂੰ ਤੋਹਫੇ ਦੇ ਰੂਪ 'ਚ ਜਾਂ ਨਿਲਾਮੀ ਰਾਹੀਂ ਵੇਚਣਾ ਨੀਤੀ ਨਿਪੁੰਨ ਨਹੀਂ ਹੋਵੇਗਾ। ਬਹਾਦਰ ਸਿੱਖ ਕੌਮ ਲਈ ਗੁਰੂ ਸਾਹਿਬ ਦੀਆਂ ਇਹ ਪਵਿੱਤਰ ਨਿਸ਼ਾਨੀਆਂ ਬੇਸ਼ਕੀਮਤੀ ਹਨ ਜਿਸ ਕਰਕੇ ਲਾਰਡ ਡਲਹੌਜ਼ੀ ਨੇ ਲੰਦਨ ਭੇਜਣ ਤੋਂ ਪਹਿਲਾਂ ਨਿਸ਼ਾਨੀਆਂ ਦਾ ਬੀਮਾ ਕਰਵਾਉਣ ਵਿੱਚ ਨਿੱਜੀ ਦਿਲਚਸਪੀ ਲਈ।

ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਕਲਗੀ ਮਹਾਰਾਜੇ ਦੇ ਤੋਸ਼ਾਖਾਨਾ ਵਿੱਚ ਮੌਜੂਦ ਸੀ, ਇਸ ਗੱਲ ਦੀ ਪ੍ਰੋੜ੍ਹਤਾ ਪ੍ਰਸਿੱਧ ਬਿਰਤਾਂਤਾਂ ਦੁਆਰਾ ਵੀ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਸਵੇਰ ਦੇ ਇਸ਼ਨਾਨ ਤੋਂ ਬਾਅਦ ਮਹਾਰਾਜਾ ਉਸ ਆਦਿ ਗ੍ਰੰਥ ਤੋਂ ਵਾਕ ਲੈਂਦੇ ਸਨ (ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਦੁਆਰਾ ਤਿਆਰ ਕਰਵਾਇਆ ਸੀ) ਅਤੇ ਨਿੱਤਨੇਮ ਕਰਨ ਤੋਂ ਪਹਿਲਾਂ ਕਲਗੀ ਨੂੰ ਮਸਤਕ 'ਤੇ ਛੁਆਉਂਦੇ ਸਨ। ਕਲਗੀ ਦੇ ਲਾਰਡ ਡਲਹੌਜ਼ੀ ਦੇ ਵੰਸ਼ਜਾਂ ਦੇ ਕਬਜ਼ੇ ਵਿੱਚ ਮੌਜੂਦ ਹੋਣ ਦਾ ਤੱਥ ਡਲਹੌਜ਼ੀ ਪਰਿਵਾਰ ਦੇ ਕਰਨਲ ਡਬਲਿਊ.ਐਚ. ਬ੍ਰਾਊਨ ਅਤੇ ਲੰਡਨ ਦੇ ਸਾਊਥ ਕੈਨਸਿੰਗਟਨ ਮਿਊਜ਼ੀਅਮ ਦੇ ਸੇਸਿਲ ਸਮਿਥ ਵਿਚਕਾਰ ਹੋਏ ਪੱਤਰ ਵਿਹਾਰ ਤੋਂ ਬਿਨਾਂ-ਸ਼ੱਕ ਸਾਬਤ ਹੁੰਦਾ ਹੈ, ਜਿਸ ਵਿੱਚ ਸਪੱਸ਼ਟ ਤੌਰ 'ਤੇ ਇਸ ਕੀਮਤੀ ਨਿਸ਼ਾਨੀ ਨੂੰ 28 ਅਗਸਤ 1918 ਨੂੰ ਭਾਰਤ ਦੇ ਬੇਸ਼ਕੀਮਤੀ ਹੀਰੇ-ਜਵਾਹਰਾਤ ਅਤੇ ਹਥਿਆਰਾਂ ਦੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕਰਨ ਲਈ ਮਿਊਜ਼ੀਅਮ ਨੂੰ ਉਧਾਰ ਦਿੱਤੇ ਜਾਣ ਦਾ ਜ਼ਿਕਰ ਹੈ।

ਜਨਵਰੀ 1966 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਭਾਰਤ ਵਾਪਸੀ ਤੋਂ ਬਾਅਦ ਸਰਕਾਰਾਂ ਜਾਂ ਸਿੱਖ ਸੰਸਥਾਵਾਂ ਰਾਹੀਂ ਗੁੰਮ ਹੋਈ ਕਲਗੀ ਨੂੰ ਲੱਭਣ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ ਗਏ। ਬਾਅਦ ਵਿੱਚ ਪੰਜਾਬ ਦੇ ਮੁੱਖ-ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇੱਕ ਉਚ-ਪੱਧਰੀ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਡਾ. ਗੰਡਾ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗਿਆਨੀ ਨਾਹਰ ਸਿੰਘ ਐਮ.ਏ. ਅਤੇ ਸ. ਤਰਲੋਚਨ ਸਿੰਘ ਅਤੇ ਸੂਬੇ ਦੇ ਮੁੱਖ ਸਕੱਤਰ ਮੈਂਬਰ ਵਜੋਂ ਸ਼ਾਮਿਲ ਸਨ। ਚੂੰਕਿ ਮੈਂ ਇੰਗਲੈਂਡ ਵਿੱਚ ਆਪਣੀ ਡਾਕਟਰੇਟ ਖੋਜ ਲਈ ਇਸ ਕਲਗੀ ਨੂੰ ਲੱਭਣ ਵਿੱਚ ਕੁਝ ਸਮਾਂ ਬਿਤਾਇਆ ਸੀ, ਇਸ ਲਈ ਮੈਨੂੰ ਵਾਪਸੀ 'ਤੇ ਕਮੇਟੀ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ। ਮੁੱਖ ਮੰਤਰੀ ਦੇ ਦਫਤਰ ਵਿੱਚ 5 ਅਕਤੂਬਰ, 1976 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਨੇ ਇਸ ਮਹੱਤਵਪੂਰਨ ਨਿਸ਼ਾਨੀ ਨੂੰ ਲੱਭਣ ਅਤੇ ਵਾਪਸ ਲਿਆਉਣ ਦੇ ਉਦੇਸ਼ ਨਾਲ ਹੋਰ ਖੋਜ ਕਰਨ ਦੇ ਤਰੀਕਿਆਂ ਅਤੇ ਸਾਧਨਾਂ 'ਤੇ ਗੰਭੀਰਤਾ ਸਹਿਤ ਵਿਚਾਰ-ਵਟਾਂਦਰਾ ਕੀਤਾ। ਮੈਨੂੰ ਹੈਰਾਨੀ ਹੋਈ ਕਿ ਮੁੱਖ-ਮੰਤਰੀ ਨੇ ਸੁਝਾਅ ਦਿੱਤਾ ਕਿ ਮੈਨੂੰ ਹੋਰ ਖੋਜ ਕਰਨ ਅਤੇ ਕਲਗੀ ਨੂੰ ਵਾਪਸ ਲਿਆਉਣ ਲਈ ਲੰਦਨ ਜਾਣਾ ਚਾਹੀਦਾ ਹੈ। ਚੂੰਕਿ ਮੈਂ ਯੂ.ਕੇ. ਵਿੱਚ ਆਪਣਾ ਖੋਤਰੀ ਕੰਮ ਪੂਰਾ ਕਰਨ ਤੋਂ ਬਾਅਦ ਹੁਣੇ ਹੀ ਵਾਪਸ ਆਇਆ ਸੀ ਅਤੇ ਆਪਣਾ ਡਾਕਟਰੇਟ ਦਾ ਥੀਸਿਸ ਪੂਰਾ ਕਰਨ ਲਈ ਉਤਸੁਕ ਸੀ, ਮੈਂ ਇਸ ਉਦਾਰ ਪੇਸ਼ਕਸ਼ ਨੂੰ ਸਵੀਕਾਰ ਕਰਨ ਵਿੱਚ ਆਪਣੀ ਅਸਮਰੱਥਾ ਜ਼ਾਹਿਰ ਕੀਤੀ।

ਕਲਗੀ ਵਿੱਚ ਮੇਰੀ ਦਿਲਚਸਪੀ ਅਚਾਨਕ ਉਦੋਂ ਮੁੜ ਸੁਰਜੀਤ ਹੋਈ ਜਦੋਂ ਸ਼੍ਰੋਮਣੀ ਕਮੇਟੀ ਨੇ ਸ. ਕਮਲਜੀਤ ਸਿੰਘ ਬੋਪਾਰਾਏ ਦੇ ਯਤਨਾਂ ਸਦਕਾ ਗੁੰਮ ਹੋਈ ਕਲਗੀ ਦੇ ਵਾਪਸ ਆਉਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸ ਦੇ ਪ੍ਰਦਰਸ਼ਨ ਦਾ ਐਲਾਨ ਕੀਤਾ ਅਤੇ ਹੋਰ ਪਵਿੱਤਰ ਨਿਸ਼ਾਨੀਆਂ ਦੇ ਨਾਲ ਇਸ ਨੂੰ ਅਕਾਲ ਤਖ਼ਤ 'ਤੇ ਪ੍ਰਦਰਸ਼ਿਤ ਕੀਤਾ। ਜਿਵੇਂ ਹੀ ਕਲਗੀ ਦੀ ਪ੍ਰਮਾਣਿਕਤਾ 'ਤੇ ਵਿਵਾਦ ਖੜ੍ਹਾ ਹੋਇਆ, ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਰਿਪੋਰਟ ਦੇਣ ਲਈ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ। ਜਦੋਂ ਮੈਂ ਕਮੇਟੀ ਵਿੱਚ ਸੇਵਾ ਕਰਨ ਤੋਂ ਅਸਮਰੱਥਾ ਜ਼ਾਹਿਰ ਕੀਤੀ, ਤਾਂ ਮੇਰੇ ਪੁਰਾਣੇ ਅਧਿਆਪਕ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਮੈਨੂੰ ਜ਼ਿੰਮੇਵਾਰੀ ਕਬੂਲ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਗੁੰਝਲ ਤੋਂ ਬਾਹਰ ਕੱਢਣ ਵਿੱਚ ਮਦਦ ਕਰਨ ਲਈ ਮਨਾ ਲਿਆ। ਜਦੋਂ ਮੈਂ ਮੀਟਿੰਗ ਲਈ ਪਹੁੰਚਿਆ ਤਾਂ ਮੈਨੂੰ ਕਈ ਟੀਵੀ ਚੈਨਲਾਂ ਅਤੇ ਹੋਰ ਗੈਰ-ਮੈਂਬਰਾਂ ਨੂੰ ਪਹਿਲਾਂ ਹੀ ਬੈਠੇ ਅਤੇ ਮੁੱਦੇ 'ਤੇ ਚਰਚਾ ਕਰਦੇ ਹੋਏ ਵੇਖ ਕੇ ਹੈਰਾਨੀ ਹੋਈ। ਮੇਰੀ ਬੇਨਤੀ 'ਤੇ ਟੀਵੀ ਚੈਨਲ ਅਤੇ ਗ਼ੈਰ-ਮੈਂਬਰ ਕਮੇਟੀ ਰੂਮ ਤੋਂ ਬਾਹਰ ਚਲੇ ਗਏ ਤਾਂ ਜੋ ਇਸ ਮੁੱਦੇ ਦੀ ਗੰਭੀਰ ਅਤੇ ਅਰਥਪੂਰਨ ਚਰਚਾ ਅਤੇ ਹੱਲ ਨੂੰ ਯਕੀਨੀ ਬਣਾਇਆ ਜਾ ਸਕੇ। ਚੂੰਕਿ ਮੈਂ ਲੰਦਨ ਅਤੇ ਬਾਅਦ ਵਿੱਚ ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ, ਨਵੀਂ ਦਿੱਲੀ ਵਿਚ ਇਸ ਵਿਸ਼ੇ 'ਤੇ ਕੁਝ ਕੰਮ ਕਰ ਚੁੱਕਾ ਸਾਂ, ਇਸ ਲਈ ਮੈਂ ਸ੍ਰੀ ਬੋਪਾਰਾਏ ਨੂੰ ਇੱਕ ਸਧਾਰਨ ਸਵਾਲ ਪੁੱਛਿਆ ਕਿ ਇੰਗਲੈਂਡ ਵਿੱਚ ਲਾਰਡ ਡਲਹੌਜ਼ੀ ਦੇ ਵੰਸ਼ਜਾਂ ਕੋਲ ਪਈ ਇਹ ਕਲਗੀ ਡਾ. ਚੰਨਣ ਸਿੰਘ ਦੀ ਧੀ ਕੋਲ ਕੈਨੇਡਾ ਕਿਵੇਂ ਪਹੁੰਚੀ ਅਤੇ ਜਿਸ ਦੀ ਪ੍ਰਮਾਣਿਕਤਾ ਸ਼ੱਕੀ ਸੀ। ਕੋਈ ਵੀ ਤਰਕਪੂਰਨ ਜਵਾਬ ਦੇਣ ਦੀ ਬਜਾਏ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਕਲਗੀ ਲਾਹੌਰ ਵਿੱਚ ਰਾਜਕੁਮਾਰੀ ਬੰਬਾ ਦੇ ਸੰਗ੍ਰਹਿ ਤੋਂ ਮਿਲੀ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸੰਨ 2000 ਵਿੱਚ ਆਪਣੀ ਖੋਜਾਰਥੀਆਂ ਦੀ ਟੀਮ ਨਾਲ ਲਾਹੌਰ ਕਿਲ੍ਹੇ ਦੇ ਅਜਾਇਬ ਘਰ ਵਿੱਚ ਬੰਬਾ ਸੰਗ੍ਰਹਿ ਦੇਖਿਆ ਸੀ। ਮੈਂ ਉਨ੍ਹਾਂ ਨੂੰ ਇਸ ਸੰਗ੍ਰਹਿ ਦਾ ਛਪਿਆ ਕੈਟਾਲਾਗ ਵੀ ਦਿਖਾਇਆ, ਜਿਸ ਵਿੱਚ ਸਪੱਸ਼ਟ ਤੌਰ 'ਤੇ ਇਸ ਦਾ ਜ਼ਿਕਰ ਮਹਾਰਾਜਾ ਰਣਜੀਤ ਸਿੰਘ ਦੇ ਘੋੜੇ ਦੀ ਕਲਗੀ ਵਜੋਂ ਕੀਤਾ ਗਿਆ ਹੈ ਜਿਸ ਵਿੱਚ ਹੇਠ ਲਿਖੇ ਵੇਰਵੇ ਹਨ:

ਸਰ ਬੰਦ : 77 ਛੋਟੇ ਅਤੇ 6 ਦਰਮਿਆਨੇ ਆਕਾਰ ਦੇ ਫੁੱਲਾਂ ਨਾਲ ਸੈੱਟ, ਸੋਨੇ ਦੀ ਪਲੇਟ 'ਚ, ਅੱਠ ਪੱਤੀਆਂ ਦੇ ਨਾਲ, ਹਰੇਕ ਪੱਤੀ ਫਿਰੋਜ਼ੀ ਨਾਲ ਜੁੜੀ ਹੋਈ; ਇੱਕ ਟਿੱਕਾ ਭਾਰ 10 ਤੋਲਾ ਸੋਨਾ, ਜਿਸ ਵਿੱਚ 100 ਕੈਰੇਟ ਦੇ ਦਸ ਪੈਂਡੈਂਟ ਹਨ; ਇੱਕ ਕਲਗੀ ਅਤੇ ਦੋ ਠੋਸ ਸੋਨੇ ਦੇ ਬੱਕਲ-ਟਿੱਕਾ ਅਤੇ ਕਲਗੀ ਹੀਰਿਆਂ ਨਾਲ ਭਰਪੂਰ ਹਨ।

ਅਸਲ ਕੈਟਾਲਾਗ ਦੇਖਣ ਅਤੇ ਉਸ ਵਿਚ ਦਿੱਤੇ ਵੇਰਵੇ ਪੜ੍ਹਨ ਤੋਂ ਬਾਅਦ ਬੋਪਾਰਾਇ ਅਤੇ ਉਨ੍ਹਾਂ ਦੇ ਸਾਥੀ ਸ੍ਰ. ਹਰਪ੍ਰੀਤ ਸਿੰਘ ਸਿੱਧੂ ਨੂੰ ਆਪਣਾ ਬਚਾਅ ਕਰਨਾ ਮੁਸ਼ਕਿਲ ਹੋ ਗਿਆ। ਗੱਲਬਾਤ ਜਾਰੀ ਰੱਖਣ ਦੀ ਬਜਾਇ ਉਹ ਅਚਾਨਕ ਮੀਟਿੰਗ ਵਿਚੋਂ ਚਲੇ ਗਏ। ਕਮੇਟੀ ਦੇ ਪ੍ਰਧਾਨ ਅਤੇ ਹੋਰ ਮੈਂਬਰ ਸੰਤੁਸ਼ਟ ਸਨ ਕਿ ਮੈਂ ਤੱਥਾਂ ਦੇ ਆਧਾਰ 'ਤੇ ਬੋਪਾਰਾਇ ਅਤੇ ਉਸ ਦੀ ਟੀਮ ਦੇ ਬੇਬੁਨਿਆਦ ਦਾਅਵਿਆਂ ਨੂੰ ਖਾਰਜ ਕੀਤਾ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹ ਮੁੱਦਾ ਮੁੜ ਨਾ ਉੱਭਰੇ, ਮੈਂ ਕਮੇਟੀ ਦੇ ਅਧਿਕਾਰੀਆਂ ਨੂੰ 'ਕਲਗੀ' ਲਿਆਉਣ ਦੀ ਬੇਨਤੀ ਕੀਤੀ ਤਾਂ ਜੋ ਸਾਰੇ ਮੈਂਬਰ ਇਸ ਨੂੰ ਆਪਣੇ ਆਪ ਦੇਖ-ਪਰਖ ਸਕਣ ਕਿ ਕੀ ਇਹ ਕਲਗੀ ਗੁਰੂ ਸਾਹਿਬ ਦੀ ਹੋ ਸਕਦੀ ਹੈ। ਸਾਰੇ ਮੈਂਬਰਾਂ ਦੀ ਸੰਤੁਸ਼ਟੀ ਹੋਣ ਤੋਂ ਬਾਅਦ ਮੇਰੀ ਬੇਨਤੀ 'ਤੇ ਇਸ ਵਿਵਾਦਿਤ ਕਲਗੀ ਨੂੰ ਮਾਲਖਾਨੇ ਭੇਜ ਦਿੱਤਾ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਨੂੰ ਲੰਦਨ ਭੇਜਣ ਅਤੇ ਡਲਹੌਜ਼ੀ ਪਰਿਵਾਰ ਰਾਹੀਂ 9 ਜੂਨ, 1898 ਨੂੰ ਲੰਦਨ ਵਿੱਚ ਇੱਕ ਪ੍ਰਦਰਸ਼ਨੀ ਵਿਚ ਪ੍ਰਦਰਸ਼ਿਤ ਕਰਨ ਲਈ ਦੱਖਣੀ ਕੇਨਸਿੰਗਟਨ ਮਿਊਜ਼ੀਅਮ ਨੂੰ ਉਧਾਰ ਦੇਣ ਦੇ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਦੀ ਡਾਇਰੈਕਟਰ ਨੇ ਉਸ ਸਾਰੇ ਖਤੋ-ਖਿਤਾਬ ਦੀ ਨਕਲ ਮੈਨੂੰ ਭੇਜੀ, ਜਿਸ ਤੋਂ ਇਹ ਗਲ ਬਹੁਤ ਸਾਫ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਦੀ ਪਵਿੱਤਰ ਕਲਗੀ ਲਾਰਡ ਡਲਹੌਜ਼ੀ ਨੇ ਬਰਤਾਨੀਆ ਭੇਜੀ ਤੇ ਇਹ ਉਨ੍ਹਾਂ ਦੇ ਪਰਿਵਾਰ ਕੋਲ ਸੁਰੱਖਿਅਤ ਸੀ। ਮਿਊਜ਼ੀਅਮ ਦੇ ਰਿਕਾਰਡ ਵਿੱਚ ਅੱਜ ਵੀ ਇਸ ਗੱਲ ਦਾ ਸਬੂਤ ਹੈ ਕਿ ਇਹ ਪਵਿੱਤਰ ਕਲਗੀ ਤੇ ਹੋਰ ਬੇਸ਼ਕਿਮਤੀ ਨਿਸ਼ਾਨੀਆਂ ਲਾਰਡ ਡਲਹੌਜੀ ਦੇ ਪਰਿਵਾਰਕ ਮੈਂਬਰ ਡਬਲਿਊ.ਐਚ. ਬਰਾਊਨ ਨੇ 9 ਜੂਨ 1898 ਨੂੰ ਕੈਨਜ਼ਿੰਗਟਨ ਮਿਊਜ਼ੀਅਮ (ਅੱਜਕਲ੍ਹ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ) ਨੂੰ ਉਧਾਰ ਦਿੱਤੀ। ਪਰ ਨਾ ਤਾਂ ਇਸ ਪਵਿੱਤਰ ਕਲਗੀ ਦੀ ਵਾਪਸੀ ਅਤੇ ਨਾ ਹੀ ਇਸ ਦੀ ਨਿਲਾਮੀ ਸੰਬੰਧੀ ਕੋਈ ਸਬੂਤ ਮਿਲਦਾ ਹੈ ਤਾਂ ਇਹ ਕਲਗੀ ਕਿੱਥੇ ਹੈ, ਇਹ ਬੁਝਾਰਤ ਅਜੇ ਤੱਕ ਅਣਸੁਲਝੀ ਹੈ।

* ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟੱਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਅਤੇ ਭਾਰਤ ਸਰਕਾਰ ਦੇ ਘੱਟਗਿਣਤੀ ਵਿੱਦਿਅਕ ਸੰਸਥਾਵਾਂ ਲਈ ਰਾਸ਼ਟਰੀ ਕਮਿਸ਼ਨ ਦੇ ਸਾਬਕਾ ਮੈਂਬਰ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

ਬਰਸੀ 'ਤੇ ਵਿਸ਼ੇਸ਼

# ਬਾਬਾ ਬੁੱਲ੍ਹੇ ਸ਼ਾਹ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸੂਫੀ ਕਾਵਿ ਧਾਰਾ ਰੂਹਾਨੀਅਤ ਦੇ ਰੰਗ ਵਿੱਚ ਰੰਗੀ ਪ੍ਰੇਮ ਧਾਰਾ ਹੈ। ਜੋ ਲੋਕ ਧਾਰਨਾ 'ਤੇ ਚੱਲਦੇ ਆਮ ਵਿਚਾਰਾਂ ਨੂੰ ਸਰਲ ਬੋਲੀ ਵਿੱਚ ਪੇਸ਼ ਕਰਦੀ ਹੈ। ਇਸ਼ਕ ਹਕੀਕੀ ਨੂੰ ਇਸ਼ਕ ਮਿਜ਼ਾਜੀ ਦੀਆਂ ਮਿਸਾਲਾਂ ਦੇ ਕੇ ਗਾਇਆ ਗਿਆ ਹੈ। ਜਿਸ ਨਾਲ ਰੂਹਾਨੀਅਤ ਵਿੱਚ ਰੌਚਿਕਤਾ ਆਉਂਦੀ ਹੈ। ਸੂਫੀ ਪੰਜਾਬੀ ਕਵਿਤਾ ਰੋਜਮਰ੍ਹਾ ਦੇ ਪੇਂਡੂ ਜੀਵਨ ਦੇ ਚਿੰਨ੍ਹਾਂ ਪ੍ਰਤੀਕਾਂ ਨਾਲ ਸ਼ਿੰਗਾਰੀ ਗਈ ਹੈ। ਇਸਲਾਮੀ ਪ੍ਰੰਪਰਾ ਦੇ ਹਵਾਲੇ ਨਾਲ ਸੂਫ਼ੀ ਸਾਹਿਤ ਤੇ ਲੋਕ ਸਾਹਿਤ ਦਾ ਡੂੰਘਾ ਪ੍ਰਭਾਵ ਹੈ। ਇਸੇ ਸੰਦਰਭ ਵਿੱਚ ਬੁਲੇ ਸ਼ਾਹ ਪੰਜਾਬੀ ਦਾ ਮਹਾਨ ਸੂਫ਼ੀ ਕਵੀ ਹੈ। ਬੁੱਲ੍ਹੇ ਸ਼ਾਹ ਇੱਕ ਅਜਿਹਾ ਵਿਦਵਾਨ ਸੀ, ਜਿਸ ਨੂੰ ਪੰਜਾਬੀ ਸਾਹਿਤ ਨਾਲ ਅਰਬੀ ਫਾਰਸੀ ਭਾਸ਼ਾਵਾਂ ਦੇ ਰਹੱਸਵਾਦੀ ਸਾਹਿਤ ਦੀ ਵੀ ਡੂੰਘੀ ਜਾਣਕਾਰੀ ਸੀ। ਉਸ ਨੂੰ ਪੰਜਾਬੀ ਰਚਨਾ ਕਾਫੀਆਂ ਵਿੱਚ ਪ੍ਰਸਿੱਧੀ ਮਿਲੀ। ਉਸਦਾ ਇਹ ਕਲਾਮ ਕਵਾਲਾਂ ਵੱਲੋਂ ਗਾਇਆ ਜਾਂਦਾ ਹੈ। ਉਸ ਦੀ ਰਚਨਾ ਵਿੱਚ ਪੰਜਾਬੀਅਤ ਦਾ ਰੰਗ ਝਲਕਦਾ ਹੈ ਅਤੇ ਜਨਜੀਵਨ ਦੇ ਨੇੜੇ ਹੈ। ਉਸ ਦੀ ਰਚਨਾ ਵਿੱਚ ਰਹੱਸਵਾਦੀ ਵਿਚਾਰ ਪੇਸ਼ ਹੋਏ ਹਨ। ਹੋਰ ਵਿਸਥਾਰ ਵਿੱਚ ਉਸ ਦੀ ਰਚਨਾ ਵਿੱਚ ਬਿਰਹਾ ਦੀਆਂ ਭਾਵਨਾਵਾਂ ਹਨ। ਪੰਜਾਬੀ ਵਿੱਚ ਉਸਦੀ ਰਚਨਾ ਵਿੱਚ 156 ਕਾਫੀਆਂ, 49 ਦੋਹੜੇ, 40 ਗੰਢਾ, 3 ਸੀਹਰਫੀਆਂ , 1 ਅਠਵਾਰਾ ਅਤੇ ਬਾਰਾਂ ਮਾਹ ਹਨ। ਬੁੱਲ੍ਹੇ ਦਾ ਕਾਵਿ ਸੰਗੀਤਮਈ ਹੈ।

ਬੁੱਲ੍ਹੇ ਸ਼ਾਹ ਦਾ ਜਨਮ 1680 ਸ਼ਹਿਰ ਕਸੂਰ ਦੇ ਨੇੜੇ ਪਿੰਡ ਪਾਡੋਕੀ/ ਪਾਕਿਸਤਾਨ ਵਿੱਚ ਹੋਇਆ। ਪਿਤਾ ਪਿੰਡ ਦੀ ਮਸਜਿਦ ਵਿੱਚ ਨਮਾਜ਼ ਪੜ੍ਹਾਇਆ ਕਰਦੇ ਸਨ। ਉਹ ਪਿੰਡ ਦੇ ਬੱਚਿਆਂ ਨੂੰ ਅਰਬੀ, ਉਰਦੂ, ਫ਼ਾਰਸੀ ਵਿੱਚ ਸਿੱਖਿਆ ਦਿੰਦੇ ਸਨ। ਬੁੱਲ੍ਹੇ ਸ਼ਾਹ ਦੀ ਮੁੱਢਲੀ ਪੜਾਈ ਪਿਤਾ ਕੋਲੋਂ ਹੀ ਹੋਈ। ਉਚੇਰੀ ਵਿਦਿਆ ਲਈ ਕਸੂਰ ਸ਼ਹਿਰ ਜਾ ਕੇ ਹਜ਼ਰਤ ਗੁਲਾਮ ਮੁਰਤਜ਼ਾ ਦਾ ਸ਼ਗਿਰਦ ਬਣ ਗਿਆ, ਜੋ ਅਰਬੀ ਫ਼ਾਰਸੀ ਦਾ ਉਚ ਕੋਟਿ ਦਾ ਵਿਦਵਾਨ ਸੀ। ਬੁੱਲ੍ਹੇ ਨੇ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸ਼ਰਫ ਵਰਗੇ ਕਵੀਆਂ ਦੀ ਸਥਾਪਤ ਪੰਜਾਬੀ ਕਵਿਤਾ ਨੂੰ ਅਗਾਂਹ ਤੋਰਿਆ। ਜਿਸ ਵਿੱਚ ਜੀਵਨ ਖੋਜ਼ ਦੀ ਰਚਨਾ ਹੈ। ਜਿਵੇਂ ਸਿਰਜਣਹਾਰ ਕੌਣ ਹੈ? ਸੱਚ ਕੀ ਹੈ? ਜ਼ਿੰਦਗੀ ਦਾ ਕੀ ਅਰਥ ਹੈ? ਪਰਮਾਤਮਾ ਕਿਵੇਂ ਪਾਇਆ ਜਾ ਸਕਦਾ ਹੈ? ਮੈਂ ਕੌਣ ਹਾਂ? ਅਜਿਹੇ ਖੋਜੀ ਸਵਾਲ ਹਨ। ਬੁੱਲ੍ਹਾ ਇੱਕਲਾ ਕਵੀ ਨਹੀਂ ਸੀ, ਸਗੋਂ ਬਹੁਤ ਫ਼ਕੀਰ ਸੀ। ਉਸ ਦੀ ਫ਼ਕੀਰੀ ਨੇ ਹੀ ਉਸ ਨੂੰ ਪ੍ਰਸਿੱਧ ਕੀਤਾ ਹੈ। ਫ਼ਕੀਰਾਂ ਦੀ ਸੰਗਤ ਤੇ ਦੇਸ਼ ਵਿੱਚ ਹੋ ਰਹੀ ਰਾਜਗਰਦੀ ਨੇ ਬੁੱਲ੍ਹੇ ਦੇ ਮਨ 'ਤੇ ਡੂੰਘਾ ਅਸਰ ਕੀਤਾ।

ਲਾਹੌਰ ਦੇ ਪੀਰ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਪੀਰ ਧਾਰਿਆ। ਰੂਹਾਨੀ ਸਿੱਖਿਆ ਹਾਸਿਲ ਕੀਤੀ।

ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ।

ਜਿਸ ਸਮੇਂ ਬੁੱਲ੍ਹਾ ਪੀਰ ਕੌਲ ਗਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਨੇ ਰੱਬ ਦੀ ਪ੍ਰਾਪਤੀ ਦਾ ਸਾਧਨ ਪੁਛਿਆ। ਪੀਰ ਨੇ ਸਹਿਜ ਸੁਭਾ ਆਖਿਆ

ਬੁੱਲ੍ਹਿਆ ਰੱਬ ਦਾ ਕੀ ਪਾਉਣਾ। ਐਧਰੋਂ ਪੁਟਣਾ ਇੱਧਰ ਲਾਉਣਾ। ਭਾਵ ਜਿਸ ਤਰ੍ਹਾਂ ਪਨੀਰੀ ਨੂੰ ਇੱਕ ਥਾਂ ਤੋਂ ਪੁਟ ਕੇ ਦੂਜੀ ਥਾਂ ਲਾਇਆ ਜਾਂਦਾ ਹੈ, ਇਸੇ ਤਰਾਂ ਮਾਇਆ ਵਿੱਚ ਖਚਤ ਮਾਨ ਨੂੰ ਇਸ ਪਾਸਿਓਂ ਹਟਾ ਕੇ ਹੀ ਰੱਬ ਵਾਲੇ ਪਾਸੇ ਲਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰੂਹਾਨੀ ਜੀਵਨ ਪ੍ਰਫੂਲਤ ਨਹੀਂ ਹੁੰਦਾ। ਬੁੱਲ੍ਹਾ ਆਪਣੇ ਮੁਰਸ਼ਦ ਦੇ ਉਪਦੇਸ਼ ਅਨੁਸਾਰ ਕਠਿਨ ਤਪ ਤੇ ਘਾਲਣਾ ਘਾਲਣ ਲੱਗਾ। ਸ਼ਰੀਅਤ ਤੇ ਤਰੀਕਤ ਦੀਆਂ ਸਾਰੀਆਂ ਤਰਕੀਬਾਂ ਕੀਤੀਆਂ

ਸ਼ਰੀਅਤ ਸਾਡੀ ਦਾਈ ਹੈ, ਤਰੀਕਤ ਸਾਡੀ ਮਾਈ ਹੈ, ਅੱਗੋਂ ਹੱਕ ਹਕੀਅਤ ਆਈ ਹੈ। ਮਾਰਫਤੋਂ ਕਿਛੁ ਪਾਇਆ ਹੈ।

ਬੁੱਲ੍ਹਾ ਉਦਾਰਤਾ ਨਾਲ ਰੱਬ ਦੇ ਇਸ਼ਕ ਵਿੱਚ ਅੱਗੇ ਮੰਜਲ ਵੱਲ ਵੱਧਦਾ ਹੈ। ਆਪਣੇ ਮੁਰਸ਼ਦ ਦੇ ਗੀਤ ਗਾਉਣ ਲੱਗਿਆ। ਮੁਰਸ਼ਦ ਲਈ ਪਿਆਰ ਬਿਹਬਲਤਾ ਨੇ ਹੀ ਉਸ ਨੂੰ ਕਵੀ ਬਣਾਇਆ।

ਮੈਂ ਜੁ ਤੈਨੂੰ ਆਖਿਆ, ਕੋਈ ਘੱਲ ਸੁਨੇਹੜਾ, ਚਸ਼ਮਾ ਸੇਜ ਵਿਛਾਨੀਆਂ , ਦਿਲ ਕੀਤਾ ਡੇਰਾ, ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ, ਢੂੰਡ ਸ਼ਹਿਰ ਸਭ ਭਾਲਿਆ, ਘੱਲਾ ਕਾਸਦ ਕੇਹੜਾ, ਚੜੀ ਆਂ ਡੋਲੀ ਪ੍ਰੇਮ ਦੀ, ਦਿਲ ਧੜਕੇ ਮੇਰਾ, ਆ ਇਨਾਇਤ ਕਾਦਰੀ ਜੀ ਚਾਹੇ ਮੇਰਾ, ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹਾ ਥਾਂ ਥਾਂ ਦੀਵਾਨਾ ਹੋ ਕੇ ਫਿਰਦਾ ਰਿਹਾ। ਬੁੱਲ੍ਹਾ ਮਸਤ ਕਲੰਦਰ ਹੋ ਕੇ ਥਾਂ ਥਾਂ ਨੱਚਦਾ ਫਿਰਦਾ ਸੀ। ਉਸ ਨੂੰ ਭਾਵੇਂ ਨੱਚਣਾਂ ਆਉਂਦਾ ਸੀ ਜਾਂ ਨਾ, ਪਰ ਤੀਬਰਤਾ ਬੜੇ ਜੋਰ ਦੀ ਸੀ। ਜੋ ਛਲਕ ਛਲਕ ਪੈਂਦੀ ਸੀ।

ਬਹੁੜੀ ਬਹੁੜੀ ਵੇ ਤਬੀਬਾ, ਮੈਂਡੀ ਜਿੰਦ ਗਈ ਆ
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।

ਫਕੀਰ ਅੰਦਰ ਪਿਆਰ ਦੀ ਚੰਗਿਆੜੀ ਪ੍ਰਚੰਡ ਹੋ ਜਾਂਦੀ ਹੈ। ਉਹ ਸ਼ਰੀਅਤ ਦੇ ਬੰਧਨ ਤੋਂ ਅੱਗੇ ਹੋ ਨਿਕਲਦਾ ਹੈ। ਇਸ਼ਕ ਦੀ ਬਹਾਰ ਵਿੱਚ ਪੁਰਾਣੇ ਪਤਝੜ ਦੇ ਪੱਤਿਆਂ ਦੀ ਖੜ ਖੜ ਦੀ ਆਵਾਜ਼ ਖਤਮ ਹੋ ਜਾਂਦੀ ਹੈ।

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜੀਊੜਾ ਡਰਿਆ।
ਡੇਰੇ ਜਾ ਠਾਕੁਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਪਰ ਇਸ਼ਕ ਦੀ ਖੇਡ ਕੋਈ ਸੌਖੀ ਜਾਂ ਸੁਆਦਲਾ ਕੰਮ ਨਹੀਂ। ਕੁਸੰਭੜੇ ਦਾ ਚੁਗਣ ਹੈ। ਬੁੱਲ੍ਹੇ ਨੇ ਅਤਿ ਕਠਿਨਾਈ ਦਾ ਸਾਹਮਣਾ ਕੀਤਾ।

ਨੀ ਮੈਂ ਕੁਸੰਭੜਾ ਚੁਗ ਚੁਗ ਹਾਰੀ,
ਏਸ ਕੁਸੰਭੜੇ ਦੇ ਕੰਢੇ ਭਲੇਰੇ ਅੜ ਅੜ ਚੁਨਰੀ ਪਾੜੀ।
ਭੈਣਾਂ! ਮੈਂ ਕੱਤਦੀ ਕੱਤਦੀ ਹਟੀ,
ਪੜੀ ਪਛੀ ਪਛਵਾੜੇ ਰਹਿ ਗਈ,
ਹੱਥ ਵਿੱਚ ਰਹਿ ਗਈ ਜੱਟੀ,
ਮੈਂ ਇਆਣੀ ਨੇਹੁੰ ਕੀ ਜਾਣ,
ਇਹ ਕਿਉਂ ਕਰਦਾ ਲੋਕ ਧਿਙਾਨਾ,

ਕਿਆ ਗਲ ਮੇਵਾ ਹੈ ਹਿੰਦਵਾਣਾ, ਮਾਪਿਆਂ ਕੋਲੋਂ ਛੱਪ ਛੱਪ ਰੋਵਾਂ ਕਰ ਕਰ ਲੱਖ ਬਹਾਨੇ। ਇਸ਼ਕ ਅਸਾਂ ਨਾਲ ਕੇਦੀ ਕੀਤੀ ਲੋਕ ਮਰੇਂਦੇ ਤਾਹਨੇ। ਕੀ ਕਰਦਾ ਵੋ ਕੀ ਕਰਦਾ ਵੋ, ਪੁੱਛੋਂ ਤਾਂ ਦਿਲਬਰ ਕੀ ਕਰਦਾ ਵੋ
ਇੱਕਸੇ ਘਰ ਵਿੱਚ ਵਸਦਿਆਂ ਰਸਦਿਆਂ ਨਹੀਂ ਬਣਦਾ ਵਿੱਚ ਪੜਦਾ ਵੋ। ਵਾਹਦਤ ਦਾ ਦਰਿਆਉ ਸਤਾਣਾਂ, ਕੋਈ ਡੁੱਬਦਾ ਕੋਈ ਤਰਦਾ ਵੋ। ਬੁੱਲ੍ਹੇ ਸ਼ਾਹ ਨੂੰ ਆਣ ਮਿਲਾਵਹੁ , ਮਹਿਰਮ ਹੈ ਇਸ ਘਰ ਦਾ ਵੋ।

ਉਹ ਚਾਹੁੰਦਾ ਹੈ ਕਿ ਪ੍ਰਭੂ ਮਿਲਾਪ ਸਦਾ ਬਣਿਆ ਰਹੇ।

ਘੜਿਆਲੀ ਦੇਹੁ ਨਿਕਾਲ ਨੀ ਅੱਜ ਪੀਅ, ਘਰ ਆਇਆ ਲਾਲ। ਰੱਬ ਦੇ ਦੀਦਾਰ ਬਾਅਦ ਬੁੱਲ੍ਹਾ ਇਸ ਮਿਲਾਪ ਨੂੰ ਹੀਰ ਰਾਂਝੇ ਦੇ ਰੂਪਕ ਵਿੱਚ ਗਾਇਨ ਕਰਦਾ ਹੈ। ਨਵੇਂ ਪਿਆਰ ਦੇ ਰੰਗ ਨੇ ਅਨੋਖੀ ਨੁਹਾਰ ਬਣਾ ਦਿੱਤੀ ਹੈ।

ਰਾਂਝਾਂ ਜੋਗੀਅੜਾ ਬਣ ਆਯਾ ਨੀ, ਵਾਹ ਵਾਹ ਸਾਂਗੀ ਸਾਂਗ ਰਚਾਯਾ ਨੀ,
ਇਸ ਜੋਗੀ ਦੇ ਨੈਣ ਕਟੋਰੇ, ਬਾਜਾਂ ਵਾਂਗੂ ਲੈਂਦੇ ਡੋਰੇ,
ਮੁੱਖ ਵੇਖਿਆ ਜਾਵਨ ਦੁੱਖ ਝੋਰੇ, ਇਹਨਾਂ ਅੱਖੀਆਂ ਲਾਲ ਲਖਯਾ ਨੀ,
ਰਾਂਝਾ ਜੋੜੀਅੜਾ ਬਣ ਆਇਆ ਨੀ।
ਬੁੱਲ੍ਹੇ ਸ਼ਾਹ ਦੀ ਹੁਣ ਗਤਿ ਪਾਈ, ਪ੍ਰੀਤ ਪੁਰਾਣੀ ਸ਼ੋਰ ਮਚਾਈ
ਏਹ ਗਲਕੀਕਣ ਛਪੈ ਛਪਾਈ, ਲੈ ਤਖਤ ਹਜਾਰੇ ਨੂੰ ਧਾਇਆ ਨੀ
ਰਾਂਝਾ ਜੋਗੀਅੜ ਬਣ ਆਇਆ ਨੀਂ।

ਬੁੱਲ੍ਹਾ ਆਪਣੇ ਪਿਆਰੇ ਤੋਂ ਸਦਕੇ ਜਾਂਦਾ ਹੈ ਅਤੇ ਸਵਾਲ ਕਰਦਾ ਹੈ ਕਿ ਤੈਨੂੰ ਵੀਸਾਡੀ ਇੱਤਨੀ ਖਿੱਚ ਹੈ।

ਬੁੱਲ੍ਹਾ ਸ਼ਾਹ ਤੈਂ ਪਹਿ ਵਾਰੇ ਹਾਂ, ਮੁੱਖ ਦੇਖਣ ਦੇ ਵਣਜਾਰੇ ਹਾਂ
ਕਿਛੁ ਅਸੀਂ ਭਿ ਤੈਨੂੰ ਪਿਆਰੇ ਹਾਂ, ਕਿ ਮਹੀਏ ਘੋਲ ਘੁਮਾਈ

ਚਿਣਗ ਦੁੱਵਲੀ ਸੁਲਘਦੀ ਹੈ। ਅਖੀਰ ਇੱਕਮਿਕ ਹੋ ਨਿਬੜਦੀ ਹੈ, ਇਸ ਅਭੇਦਤਾ ਦਾ ਰੰਗ ਬੜਾ ਨਿਖਰਵਾਂ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਬੁੱਲ੍ਹੇ ਅੰਦਰ ਰੱਬ ਦਾ ਅਜਿਹਾ ਨੂਰੀ ਚਾਨਣ ਆਗਿਆ,ਉਹ ਹਰ ਮਨੁੱਖ ਵਿੱਚ ਉਸਦੀ ਵਿਆਪਕਤਾ ਦੇਖਦਾ ਹੈ। ਮਜ਼ਬੀ ਬੰਧਨਾਂ ਵਿੱਚ ਫਾਥੀ ਅੰਧੀ ਦੁਨੀਆਂ ਵਾਲੀ ਤੁਅਸਬ ਦੀ ਐਨਕ ਉਸ ਉਤਾਰ ਦਿੱਤੀ।

ਕਿਤੇ ਰਾਮਦਾਸ ਕਿਤੇ ਫਤੇ ਮੁਹੰਮਦ ਇਹੋ ਕਦੀਮੀ ਸ਼ੋਰ
ਮੁਸਲਮਾਨ ਸਿਵੇ ਤੋਂ ਚਿੜਦੇ ਹਿੰਦੂ ਚਿੜਦੇ ਗੋਰ
ਚੁੱਕ ਗਏ ਸਭ ਝਗੜੇ ਨਿਕਲ ਗਿਆ ਕੋਈ ਹੋਰ
ਸਾਧੋ ! ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ ਦੇ ਵਿੱਚ ਚੋਰ

********

ਬੁੱਲ੍ਹਾ ਸ਼ਰਈ ਜਾਂ ਬਹੁਤ ਪੜਿਆ ਲਿਖਿਆ ਦੋਹਾਂ ਗੱਲਾਂ ਤੋਂ ਆਜ਼ਾਦ ਸੀ।

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜਾਰੇ,
ਜਿਤ ਵਲ ਯਾਰ ਉਸੇ ਵਲ ਕਾਬਾ, ਵੇਖ ਕਿਤਾਬਾਂ ਚਾਰੇ,
ਭਠ ਨਿਮਾਜਾ ਤੇ ਚਿਕੜ ਰੋਜ਼ੇ ਕਲਮੇ ਤੇ ਫਿਰੀ ਸਿਆਹੀ ਬੁੱਲ੍ਹੇ ਸ਼ਾਹ ਸਹੁ ਅੰਦਰ ਪਾਇਆ, ਭੁੱਲੀ ਫਿਰੇ ਲੁਕਾਈ।

ਬੁੱਲ੍ਹਾ ਸ਼ਰਈ ਬੰਧਨਾਂ ਤੋਂ ਉਪਰ ਉਠ ਕੇ ਹਜਰਤ ਮੁਹੰਮਦ ਸਾਹਿਬ ਦੇ ਕਰੀਬੀ ਹੋ ਕੇ ਇੱਕ ਆਸ਼ਕ ਵਾਂਗ ਕਰੀਬ ਹੋ ਕੇ ਮਾਹੀ ਨੂੰ ਪੁਕਾਰਦਾ ਹੈ।

ਪਹਿਲੀ ਪਉੜੀ ਪ੍ਰੇਮ ਦੀ ਪੁਲਸਰਾਤੇ ਡੇਰਾ
ਹਾਜੀ ਮੱਕੇ ਹੱਜ ਕਰਨ, ਮੈਂ ਮੁੱਖ ਵੇਖਾ ਤੇਰਾ,
ਆ ਮੁਹੰਮਦ ਅਰਬੀਆ ਹੱਥ ਪਕੜੀ ਮੇਰਾ, ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹੇ ਦੀ ਆਜ਼ਾਦ ਮਿਜਾਜ ਦੇਖ ਕੇ ਤੁਅਸਬੀ ਮੋਮਨ ਉਸ ਨੂੰ ਕਾਫਰ ਆਖਣ ਲੱਗੇ। ਬੁੱਲ੍ਹੇ ਨੇ ਕੋਈ ਗਿਲਾ ਨਾ ਕੀਤਾ ਤੇ ਕਿਹਾ

ਬੁੱਲ੍ਹਿਆ ਤੈਨੂੰ ਕਾਫਰ ਕਾਫਰ ਆਖਦੇ, ਤੂੰ ਆਹੋ ਆਹੋ ਆਖ।

ਬੁੱਲ੍ਹੇ ਨੇ ਸਾਹਿਤਕ ਖੋਜ ਦੇ ਨਾਲ ਨਾਲ ਕੁਰਾਨ ਦਾ ਵੀ ਅਧਿਐਨ ਕੀਤਾ ਸੀ। ਪਰ ਜੋ ਕੁਝ ਵੀ ਉਸ ਨੇ ਪਾਇਆ ਉਹ ਸੂਫੀ ਫਕੀਰਾਂ ਦੀ ਸੰਗਤ ਵਿਚੋਂ ਪਾਇਆ। ਉਸ ਨੇ ਆਪਣੇ ਨਿਰੋਲ ਅਨੁਭਵਾਂ ਨੂੰ ਪੰਜਾਬੀ ਰੰਗ ਵਿੱਚ ਗਾਇਆ। ਜਦੋਂ ਉਹ ਆਪਣੇ ਪਿਆਰੇ ਦੀ ਬਿਹਬਲ ਅਵਸਥਾ ਬਿਆਨਦਾ ਹੈ ਤਾਂ ਪੇਂਡੂ ਪੰਜਬ ਦਾ ਤ੍ਰਿਜਣ ਅੱਖਾਂ ਸਾਹਵੇਂ ਆ ਜਾਂਦਾ ਹੈ। ਚਰਖਾ ਉਸਦਾ ਆਪਣਾ ਦਿਲ ਹੈ। ਜੋ ਠੀਕ ਨਹੀਂ ਚੱਲ ਰਿਹਾ।

ਹਥੀਂ ਢਿਲਕ ਗਈ ਚਰਖੇ ਦੀ, ਮੈਥੋਂ ਕੱਤਿਆ ਮੂਲ ਨਾ ਜਾਵੇ,
ਤੱਕਲੇ ਨੂੰ ਵਲ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ।
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਇੱਕ ਨਾ ਲਾਹਵੇ
ਤ੍ਰਿਜਣ ਕੱਤਣ ਸੱਦਣ ਸਈਆਂ, ਬ੍ਰਿਹੋ ਢੋਲ ਵਜਾਵੇ
ਮਾਹੀ ਛਿੜ ਗਿਆ ਨਾਲ ਮੱਝੀ ਦੇ, ਕੱਤਣ ਕਿਸ ਨੂੰ ਭਾਂਵੇ।

*************

ਮਨੁੱਖ ਨੂੰ ਨੇਕੀ ਦਾ ਸੂਤ ਕੱਤਕੇ ਦਾਜ਼ ਤਿਆਰ ਕਰਨ ਦੀ ਨਸੀਅਤ ਦਿਤੀ ਹੈ।

ਕੁਝ ਕਤ ਕੁੜੇ ਨ ਵਤ ਕੁੜੇ। ਛਲੀ ਲਾਹ ਭਰੋਟੇ ਘੱਤ ਕੁੜੇ
ਜੇ ਪੂਣੀ ਪੂਣੀ ਕਰੇਂਗੀ ਤਾਂ ਨੰਗੀ ਮੂਲ ਨਾ ਵੱਤੇਂਗੀ
ਸੌ ਵਰਿਆਂ ਦਾ ਜੇ ਕਤੇਗੀ, ਤਾਂ ਕਾਗ ਮਾਰੀਗਾ ਝੱਟ ਕੁੜੇ
ਜੇ ਦਜ਼ ਵਿਹੂਣੀ ਜਾਵੇਗੀ, ਤਾਂ ਕਿਸੇ ਭਲੀ ਨਾ ਭਾਂਵੇਂ ਗੀ।
ਉਥੇ ਸ਼ਹੁ ਨੂੰ ਕਿਵੇਂ ਰਿਝਾਵੇਗੀ, ਕੁਝ ਲੈ ਫਕਰਾਂ ਦੀ ਮਤ ਕੁੜੇ।

**********

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਆਨੰਦਪੁਰ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਬੁੱਲ੍ਹਾ 19 ਸਾਲ ਦਾ ਜਵਾਨ ਕਸੂਰ ਵਿੱਚ ਰਹਿੰਦਾ ਸੀ। ਉਸ ਨੇ ਸੂਹ ਸੀ ਕਿ ਕਿਵੇਂ ਮੁਗਲ ਬਾਦਸ਼ਾਹ ਸਿੱਖਾਂ ਤੇ ਜ਼ੁਲਮ ਕਰਦੇ ਰਹੇ ਤੇ ਕਿਸ ਤਰਾਂ ਸਿੰਘਾਂ ਨੇ ਅਡੋਲ ਰਹਿ ਕੇ ਸ਼ਹੀਦੀਆਂ ਪਾਈਆਂ। ਬੁੱਲ੍ਹੇ ਸ਼ਾਹ ਇੱਕ ਸੂਫੀ ਫਕੀਰ ਸੀ ਜੋ ਸ਼ਰਾ ਸ਼ਰੀਅਤ ਪਸੰਦ ਲੋਕਾਂ ਦੀਆਂ ਇਸਲਾਮ ਦੇ ਨਾਂਅ ਤੇ ਕੀਤੀਆਂ ਜਾਂਦੀਆਂ ਚਾਲਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਸਿੰਘਾਂ ਦੀਆਂ ਕੁਰਬਾਨੀਆਂ ਅਤੇ ਦ੍ਰਿੜਤਾ ਨੂੰ ਵੇਖ ਕੇ ਉਸ ਕਿਹਾ ਕਿ ਜੇਕਰ ਗੁਰੂ ਜੀ ਇਸ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਨਾ ਦਿੰਦੇ ਤਾਂ ਭਾਰਤੀ ਸੰਸਕ੍ਰਿਤੀ ਦਾ ਨਾਮ ਨਿਸ਼ਾਨ ਨਾ ਰਹਿੰਦਾ ਤੇ ਤਅਸਬੀਆਂ ਦਾ ਝੰਡਾ ਝੂਲਣਾਂ ਸੀ। ਉਸ ਨੇ ਇਸ ਵਰਤਮਾਨ ਸੱਚਾਈ ਨੂੰ ਬਿਆਨ ਕੀਤਾ ਕਿ

ਨ ਕਹੂੰ ਜਬ ਕੀ, ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁਨੰਤ ਹੋਤੀ ਸਭ ਕੀ।

**********

ਬੁੱਲ੍ਹਾ ਅਨੰਦਪੁਰ ਵਿੱਚ ਕੀਰਤਨ, ਲੰਗਰ ਤੇ ਫ਼ੌਜੀ ਸਰਗਰਮੀਆਂ ਦੇ ਦਿੰਨੇ ਰੰਗ ਵੇਖ ਕੇ ਕਹਿੰਦਾ ਹੈ

ਇੱਟ ਖੜਿਕਾ ਦੁਕੜ ਵਜੇ ਨਾਲੇ ਤਪੇ ਚੁੱਲਾ
ਏਨੀ ਗੱਲੀਂ ਰੱਬ ਵੀ ਰਾਜੀ, ਨਾਲੇ ਰਾਜੀ ਬੁੱਲਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਚਰਚਾ ਬੁੱਲ੍ਹੇ ਨੇ ਵੀ ਸੁਣੀ ਸੀ ਉਹ ਗੁਰੂ ਜੀ ਨੂੰ ਧਰਮ ਲਈ ਲੜ ਮਿੱਟਣ ਵਾਲਾ ਗਾਜੀ ਕਹਿ ਕੇ ਯਾਦ ਕਰਦਾ ਹੈ।

ਕਿਤੇ ਚੋਰ ਬਣੇ ਕਿਤੇ ਕਾਜੀ ਹੋ, ਕਿਤੇ ਮਿੰਬਰ ਬਹਿ ਵਾਅਜੀ ਹੋ
ਕਿਤੇ ਤੇਗ ਬਹਾਦਰ ਗਾਜੀ ਹੋ, ਆਪ ਆਪਣਾਂ ਕਟਕ ਚੜਾਈਦਾ।
ਕਹੁ ਕਿਸ ਥੰ ਆਪ ਛੁਪਾਈਦਾ।

ਤੁਸੀਂ ਸਭਨੀ ਭੇਖੀ ਥੀਂਦ ਹੋ , ਆਪ ਮਦ ਹੋ ਆਪੇ ਪੀਂਦੇ ਹੋ ਤੇ ਹਰ ਜਾਂ ਤੁਸੀਂ ਦਿਸੀਦੇ ਹੋ। ਆਪੇ ਆਪ ਨੂੰ ਆਪ ਲੁਕਾਈ ਦਾ। ਬੁੱਲ੍ਹੇ ਦੀ ਫਕੀਰੀ ਨੇ ਉਸ ਨੂੰ ਬੇਪ੍ਰਵਾਹ ਬਣਾਇਆ। ਉਹ ਰਾਜਸੀ ਗੱਲ ਵੀ ਨਿਧੜਕ ਹੋ ਕੇ ਕਹਿ ਦਿੰਦਾ ਹੈ। ਸੱਚਾਈ ਦੇ ਸਕੰਚ ਬਾਰੇ ਆਖਦਾ ਹੈ।

ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਿਆਂ ਭਾਂਬੜ ਮਚਦਾ ਹੈ।
ਦਿਲ ਦੋਹਾਂ ਗੱਲਾਂ ਤੋਂ ਜਚਦਾ ਹੈ ਜਚ ਜਚ ਕੇ ਜੀਭਾ ਕਹਿੰਦੀ ਹੈ।

ਪਰ ਸੱਚ ਸੌ ਸੰਕੋਚ ਕਰਦਿਆਂ ਵੀ ਪ੍ਰਗਟ ਹੋ ਜਾਂਦਾ ਹੈ। ਬੁੱਲ੍ਹਾ ਜਾਣਦਾ ਹੈ ਕਿ ਸਿੱਖ ਧਰਮੀ ਹਨ ਤੇ ਧਰਮ ਲਈ ਮਰ ਰਹੇ ਹਨ। ਸਮੇਂ ਦੀ ਸਰਕਾਰ ਉਹਨਾਂ ਨੂੰ ਜਿਉਣ ਨਹੀਂ ਦਿੰਦੀ। ਮਜਬੀ ਮੁਲਾਣੇ ਵੀ ਉਹਨਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਿੱਖ ਆਪਣੀ ਤਾਕਤ ਨਾਲ ਵੱਧ ਰਹੇ ਹਨ। ਉਹ ਮੁਗਲਾਂ ਦੇ ਇਸ ਆਚਰਣ ਨੂੰ ਨਿੰਦਦਾ ਆਖਦਾ ਹੈ।

ਮੂਗਲਾਂ ਜ਼ਹਿਰ ਪਿਆਲੇ ਪੀਤੇ, ਭੂਰਿਆ ਵਾਲੇ ਰਾਜੇ ਕੀਤੇ।
ਸਭ ਅਸ਼ਰਾਫ ਫਿਰਨ ਚੁੱਪ ਕੀਤੇ, ਭਲਾ ਉਹਨਾਂ ਨੂੰ ਝਾੜਿਆ ਈ।

ਬੁੱਲ੍ਹੇ ਸ਼ਾਹ ਦੇ ਭੂਰਿਆ ਵਾਲੇ ਪੰਜਾਬ ਦੀ ਉਸ ਮਿਹਨਤਕਸ ਤੇ ਕ੍ਰਿਤੀ ਜਮਾਤ ਦੇ ਸਿੰਘ ਯੋਧੇ ਸਨ, ਜੋ ਮੁਗਲ ਅਤੇ ਕਾਬਲ ਦੇ ਲੁਟੇਰਿਆਂ ਨਾਲ ਟੱਕਰ ਲੈਂਦੇ, ਨਵੇਂ ਇਨਕਲਾਬ ਦਾ ਝੰਡਾ ਬੁਲੰਦ ਕਰਨ ਵਾਲੇ ਸਿੰਘਾਂ ਦੀ ਚੜਦੀਕਲਾ ਪ੍ਰਤੱਖ ਵੇਖ ਰਿਹਾ ਸੀ। ਇਹ ਰੱਬੀ ਹੁਕਮ ਹੈ ਕਿ ਇਸ ਚੜਦੀਕਲਾ ਨੂੰ ਕੋਈ ਰੋਕ ਨਹੀਂ ਸਕਦਾ। ਬੁੱਲ੍ਹਾ ਫ਼ਕੀਰ ਕਮਜੋਰਾਂ ਵੱਲ ਇਸ਼ਾਰਾ ਕਰਦਾ ਹੈ।

ਉਲਟੇ ਹੋਰ ਜ਼ਮਾਨੇ ਆਏ,
ਅਸਾਂ ਹੁਣ ਭੇਦ ਸੱਜਣ ਦੇ ਪਾਏ,
ਆਪਣਿਆਂ ਵਿੱਚ ਉਲਫਤ ਨਾਹੀ, ਕਿਆ ਚਾਚੇ ਕਿਆ ਤਾਏ।
ਪਿਓ ਪੁੱਤਰਾਂ ਇਤਫਾਕ ਨਾ ਕਾਈ, ਧੀਆਂ ਨਾਲ ਨਾ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੌਲ ਬਹਾਏ।
ਇਰਾਕੀਆਂ ਨੂੰ ਚਾਬਕ ਪੈਂਦੇ, ਗੋਦੀ ਖੂਦ ਖਵਾਏ
ਕਾਉਂ ਲਗਰਾਂ ਨੂੰ ਮਾਰਨ ਲੱਗੇ, ਚਿੜੀਆਂ ਜਰਹੇ ਖਾਏ।
ਅਗਲੇ ਜਾਂ ਬੰਗਾਲੇ ਬੈਠੇ, ਪਿਛਲਿਆਂ ਫਰਸ਼ ਵਿਛਾਏ।
ਬੁੱਲ੍ਹਾ ਹੁਕਮ ਹਜ਼ੂਰੋਂ ਆਂਦਾ, ਤਿੰਨਾਂ ਨੂੰ ਕੌਣ ਹਟਾਏ।

ਖੂਨੀ ਘਟਨਾਵਾਂ ਵਾਪਰ ਰਹੀਆਂ ਸਨ, ਅਤਿਆਚਾਰ ਨਾਲ ਪੰਜਾਬ ਵਿੱਚ ਕਿਆਮਤ ਛਾਈ ਹੋਈ ਸੀ। ਅਜਾਬਾਂ ਦੀ ਸੱਦੀ ਚਲ ਰਹੀ ਸੀ।

ਦਰ ਖੁੱਲ੍ਹਾ ਹਸ਼ਰ ਅਜਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ,
ਵਿੱਚ ਹਾਣਿਆਂ ਦੋਜਖਾਂ ਮਾਰਿਆ
ਸਾਨੂੰ ਆ ਮਿਲ ਯਾਰ ਪਿਆਰਿਆ।

ਬੁੱਲ੍ਹਾ ਰੱਬ ਦਾ ਫਕੀਰ ਬਣ ਕੇ ਸੱਚ ਦਾ ਸਾਥ ਦਿੰਦਾ ਹੈ। ਇਸਲਾਮੀ ਸ਼ਰ੍ਹਾ ਦੇ ਨਾਉਂ ਉਤੇ ਕੀਤੇ ਜਾ ਰਹੇ ਕੁਕਰਮਾਂ ਨੂੰ ਭੰਡਦਾ ਹੈ। ਇਹ ਸ਼ਰਾ ਅਤੇ ਹਾਕਮ ਨੀਤੀ ਦਾ ਵਿਰੋਧ ਸੀ। ਬੁੱਲ੍ਹਾ ਇਸ ਤਰਾਂ ਬਾਗੀ ਹੈ। ਉਸ ਨੇ ਆਪਣੇ ਆਪ ਨੂੰ ਆਜ਼ਾਦ ਐਲਾਨ ਕੀਤਾ।

ਮੈਂ ਬੇ ਕੈਦ ਮੈਂ ਬੇ ਕੈਦ, ਨ ਰੋਗੀ ਨਾ ਵੈਦ।
ਨ ਮੈਂ ਮੋਮਨ ਨ ਮੈਂ ਕਾਫਰ ਨਾ ਮੁੱਲਾ ਨਾ ਸੈਦ
ਚੋਂਦੀ ਤਬਕੀ ਸੈਰ ਅਸਾਡਾ ਕਿਤੇ ਨਾ ਹੋਣਾ ਕੈਦ।

ਬੁੱਲ੍ਹੇ ਦੀ ਰਚਨਾ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੋਂ ਲੋਕਾਂ ਵਿੱਚ ਜਾਗ੍ਰਿਤੀ ਭਰਦੀ ਹੈ। ਮਜਬੀ ਪਾਖੰਡਾਂ 'ਤੇ ਚੋਟ ਹੈ। ਮਨੁੱਖਤਾ ਨੂੰ ਏਕਤਾ ਦੇ ਪਿਆਰ ਵਿੱਚ ਪ੍ਰੋਂਦੀ ਹੈ।

ਬੁੱਲ੍ਹੇ ਸ਼ਾਹ ਦਾ ਦਿਹਾਂਤ 1757 ਵਿੱਚ 77 ਕੁ ਸਾਲ ਦੀ ਉਮਰ ਵਿੱਚ ਹੋਇਆ। ਉਸਦਾ ਮਜਾਰ ਕਸੂਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਬੁੱਲ੍ਹਾ ਮਨੁੱਖੀ ਆਦਰਸ਼ਾਂ ਦਾ ਧਾਰਨੀ ਹੋਣ ਕਰਕੇ,ਬੁੱਲ੍ਹੇ ਸ਼ਾਹ ਅਤੇ ਉਸ ਦੇ ਕਲਾਮ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ ।ਬੁੱਲ੍ਹੇ ਦੇ ਕਲਾਮ ਦਾ ਰੰਗ ਕਈ ਭਾਰਤੀ ਅਤੇ ਪਾਕਿਸਤਾਨੀ ਫ਼ਿਲਮਾਂ ਵਿੱਚ ਭਰਿਆ ਗਿਆ ਹੈ।




# ਮੋਟਾਪਾ ਘਟਾਉਣ ਦੇ ਸਿਹਤ ਨੂੰ ਕੀ ਖ਼ਤਰੇ ਹੁੰਦੇ ਹਨ ?


## ਕਿਵੇਂ ਘਟਾਇਆ ਜਾਵੇ ਮੋਟਾਪਾ?



### ਸਹੀ ਢੰਗ ਨਾਲ ਮੋਟਾਪਾ ਘਟਾਉਣ ਦਾ ਤਰੀਕਾ: ਸੰਤੁਲਿਤ ਖ਼ੁਰਾਕ ਅਤੇ ਕਸਰਤ

ਮੋਟਾਪਾ ਅੱਜ ਦੇ ਸਮੇਂ ਦੀ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ, ਜੋ ਨਾ ਸਿਰਫ਼ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਮਾਨਸਿਕ ਅਤੇ ਭਾਵਨਾਤਮਕ ਸਿਹਤ ’ਤੇ ਵੀ ਅਸਰ ਪਾਉਂਦਾ ਹੈ। ਭਾਰ ਘਟਾਉਣ ਦੀ ਚਾਹਤ ਵਿੱਚ ਲੋਕ ਅਕਸਰ ਤੇਜ਼ੀ ਨਾਲ ਨਤੀਜੇ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਗਲਤ ਤਰੀਕਿਆਂ ਨਾਲ ਕੀਤੀ ਇਹ ਕੋਸ਼ਿਸ਼ ਸਿਹਤ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ।

ਬ੍ਰਾਜ਼ੀਲ ਦੇ ਸਪੋਰਟਸ ਡਾਕਟਰ ਡਾ. ਪੈਬਲੀਅਸ ਬ੍ਰਾਗਾ ਦੱਸਦੇ ਹਨ, ‘ਜਦੋਂ ਅਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਰੀਰ ਆਪਣੇ ਊਰਜਾ ਭੰਡਾਰਾਂ, ਖ਼ਾਸਕਰ ਚਰਬੀ ਨੂੰ ਵਰਤਦਾ ਹੈ। ਪਰ ਜੇਕਰ ਸਹੀ ਢੰਗ ਨਾ ਅਪਣਾਇਆ ਜਾਵੇ, ਤਾਂ ਸਰੀਰ ਮਾਸਪੇਸ਼ੀਆਂ ਨੂੰ ਵੀ ਤੋੜਨਾ ਸ਼ੁਰੂ ਕਰ ਸਕਦਾ ਹੈ।’ ਸਾਓ ਪੌਲੋ ਯੂਨੀਵਰਸਿਟੀ ਦੇ ਮੈਟਾਬੋਲਿਕ ਥੈਰੇਪਿਸਟ ਅਤੇ ਐਂਡੋਕਰੀਨੋਲੋਜੀ ਵਿੱਚ ਪੀ.ਐਚ.ਡੀ. ਐਲੇਨ ਡਾਇਸ ਦੱਸਦੇ ਹਨ, ‘ਮਾਸਪੇਸ਼ੀਆਂ ਸਰੀਰ ਦੀ ਤਾਕਤ, ਸਹਿਣਸ਼ਕਤੀ ਅਤੇ ਮੈਟਾਬੋਲਿਜ਼ਮ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਹੁੰਦੀਆਂ ਹਨ। ਜੇਕਰ ਇਹ ਘਟਦੀਆਂ ਹਨ, ਤਾਂ ਸਰੀਰ ਦਾ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ, ਜਿਸ ਨਾਲ ਭਾਰ ਮੁੜ ਵਧਣ ਦਾ ਜੋਖਮ ਵੱਧ ਜਾਂਦਾ ਹੈ।’ ਇਸ ਨੂੰ ‘ਯੋ-ਯੋ ਪ੍ਰਭਾਵ’ ਕਿਹਾ ਜਾਂਦਾ ਹੈ, ਜਿੱਥੇ ਵਿਅਕਤੀ ਵਾਰ-ਵਾਰ ਭਾਰ ਘਟਾਉਂਦਾ ਅਤੇ ਵਧਾਉਂਦਾ ਹੈ।



ਇੰਟਰਨੈਸ਼ਨਲ ਸੋਸਾਇਟੀ ਆਫ਼ ਸਪੋਰਟਸ ਨਿਊਟ੍ਰੀਸ਼ਨ ਦੀ ਰਿਪੋਰਟ ਮੁਤਾਬਕ, ਜੇਕਰ ਕੈਲੋਰੀਜ਼ ਦੀ ਮਾਤਰਾ ਬਹੁਤ ਜ਼ਿਆਦਾ ਘਟਾਈ ਜਾਵੇ, ਤਾਂ ਸਰੀਰ ‘ਸੇਵਿੰਗ ਮੋਡ’ ਵਿੱਚ ਚਲਾ ਜਾਂਦਾ ਹੈ। ਇਸ ਸਥਿਤੀ ਵਿੱਚ, ਸਰੀਰ ਊਰਜਾ ਬਚਾਉਣ ਲਈ ਮਾਸਪੇਸ਼ੀਆਂ ਨੂੰ ਤੋੜਨਾ ਸ਼ੁਰੂ ਕਰ ਦਿੰਦਾ ਹੈ, ਜਿਸ ਨਾਲ ਸਰੀਰ ਦੀ ਤਾਕਤ ਅਤੇ ਸਹਿਣਸ਼ਕਤੀ ਘਟਦੀ ਹੈ। ਇਸ ਨਾਲ ਨਾ ਸਿਰਫ਼ ਭਾਰ ਘਟਾਉਣ ਦੀ ਪ੍ਰਕਿਰਿਆ ਔਖੀ ਹੋ ਜਾਂਦੀ ਹੈ, ਸਗੋਂ ਦੀਰਘਕਾਲੀ ਸਿਹਤ ਸਮੱਸਿਆਵਾਂ ਜਿਵੇਂ ਕਿ ਟਾਈਪ-2 ਸ਼ੂਗਰ, ਹਾਈਪਰਟੈਨਸ਼ਨ ਅਤੇ ਦਿਲ ਦੀਆਂ ਬਿਮਾਰੀਆਂ ਦਾ ਜੋਖਮ ਵੀ ਵਧ ਜਾਂਦਾ ਹੈ।

**ਸਹੀ ਢੰਗ ਨਾਲ ਮੋਟਾਪਾ ਘਟਾਉਣ ਦਾ ਤਰੀਕਾ**

ਮੋਟਾਪਾ ਘਟਾਉਣ ਲਈ ਸਹੀ ਢੰਗ ਅਪਣਾਉਣਾ ਜ਼ਰੂਰੀ ਹੈ, ਜਿਸ ਵਿੱਚ ਸਿਹਤਮੰਦ ਖੁਰਾਕ, ਨਿਯਮਤ ਕਸਰਤ ਅਤੇ ਭਾਵਨਾਤਮਕ ਸਿਹਤ ਦਾ ਧਿਆਨ ਰੱਖਣਾ ਸ਼ਾਮਲ ਹੈ। ਮਾਹਰ ਸੁਝਾਅ ਦਿੰਦੇ ਹਨ ਕਿ ਕੈਲੋਰੀਜ਼ ਦੀ ਘਾਟ ਸੀਮਤ ਅਤੇ ਸੁਰੱਖਿਅਤ ਹੋਣੀ ਚਾਹੀਦੀ। ਡਾ.ਬ੍ਰਾਗਾ ਅਤੇ ਡਾਇਸ ਦੋਵੇਂ ਸਹਿਮਤ ਹਨ ਕਿ ਰੋਜ਼ਾਨਾ 300 ਤੋਂ 500 ਕੈਲੋਰੀਜ਼ ਦੀ ਘਾਟ ਆਮ ਤੌਰ ’ਤੇ ਸੁਰੱਖਿਅਤ ਹੁੰਦੀ ਹੈ। ਇਸ ਨਾਲ ਸਰੀਰ ਨੂੰ ਚਰਬੀ ਸਾੜਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਿੱਚ ਮਦਦ ਮਿਲਦੀ ਹੈ, ਪਰ ਮਾਸਪੇਸ਼ੀਆਂ ਦਾ ਨੁਕਸਾਨ ਨਹੀਂ ਹੁੰਦਾ।

ਡਾਇਸ ਕਹਿੰਦੇ ਹਨ, ‘ਜੇਕਰ ਤੁਸੀਂ ਬਹੁਤ ਜ਼ਿਆਦਾ ਕੈਲੋਰੀਜ਼ ਘਟਾਉਂਦੇ ਹੋ, ਤਾਂ ਸਰੀਰ ਮਾਸਪੇਸ਼ੀਆਂ ਨੂੰ ਊਰਜਾ ਦੇ ਸਰੋਤ ਵਜੋਂ ਵਰਤਣ ਲੱਗ ਪੈਂਦਾ ਹੈ, ਜੋ ਸਿਹਤ ਲਈ ਨੁਕਸਾਨਦੇਹ ਹੈ।’ ਇਸ ਲਈ, ਸਹੀ ਮਾਤਰਾ ਵਿੱਚ ਪ੍ਰੋਟੀਨ ਅਤੇ ਹਾਈਡ੍ਰੇਸ਼ਨ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਕਸਰਤ ਵੀ ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਵੇਟ ਟ੍ਰੇਨਿੰਗ ਅਤੇ ਤਾਕਤ ਵਧਾਉਣ ਵਾਲੀਆਂ ਕਸਰਤਾਂ ਮਾਸਪੇਸ਼ੀਆਂ ਨੂੰ ਸੁਰੱਖਿਅਤ ਰੱਖਣ ਅਤੇ ਵਧਾਉਣ ਵਿੱਚ ਮਦਦ ਕਰਦੀਆਂ ਹਨ। ਡਾਇਸ ਦੱਸਦੇ ਹਨ, ਖ਼ਾਸਕਰ ਪੋਸਟਮੇਨੋਪੌਜ਼ਲ ਔਰਤਾਂ ਵਿੱਚ, ਜਿਨ੍ਹਾਂ ਦਾ ਮੈਟਾਬੋਲਿਜ਼ਮ ਕੁਦਰਤੀ ਤੌਰ ’ਤੇ ਹੌਲੀ ਹੁੰਦਾ ਹੈ, ਸਹੀ ਕਸਰਤ ਅਤੇ ਖੁਰਾਕ ਨਾਲ ਚਰਬੀ ਘਟਾਉਣ ਦੇ ਨਾਲ-ਨਾਲ ਮਾਸਪੇਸ਼ੀਆਂ ਨੂੰ ਵੀ ਮਜ਼ਬੂਤ ਕੀਤਾ ਜਾ ਸਕਦਾ ਹੈ।

**ਸਿਹਤਮੰਦ ਖੁਰਾਕ: ਪ੍ਰੋਟੀਨ ਅਤੇ ਹਾਈਡ੍ਰੇਸ਼ਨ ਦੀ ਮਹੱਤਤਾ**

ਇੰਟਰਨੈਸ਼ਨਲ ਸੋਸਾਇਟੀ ਆਫ਼ ਸਪੋਰਟਸ ਨਿਊਟ੍ਰੀਸ਼ਨ ਦੀ ਸਿਫਾਰਸ਼ ਅਨੁਸਾਰ, ਮਾਸਪੇਸ਼ੀਆਂ ਨੂੰ ਸੁਰੱਖਿਅਤ ਰੱਖਣ ਅਤੇ ਵਧਾਉਣ ਲਈ ਪ੍ਰਤੀ ਦਿਨ ਪ੍ਰਤੀ ਕਿਲੋਗ੍ਰਾਮ ਸਰੀਰਕ ਭਾਰ ਦੇ 1.4 ਤੋਂ 2 ਗ੍ਰਾਮ ਪ੍ਰੋਟੀਨ ਦੀ ਲੋੜ ਹੁੰਦੀ ਹੈ। ਉਦਾਹਰਨ ਵਜੋਂ, 70 ਕਿਲੋਗ੍ਰਾਮ ਭਾਰ ਵਾਲੇ ਵਿਅਕਤੀ ਨੂੰ ਰੋਜ਼ਾਨਾ 98 ਤੋਂ 140 ਗ੍ਰਾਮ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ। ਪ੍ਰੋਟੀਨ ਦੇ ਸਰੋਤਾਂ ਵਿੱਚ ਅੰਡੇ, ਮੁਰਗੀ, ਮੱਛੀ, ਬੀਨਜ਼, ਦਾਲ, ਪਨੀਰ, ਦਹੀਂ ਅਤੇ ਸੋਇਆ ਸ਼ਾਮਲ ਹਨ।

ਡਾਇਸ ਦੱਸਦੇ ਹਨ, ਸਾਡੀਆਂ ਮਾਸਪੇਸ਼ੀਆਂ ਦਾ 70 ਫੀਸਦੀ ਹਿੱਸਾ ਪਾਣੀ ਹੁੰਦਾ ਹੈ, ਇਸ ਲਈ ਹਾਈਡ੍ਰੇਸ਼ਨ ਬਹੁਤ ਜ਼ਰੂਰੀ ਹੈ। ਪ੍ਰਤੀ ਕਿਲੋਗ੍ਰਾਮ ਸਰੀਰਕ ਭਾਰ ਦੇ 30 ਤੋਂ 40 ਮਿਲੀਲੀਟਰ ਪਾਣੀ ਪੀਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਦਾਹਰਨ ਵਜੋਂ, 70 ਕਿਲੋਗ੍ਰਾਮ ਵਾਲੇ ਵਿਅਕਤੀ ਨੂੰ ਰੋਜ਼ਾਨਾ 2.1 ਤੋਂ 2.8 ਲੀਟਰ ਪਾਣੀ ਪੀਣਾ ਚਾਹੀਦਾ ਹੈ ਖ਼ੁਰਾਕ ਵਿੱਚ ਸੰਤੁਲਨ ਵੀ ਜ਼ਰੂਰੀ ਹੈ। ਡਾ. ਬ੍ਰਾਗਾ ਸੁਝਾਅ ਦਿੰਦੇ ਹਨ ਕਿ ਖਾਣੇ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਪ੍ਰੋਟੀਨ ਸਰੋਤਾਂ ਤੋਂ ਹੋਣਾ ਚਾਹੀਦਾ। ਇਸ ਦੇ ਨਾਲ ਹੀ, ਸਬਜ਼ੀਆਂ, ਅਨਾਜ (ਜਿਵੇਂ ਚੌਲ ਜਾਂ ਕੁਇਨੋਆ), ਅਤੇ ਸਿਹਤਮੰਦ ਚਰਬੀ (ਜਿਵੇਂ ਅਖਰੋਟ, ਅਲਸੀ ਦਾ ਤੇਲ) ਸ਼ਾਮਲ ਕਰਨ ਨਾਲ ਸਰੀਰ ਨੂੰ ਸਾਰੇ ਜ਼ਰੂਰੀ ਪੋਸ਼ਕ ਤੱਤ ਮਿਲਦੇ ਹਨ।

**ਮਾਹਿਰਾਂ ਦੀ ਰਾਏ ਅਤੇ ਭਾਵਨਾਤਮਕ ਸਿਹਤ ਦੀ ਅਹਿਮੀਅਤ**

ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਸਿਰਫ਼ ਸਰੀਰਕ ਸਿਹਤ ਹੀ ਨਹੀਂ, ਸਗੋਂ ਮਾਨਸਿਕ ਅਤੇ ਭਾਵਨਾਤਮਕ ਸਿਹਤ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ। ਡਾ. ਬ੍ਰਾਗਾ ਚਿਤਾਵਨੀ ਦਿੰਦੇ ਹਨ, ਜੇਕਰ ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਤਣਾਅ ਵਧਦਾ ਹੈ, ਤਾਂ ਇਹ ਸਿਹਤ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ। ਉਹ ਸੁਝਾਅ ਦਿੰਦੇ ਹਨ ਕਿ ਭਾਰ ਘਟਾਉਣ ਦੀ ਯੋਜਨਾ ਵਿਅਕਤੀ ਦੀ ਰੋਜ਼ਾਨਾ ਜੀਵਨ ਸ਼ੈਲੀ, ਕੰਮ ਦੀ ਸਮਾਂ-ਸਾਰਣੀ ਅਤੇ ਆਰਾਮ ਦੇ ਸਮੇਂ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ।

# ਖ਼ਤਰਨਾਕ ਹੋ ਸਕਦਾ ਹੈ ਸ਼ੂਗਰ ਲੈਵਲ ਦਾ ਵਧਣਾ

### ਸ਼ੂਗਰ ਦੇ ਮਰੀਜ਼ਾਂ ’ਚ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦਾ ਹੈ ਹਾਰਟ ਅਟੈਕ ਦਾ ਖ਼ਤਰਾ

ਸ਼ੂਗਰ ਲੈਵਲ ਦਾ ਵਧਣਾ ਇੱਕ ਅਜਿਹੀ ਬਿਮਾਰੀ ਹੈ, ਜੋ ਸਰੀਰ ਦੇ ਕਈ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ। ਖਾਸ ਕਰਕੇ ਦਿਲ ’ਤੇ ਜ਼ਿਆਦਾ ਪ੍ਰਭਾਵ ਪਾਉਂਦੀ ਹੈ। ਇਸ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਸ਼ੂਗਰ ਦੇ ਮਰੀਜ਼ਾਂ ’ਚ ਹਾਰਟ ਅਟੈਕ ਦਾ ਖ਼ਤਰਾ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦਾ ਹੈ।

ਸਿਰਫ਼ ਸ਼ੂਗਰ ਦੇ ਮਰੀਜ਼ ਹੀ ਨਹੀਂ ਜੇਕਰ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਥੋੜ੍ਹਾ ਜਿਹਾ ਵੀ ਵੱਧ ਜਾਂਦਾ ਹੈ ਤਾਂ ਇਹ ਹੌਲੀ-ਹੌਲੀ ਦਿਲ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹਾਂ, ਇਸੇ ਲਈ ਦਿਲ ਨੂੰ ਸਿਹਤਮੰਦ ਰੱਖਣ ਲਈ ਬਲੱਡ ਸ਼ੂਗਰ ਦੇ ਲੈਵਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਹਾਈ ਬਲੱਡ ਸ਼ੂਗਰ ਦਿਲ ਲਈ ਕਿੰਨਾ ਖ਼ਤਰਨਾਕ ਹੋ ਸਕਦਾ ਹੈ ਅਤੇ ਇਸ ਨੂੰ ਰੋਕਣ ਲਈ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ।

ਕਿਵੇਂ ਨੁਕਸਾਨ ਪਹੁੰਚਾਉਂਦਾ ਹੈ ਹਾਈ ਬਲੱਡ ਸ਼ੂਗਰ ?

ਧਮਨੀਆਂ ’ਚ ਸੋਜ ਅਤੇ ਕਠੋਰਤਾ – ਲਗਾਤਾਰ ਹਾਈ ਬਲੱਡ ਸ਼ੂਗਰ ਲੈਵਲ ਕਾਰਨ, ਖ਼ੂਨ ਦੀਆਂ ਨਾੜੀਆਂ ਸਖ਼ਤ ਹੋ ਜਾਂਦੀਆਂ ਹਨ, ਜਿਸ ਨਾਲ ਐਥੀਰੋਸਕਲੇਰੋਸਿਸ ਹੁੰਦਾ ਹੈ। ਇਸ ਕਾਰਨ ਖ਼ੂਨ ਦੀ ਸਹੀ ਮਾਤਰਾ ਦਿਲ ਤੱਕ ਨਹੀਂ ਪਹੁੰਚਦੀ ਅਤੇ ਹਾਰਟ ਅਟੈਕ ਦਾ ਖ਼ਤਰਾ ਵੱਧ ਜਾਂਦਾ ਹੈ।

ਕੋਲੈਸਟ੍ਰੋਲ ’ਚ ਵਾਧਾ – ਸ਼ੂਗਰ ਦੇ ਮਰੀਜ਼ਾਂ ’ਚ ਅਕਸਰ ਚੰਗੇ ਕੋਲੈਸਟ੍ਰੋਲ ਦਾ ਪੱਧਰ ਘੱਟ ਅਤੇ ਮਾੜੇ ਕੋਲੈਸਟ੍ਰੋਲ ਦਾ ਪੱਧਰ ਉੱਚ ਹੁੰਦਾ ਹੈ। ਇਹ ਕੋਲੈਸਟ੍ਰੋਲ ਧਮਨੀਆਂ ’ਚ ਇਕੱਠਾ ਹੁੰਦਾ ਹੈ ਅਤੇ ਰੁਕਾਵਟ ਪੈਦਾ ਕਰਦਾ ਹੈ।

ਹਾਈ ਬਲੱਡ ਪ੍ਰੈਸ਼ਰ – ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਿਚਕਾਰ ਡੂੰਘਾ ਸੰਬੰਧ ਹੈ। ਬਲੱਡ ਸ਼ੂਗਰ ਵਧਣ ਕਾਰਨ, ਬਲੱਡ ਪ੍ਰੈਸ਼ਰ ਵੀ ਵੱਧਦਾ ਹੈ, ਜੋ ਦਿਲ @ਤੇ ਜ਼ਿਆਦਾ ਦਬਾਅ ਪਾਉਂਦਾ ਹੈ।

ਨਸਾਂ ਨੂੰ ਨੁਕਸਾਨ (ਨਿਊਰੋਪੈਥੀ)– ਸ਼ੂਗਰ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੀ




ਹੈ, ਜੋ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਅਚਾਨਕ ਹਾਰਟ ਅਟੈਕ ਦਾ ਖ਼ਤਰਾ ਵਧਾਉਂਦੀ ਹੈ।

**ਹਾਰਟ ਅਟੈਕ ਦੇ ਖ਼ਤਰੇ ਨੂੰ ਕਿਵੇਂ ਕਰੀਏ ਘੱਟ ?**

ਬਲੱਡ ਸ਼ੂਗਰ ਕਰੋ ਕੰਟਰੋਲ। ਬਲੱਡ ਸ਼ੂਗਰ ਦੀ ਰੋਜ਼ਾਨਾ ਕਰੋ ਜਾਂਚ। ਡਾਕਟਰ ਦੀ ਸਲਾਹ ਅਨੁਸਾਰ ਦਵਾਈਆਂ ਜਾਂ ਇਨਸੁਲਿਨ ਲਓ। ਘੱਟ ਗਲਾਈਸੈਮਿਕ ਇੰਡੈਕਸ ਵਾਲਾ ਭੋਜਨ ਖਾਓ, ਜਿਵੇਂ ਕਿ ਹਰੀਆਂ ਸਬਜ਼ੀਆਂ, ਦਾਲਾਂ, ਸਾਬਤ ਅਨਾਜ ਆਦਿ।ਸਿਹਤਮੰਦ ਖ਼ੁਰਾਕ ਦੀ ਕਰੋ ਸੇਵਨ। ਤਲੇ-ਭੁੰਨੇ, ਮਿੱਠੇ ਅਤੇ ਪ੍ਰੋਸੈਸਡ ਭੋਜਨ ਘੱਟ ਖਾਓ। ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਭੋਜਨ, ਜਿਵੇਂ ਕਿ ਅਲਸੀ, ਮੱਛੀ, ਅਖਰੋਟ, ਆਦਿ ਦਿਲ ਲਈ ਫਾਇਦੇਮੰਦ ਹਨ। ਨਮਕ ਦੀ ਮਾਤਰਾ ਘਟਾਓ ਤਾਂ ਜੋ ਬਲੱਡ ਪ੍ਰੈਸ਼ਰ ਨਾ ਵਧੇ। ਰੋਜ਼ਾਨਾ ਕਰੋ ਕਸਰਤ। ਰੋਜ਼ਾਨਾ 30-45 ਮਿੰਟ ਸੈਰ, ਯੋਗਾ ਜਾਂ ਐਰੋਬਿਕਸ ਕਰੋ। ਆਪਣੇ ਵਜ਼ਨ ਨੂੰ ਕੰਟਰੋਲ ਕਰੋ ਕਿਉਂਕਿ ਮੋਟਾਪਾ ਸ਼ੂਗਰ ਅਤੇ ਦਿਲ ਦੋਵਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਰਹੋ ਦੂਰ। ਸਿਗਰਟਨੋਸ਼ੀ ਅਤੇ ਸ਼ਰਾਬ ਧਮਨੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਵੱਧ ਜਾਂਦਾ ਹੈ।

ਤਣਾਅ ਘਟਾਓ। ਧਿਆਨ ਅਤੇ ਡੂੰਘੇ ਸਾਹ ਲੈਣ ਵਰਗੀਆਂ ਤਣਾਅ ਪ੍ਰਬੰਧਨ ਗਤੀਵਿਧੀਆਂ ਕਰੋ।ਰੋਜ਼ਾਨਾ 7-8 ਘੰਟੇ ਨੀਂਦ ਲਓ।ਨਿਯਮਤ ਹਾਰਟ ਚੈੱਕਅਪ ਕਰਵਾਓ। ਸ਼ੂਗਰ ਦੇ ਮਰੀਜ਼ਾਂ ਨੂੰ ਸਾਲ ’ਚ ਇੱਕ ਵਾਰ ਕੋਲੈਸਟ੍ਰੋਲ ਅਤੇ ਹਾਰਟ ਫੰਕਸ਼ਨਾਂ ਦੇ ਟੈਸਟ ਕਰਵਾਉਣੇ ਚਾਹੀਦੇ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਤੀਆ ਸੇਈ

ਦਲੀਪ ਕੌਰ ਟਿਵਾਣਾ





ਜਦੋਂ ਵੀਰ ਭਗਤ ਸਿੰਘ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ
ਕਿਸੇ ਪਿੰਡ ਵਿਚ ਦੱਸਿਆ ਜਾ ।

ਗੱਡੀ ਵਿੱਚ ਅੰਨ੍ਹਾ ਮੰਗਤਾ ਗਾ ਰਿਹਾ ਸੀ। ਫਿਰ ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰ ਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿੱਚ ਜਾ ਚੜ੍ਹਿਆ। ਮੈਨੂੰ ਮੁੜ ਮੁੜ ਖਿਆਲ ਆਉਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿੱਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ 'ਤੇ? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿੱਚ ਉਗੀਆਂ ਫਸਲਾਂ ਤੇ ਦਰਖਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਉਨੀ ਹੀ ਤੇਜ਼ੀ ਨਾਲ ਖਿਆਲ ਮੇਰੇ ਦਿਮਾਗ ਵਿੱਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਕਿਸੇ ਕੱਚੇ ਕੋਠੇ ਵਿੱਚ ਬੈਠੀ ਚਰਖਾ ਕੱਤਦੀ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

ਕੀ ਆਹਨੀ ਏਂ ? ਉਹ ਬੋਲੀ।

ਤੂੰ ਕਿਵੇਂ ਉਮਰ ਗੁਜ਼ਾਰੀ? ਮੈਂ ਪੁੱਛਿਆ।

ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ। ਮੈਂ ਕਿਵੇਂ ਸਾਹਸ ਛੱਡਦੀ? ਮਿਹਨਤ ਮਜ਼ਦੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ 'ਤੇ ਡੰਗ ਟਪਾਇਆ।

ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖਿਆਲ ਨਹੀਂ ਸੀ? ਮੈਂ ਪੁੱਛਿਆ।

ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ 'ਤੇ ਬੋਝ ਬਣੀ ਰਹਿੰਦੀ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਨ੍ਹਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।

ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ। ਮੈਂ ਉਦਾਸ ਹੋ ਕੇ ਆਖਿਆ।

ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ, ਇਹ ਮੈਥੋਂ ਹੋ ਨਹੀਂ ਸਕਿਆ।

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ; ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ ਜਵਾਨ ਕੁੜੀ ਬਣ, ਮੇਰੀ ਯਾਦ ਵਿੱਚ ਉਘੜ ਖਲੋਤੀ।

ਸੁਣਿਆ ਏ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ? ਮੈਂ ਪੁੱਛਿਆ।

ਮੈਂ ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ? ਉਹਨੇ ਵੱਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ, ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ?

ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ। ਮੈਂ ਆਖਿਆ।

ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਉਂ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇਕ ਦਿਨ ਦੀਵੇ ਬਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ, ਬਾਹਰ ਖੂਹ 'ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ–

ਤੂੰ ਫਿਕਰ ਨਾ ਕਰੀਂ, ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ, ਮੈਂ ਤੇਰੇ ਨਾਲ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ। ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ।

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ– 'ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।' ਇਨ੍ਹਾਂ ਲਫਜ਼ਾਂ ਦੀ ਤੜਫ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ! ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ– 'ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ' ਮੇਰੇ ਸਾਹ ਸੁੱਕਦੇ ਜਾ ਰਹੇ ਨੇ।

ਰੱਬ ਤੈਨੂੰ ਲੰਮੀ ਉਮਰ ਬਖਸ਼ੇ। ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਆਵਾਜ਼ ਵਿੱਚ ਕਹਿਣ ਲੱਗੀ,

ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।

ਨਹੀਂ ਮੈਂ ਵਿਆਹ ਨਹੀਂ ਜਾ ਸਕਦੀ। ਉਹ ਬੋਲੀ।

ਕਿਉਂ? ਮੈਂ ਪੁੱਛਿਆ।

ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ 'ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੈਥੋਂ ਆਪਣੇ ਗਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਏ। ਇਕ ਗੱਲ ਦੱਸੇਂਗੀ? ਉਹਨੇ ਆਸ ਨਾਲ ਮੇਰੇ ਵੱਲ ਤੱਕਿਆ।

ਹਾਂ ਪੁੱਛ। ਮੈਂ ਆਖਿਆ।

ਕੀ ਸੱਚੀ ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਹੈ?

'ਵਿਚਾਰੀ!' ਮੇਰੇ ਦਿਲ ਨੇ ਆਖਿਆ।

ਹਾਂ, ਜ਼ਰੂਰ ਹੁੰਦਾ ਏ। ਮੈਂ ਕਹਿ ਦਿੱਤਾ। ਇਹ ਸੁਣ ਉਸ ਦੀਆਂ ਅੱਖਾਂ ਵਿੱਚ ਚਮਕ ਆਈ ਤੇ ਉਹ ਮੁਸਕਰਾ ਪਈ।

ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ? ਮੈਂ ਪੁੱਛਿਆ।

ਹਾਂ, ਹਰ ਘੜੀ ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ– 'ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ।' ਕਦੀ ਕਦੀ ਸੋਚਦੀ ਹਾਂ, ਜੇ ਕਿਧਰੇ ਉਹ ਸੱਚੀ-ਮੁੱਚੀ ਮੁੜ ਆਵੇ, ਮੈਂ ਉਹਨੂੰ ਆਖਾਂ– ਕਹੁ ਵੇ ਇਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ, ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਈ ਕੀ ਏ। ਉਹ ਉਦਾਸ ਹੋ ਕੇ ਬੋਲੀ।

ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ। ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਨਵਾਂ ਕਦਮ ਚੁੱਕ। ਮੈਂ ਆਖਿਆ। ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ,

ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੁਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਬਾਤ।

ਤੂੰ ਕੀ ਸੋਚ ਰਹੀ ਏ? ਮੈਂ ਪੁੱਛਿਆ। ਉਸ ਨੇ ਹਉਕਾ ਭਰਿਆ, ਜਿਵੇਂ ਕਹਿੰਦੀ ਹੋਵੇ– 'ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ! ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ! ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ? ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ?'

ਮੈਂ ਉਹਦੇ ਮੂੰਹ ਵੱਲ ਤੱਕਿਆ– ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ। ਉਹਦੀ ਟੁੱਟੀ ਹੋਈ ਜੁੱਤੀ 'ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

ਤੂੰ ਉਹਨੂੰ ਵੇਖਿਆ ਸੀ? ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

ਨਹੀਂ। ਮੈਂ ਆਖਿਆ।

ਉਹ ਬੜਾ ਸੋਹਣਾ ਸੀ। ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ। ਤੇ ਅੱਗਿਉਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ,

'ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,
ਕੋਈ ਕਦੇ ਵੀ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ,
ਕਦੇ ਤਾਂ ਸੁਨੇਹਾ ਘੱਲ।'

ਕੀ ਸੋਚ ਰਹੀ ਏਂ ਸੋਹਣੀਏ? ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ– 'ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।'

ਮੈਂ ਉਹਦੇ ਵੱਲ ਤੱਕਦੀ ਰਹੀ। ਕੋਈ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿੱਚ। ਕੋਈ ਕਹਿਰ ਸੀ ਉਹਦੀ ਤੱਕਣੀ ਵਿੱਚ। ਮੈਨੂੰ ਲੱਗਿਆ ਜਿਵੇਂ ਉਹ ਕੋਈ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ, ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ– 'ਮੈਂ ਭਲਾ ਕੀ ਕਰ ਸਕਦੀ ਹਾਂ?'

ਤੂੰ ਨਿਰਾਸ਼ ਨਾ ਹੋ। ਭਗਤ ਸਿੰਘ ਸਿਰਫ ਤੇਰਾ ਹੀ ਨਹੀਂ ਸੀ, ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ, ਸਾਰੇ ਦੇਸ਼ ਨੂੰ ਹੈ। ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਵੀ ਯਾਦ ਏਂ।

ਇਹ ਸੁਣ ਕੇ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ– 'ਧਰਤ ਅੰਬਰ ਵੀ ਸੋਚਦੇ, ਕੀ ਦੇਣ ਤਸੱਲੀ।'

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫਿਰ ਡੱਬੇ ਅੱਗੇ ਵੀ ਗਾਉਂਦਾ ਜਾ ਰਿਹਾ ਸੀ,

ਜਦੋਂ ਵੀਰ ਭਗਤ ਸਿੰਘ, ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿੱਚ ਦੱਸਿਆ ਜਾ।

# ਦੋਸਤੀ ਦਾ ਫ਼ਰਜ਼

ਰਜਵਿੰਦਰ ਪਾਲ ਸ਼ਰਮਾ



ਦੀਪੂ ਅਤੇ ਜਸ਼ਨ ਦੋਵੇਂ ਪੱਕੀਆਂ ਸਹੇਲੀਆਂ ਸਨ। ਦੋਵੇਂ ਇਕੱਠੀਆਂ ਸਕੂਲ ਜਾਂਦੀਆਂ, ਇਕੱਠੀਆਂ ਸਕੂਲ ਦਾ ਕੰਮ ਕਰਦੀਆਂ ਅਤੇ ਇਕੱਠੀਆਂ ਖੇਡਦੀਆਂ। ਦੋਵੇਂ ਸਹੇਲੀਆਂ ਭੈਣਾਂ ਨਾਲੋਂ ਵਧ ਕੇ ਸਨ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਜਿਸਮ ਤਾਂ ਦੋ ਹੋਣ ਪਰ ਦੋਵਾਂ ਦੀ ਰੂਹ ਇੱਕ ਸੀ। ਜਸ਼ਨ ਦਾ ਘਰ ਦੀਪੂ ਦੇ ਘਰ ਤੋਂ ਅੱਧਾ ਕਿਲੋਮੀਟਰ ਦੂਰੀ 'ਤੇ ਸੀ। ਸਕੂਲ ਜਾਣ ਲਈ ਹਰ ਰੋਜ਼ ਜਸ਼ਨ ਦੀਪੂ ਦੇ ਘਰ ਜਾਂਦੀ ਅਤੇ ਦੀਪੂ ਦੇ ਘਰੋਂ ਦੋਵੇਂ ਸਕੂਲ ਚਲੀਆਂ ਜਾਂਦੀਆਂ। ਇਹ ਸਿਲਸਿਲਾ ਪਿਛਲੇ ਨੌਂ ਸਾਲਾਂ ਤੋਂ ਇਸੇ ਤਰ੍ਹਾਂ ਜਾਰੀ ਸੀ।

ਪਿਛਲੇ ਦੋ ਦਿਨਾਂ ਤੋਂ ਜਸ਼ਨ ਸਕੂਲ ਨਹੀਂ ਸੀ ਆ ਰਹੀ। ਦੀਪੂ ਨੇ ਇੱਕ ਦੋ ਵਾਰ ਜਸ਼ਨ ਦੇ ਘਰ ਫੋਨ ਕੀਤਾ ਤਾਂ ਫੋਨ ਬੰਦ ਆ ਰਿਹਾ ਸੀ। ਦੀਪੂ ਨੂੰ ਜਸ਼ਨ ਦੀ ਚਿੰਤਾ ਹੋ ਰਹੀ ਸੀ। ਸਕੂਲੋਂ ਘਰ ਆ ਕੇ ਦੀਪੂ ਜਸ਼ਨ ਦੇ ਘਰ ਚਲੀ ਗਈ। ਜਸ਼ਨ ਘਰ ਵਿੱਚ ਭਾਂਡੇ ਮਾਂਜ ਰਹੀ ਸੀ। ਦੀਪੂ ਨੇ ਜਸ਼ਨ ਨੂੰ ਕਿਹਾ, "ਤੂੰ ਠੀਕ ਤਾਂ ਹੈ, ਤੂੰ ਸਕੂਲ ਕਿਉਂ ਨਹੀਂ ਆ ਰਹੀ? ਮੈਨੂੰ ਤੇਰੀ ਚਿੰਤਾ ਹੋ ਰਹੀ ਸੀ। ਤੂੰ ਫੋਨ ਵੀ ਨਹੀਂ ਚੁੱਕ ਰਹੀ?" ਦੀਪੂ ਫਟਾਫਟ ਜਸ਼ਨ ਤੋਂ ਸਵਾਲ ਪੁੱਛ ਰਹੀ ਸੀ। ਕਮਰੇ 'ਚੋਂ ਜਸ਼ਨ ਦੀ ਮਾਤਾ ਨੂੰ ਬਾਹਰ ਆਉਂਦੇ ਦੇਖ ਕੇ ਦੀਪੂ ਨੇ ਸਤਿ ਸ੍ਰੀ ਅਕਾਲ ਬੁਲਾਈ। ਜਸ਼ਨ ਦੀ ਮਾਤਾ ਨੇ ਦੀਪੂ ਨੂੰ ਬੈਠਣ ਲਈ ਕਿਹਾ ਤੇ ਰਸੋਈ ਅੰਦਰ ਚਾਹ ਬਣਾਉਣ ਚਲੀ ਗਈ। ਦੀਪੂ ਦੇ ਸਵਾਲ ਸੁਣ ਕੇ ਜਸ਼ਨ ਅਜੇ ਵੀ ਚੁੱਪ ਸੀ, ਉਹੋ ਮੂੰਹੋਂ ਕੁਝ ਨਾ ਬੋਲੀ, ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਜਸ਼ਨ ਦਾ ਗੱਚ ਭਰ ਆਇਆ ਹੋਵੇ। ਇਸ ਤੋਂ ਪਹਿਲਾਂ ਕਿ ਜਸ਼ਨ ਕੁਝ ਬੋਲਦੀ, ਉਸ ਦੀ ਮਾਤਾ ਰਸੋਈ 'ਚੋਂ ਬਾਹਰ ਆਉਂਦੀਬੋਲੀ, "ਪੁੱਤ ਦੀਪੂ, ਇਹਦਾ ਵਿਚਾਰੀ ਦਾ ਕੀ ਕਸੂਰ ਆ? ਕਸੂਰ ਤਾਂ ਸਾਡੀ ਗ਼ਰੀਬੀ ਦਾ ਏ। ਪਿਛਲੇ ਇੱਕ ਮਹੀਨੇ ਤੋਂ ਰੋਜ਼ ਜਸ਼ਨ ਦਾ ਡੈਡੀ ਲੇਬਰ ਚੌਕ ਵਿੱਚ ਜਾ ਕੇ ਖੜ੍ਹ ਜਾਂਦੈ, ਕਦੇ ਦਿਹਾੜੀ ਲੱਗ ਜਾਂਦੀ ਐ ਤੇ ਕਦੇ ਨਹੀਂ। ਘਰੇ ਖਾਣ ਲਈ ਆਟਾ ਨਹੀਂ, ਸਕੂਲ ਦੀ ਫ਼ੀਸ ਭਰਨ ਲਈ ਪੈਸੇ ਕਿੱਥੋਂ ਹੋਣੇ ਨੇ, ਤਾਂ ਜਸ਼ਨ ਵਿਚਾਰੀ ਕੀ ਕਰੇ। ਮੈਂ ਪਿੰਡ ਵਿੱਚ ਜ਼ਿਮੀਦਾਰਾਂ ਦੇ ਗੋਹਾ ਕੂੜਾ ਸੁੱਟਦੀ ਆਂ। ਫਿਰ ਵੀ ਦੋ ਡੰਗ ਦੀ ਰੋਟੀ ਦਾ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ। ਮੈਂ ਅਤੇ ਤੇਰਾ ਅੰਕਲ ਸਵੇਰੇ ਨਿਕਲ ਜਾਂਦੇ ਆਂ, ਸ਼ਾਮੀ ਮੁੜਦੇ ਆਂ, ਜਸ਼ਨ ਵਿਚਾਰੀ ਪਿੱਛੋਂ ਘਰ ਸੰਭਾਲਦੀ ਹੈ।" ਦੀਪੂ ਹੁਣ ਸਾਰੀ ਗੱਲ ਸਮਝ ਗਈ ਸੀ ਕਿ ਜਸ਼ਨ ਦਾ ਘਰ ਰਹਿਣ ਦਾ ਕਾਰਨ ਉਸ ਦੀ ਗ਼ਰੀਬੀ ਹੈ।

ਦੀਪੂ ਦਾ ਪਿਤਾ ਦਰਸ਼ਨ ਸਿੰਘ ਸ਼ਹਿਰ ਧਾਗਾ ਫੈਕਟਰੀ ਵਿੱਚ ਮੈਨੇਜਰ ਸੀ। ਸ਼ਾਮੀਂ ਜਦੋ ਦਰਸ਼ਨ ਸਿੰਘ ਘਰ ਆਇਆ ਤਾਂ ਉਸ ਨੇ ਦੇਖਿਆ ਕਿ ਦੀਪੂ ਕੁਰਸੀ 'ਤੇ ਕਿਸੇ ਡੂੰਘੀਆਂ ਸੋਚਾਂ ਵਿੱਚ ਗੁਆਚੀ ਬੈਠੀ ਸੀ। ਜਦੋਂ ਦਰਸ਼ਨ ਸਿੰਘ ਨੇ ਦੀਪੂ ਨੂੰ ਬੁਲਾਇਆ ਤਾਂ ਉਹ ਤ੍ਰਭਕ ਗਈ। ਉਸ ਨੂੰ ਪਤਾ ਹੀ ਨਹੀਂ ਲੱਗਿਆ ਕਿ ਡੈਡੀ ਕਿਹੜੇ ਵੇਲੇ ਘਰ ਆ ਗਏ। ਦੀਪੂ ਦਾ ਉਦਾਸ ਚਿਹਰਾ ਦੇਖ ਕੇ ਡੈਡੀ ਨੇ ਕਿਹਾ, "ਮੇਰੀ ਲਾਡੋ ਰਾਣੀ ਕਿਹੜੀ ਸੋਚਾਂ ਸੋਚ ਰਹੀ ਹੈ?" ਦੀਪੂ ਨੇ ਕਿਹਾ, "ਪਾਪਾ, ਮੇਰੀ ਸਹੇਲੀ ਜਸ਼ਨ ਨੂੰ ਤਾਂ ਤੁਸੀਂ ਜਾਣਦੇ ਹੀ ਹੋ, ਉਹ ਪਿਛਲੇ ਤਿੰਨ ਦਿਨਾਂ ਤੋਂ ਸਕੂਲ ਨਹੀਂ ਆ ਰਹੀ। ਮੈਂ ਜਦੋਂ ਉਸ ਦੇ ਘਰ ਗਈ ਤਾਂ ਪਤਾ ਲੱਗਿਆ ਕਿ ਉਸ ਦੇ ਪਿਤਾ ਦੀ ਦਿਹਾੜੀ ਕਦੇ ਲੱਗਦੀ ਹੈ, ਕਦੇ ਨਹੀਂ, ਜਿਸ ਕਰਕੇ ਉਹ ਫ਼ੀਸ ਨਹੀਂ ਭਰ ਸਕੀ ਅਤੇ ਸਕੂਲ ਆਉਣਾ ਬੰਦ ਕਰ ਦਿੱਤਾ।" ਦੀਪੂ ਦੇ ਡੈਡੀ ਨੇ ਉਸ ਨੂੰ ਕਿਹਾ, "ਪੁੱਤ, ਤੂੰ ਚਿੰਤਾ ਨਾ ਕਰ। ਆਪਾਂ ਦੋਵੇਂ ਕੱਲ੍ਹ ਸਵੇਰੇ ਉਨ੍ਹਾਂ ਦੇ ਘਰ ਚੱਲਾਂਗੇ, ਕੋਈ ਨਾ ਕੋਈ ਹੱਲ ਲੱਭ ਜਾਵੇਗਾ।"

ਜਸ਼ਨ ਦਾ ਪਿਤਾ ਚਰਨ ਦੀਪੂ ਦੇ ਪਿਤਾ ਦਰਸ਼ਨ ਸਿੰਘ ਦਾ ਜਮਾਤੀ ਸੀ। ਚਰਨ ਸਿੰਘ ਵੀ ਪੜ੍ਹਾਈ ਵਿੱਚ ਹੁਸ਼ਿਆਰ ਸੀ, ਉਹ ਕਬੱਡੀ ਦਾ ਵੀ ਚੋਟੀ ਦਾ ਖਿਡਾਰੀ ਸੀ, ਪਰ ਘਰ ਦੀ ਗ਼ਰੀਬੀ ਨੇ ਉਸ ਦੇ ਪੈਰਾਂ ਵਿੱਚ ਜ਼ੰਜੀਰਾਂ ਜਕੜ ਦਿੱਤੀਆਂ ਅਤੇ ਰੋਜ਼ੀ ਰੋਟੀ ਲਈ ਮਿਹਨਤ ਮਜ਼ਦੂਰੀ ਕਰਨੀ ਪਈ। ਇਹ ਸੋਚਾਂ ਸੋਚਦੇ ਹੋਏ ਪਤਾ ਹੀ ਨਹੀਂ ਲੱਗਿਆ ਕਿਹੜੇ ਵੇਲੇ ਦਰਸ਼ਨ ਸਿੰਘ ਨੂੰ ਗੂੜ੍ਹੀ ਨੀਂਦ ਆ ਗਈ।

ਸਵੇਰੇ ਤਿਆਰ ਹੋ ਕੇ ਦੀਪੂ ਅਤੇ ਉਸ ਦਾ ਡੈਡੀ ਜਸ਼ਨ ਦੇ ਘਰ ਪਹੁੰਚ ਗਏ। ਜਸ਼ਨ ਦਾ ਪਿਤਾ ਚਰਨ ਘਰੋਂ ਕੰਮ 'ਤੇ ਜਾਣ ਲਈ ਨਿਕਲ ਹੀ ਰਿਹਾ ਸੀ ਕਿ ਅਚਾਨਕ ਦਰਸ਼ਨ ਅਤੇ ਦੀਪੂ ਨੂੰ ਆਉਂਦੇ ਦੇਖ ਕੇ ਰੁਕ ਗਿਆ। ਦਰਸ਼ਨ ਅਤੇ ਚਰਨ ਨੇ ਇੱਕ ਦੂਜੇ ਨੂੰ ਗਲਵੱਕੜੀ ਪਾਈ ਅਤੇ ਘਰ ਅੰਦਰ ਚਲੇ ਗਏ। ਦਰਸ਼ਨ ਨੇ ਚਰਨ ਦਾ ਹੱਥ ਆਪਣੇ ਹੱਥ ਵਿੱਚ ਲੈਂਦਿਆਂ ਕਿਹਾ, "ਚਰਨ, ਤੂੰ ਮੇਰਾ ਬਚਪਨ ਦਾ ਮਿੱਤਰ ਏਂ, ਜਿਵੇਂ ਤੂੰ ਪੜ੍ਹਾਈ ਵਿੱਚ ਹੁਸ਼ਿਆਰ ਸੀ, ਉਵੇਂ ਤੇਰੀ ਧੀ ਜਸ਼ਨ ਵੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਅੱਜ ਫਿਰ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ। ਤੀਹ ਸਾਲ ਪਹਿਲਾਂ ਗ਼ੁਰਬਤ ਕਰਕੇ ਤੈਨੂੰ ਪੜ੍ਹਾਈ ਛੱਡਣੀ ਪਈ ਅਤੇ ਅੱਜ ਤੇਰੀ ਧੀ ਗ਼ਰੀਬੀ ਕਰਕੇ ਪੜ੍ਹਾਈ ਛੱਡ ਰਹੀ ਹੈ ਪਰ ਮੈਂ ਇਹ ਨਹੀਂ ਹੋਣ ਦੇਣਾ।" ਦਰਸ਼ਨ ਸਿੰਘ ਨੇ ਪੰਜ ਪੰਜ ਸੌ ਦੇ ਚਾਰ ਨੋਟ ਕੱਢ ਕੇ ਚਰਨ ਦੇ ਹੱਥ 'ਤੇ ਧਰਦੇ ਹੋਏ ਕਿਹਾ, "ਜਸ਼ਨ ਇਕੱਲੀ ਤੇਰੀ ਧੀ ਨਹੀਂ ਸਗੋਂ ਮੇਰੀ ਵੀ ਧੀ ਹੈ। ਮੈਂ ਕਦੇ ਦੀਪੂ ਅਤੇ ਜਸ਼ਨ ਵਿੱਚ ਕੋਈ ਫ਼ਰਕ ਨਹੀਂ ਸਮਝਿਆ। ਅੱਜ ਤੋਂ ਬਾਅਦ ਤੈਨੂੰ ਕੰਮ ਦੀ ਭਾਲ ਕਰਨ ਦੀ ਲੋੜ ਨਹੀਂ। ਮੈਂ ਫੈਕਟਰੀ ਮਾਲਕ ਨਾਲ ਗੱਲ ਕਰਕੇ ਤੇਰੀ ਮਕੈਨਿਕ ਦੀ ਖਾਲੀ ਪੋਸਟ 'ਤੇ ਭਰਤੀ ਕਰਵਾ ਦਿੱਤੀ ਹੈ।" ਦਰਸ਼ਨ ਦੀਆਂ ਗੱਲਾਂ ਸੁਣ ਕੇ ਚਰਨ ਦੀਆਂ ਅੱਖਾਂ ਭਰ ਆਈਆਂ। ਉਹ ਬੋਲਿਆ, "ਤੇਰਾ ਧੰਨਵਾਦ ਭਰਾਵਾ।" "ਧੰਨਵਾਦ ਕਹਿ ਕੇ ਸ਼ਰਮਿੰਦਾ ਨਾ ਕਰ ਚਰਨ ਸਿਆਂ। ਬੰਦਾ ਹੀ ਬੰਦੇ ਦੀ ਦਾਰੂ ਹੁੰਦਾ ਹੈ। ਲੋੜ ਵੇਲੇ ਦੋਸਤ ਹੀ ਦੋਸਤ ਦੇ ਕੰਮ ਆਉਂਦੈ। ਮੈਂ ਤੇਰੀ ਮਦਦ ਕਰਕੇ ਕੋਈ ਉਪਕਾਰ ਨਹੀਂ ਕੀਤਾ ਸਗੋਂ ਆਪਣੀ ਦੋਸਤੀ ਦਾ ਫ਼ਰਜ਼ ਨਿਭਾਇਆ ਹੈ।"

# ਮੇਰੀ ਕਲਮ

## ਵਿਆਹ 50 ਸਾਲ ਪਹਿਲਾਂ

ਜਗਦੇਵ ਸ਼ਰਮਾ ਬੁਗਰਾ



ਸਾਦ ਮੁਰਾਦੇ ਵਿਆਹ ਹੁੰਦੇ ਸੀ
ਬੱਸ ਲੱਡੂ ਜਲੇਬੀ ਕੜਾਹ ਹੁੰਦੇ ਸੀ
ਕੋਰੇ ਭੁੰਜੇ ਵਿਛਾ ਹੁੰਦੇ ਸੀ
ਜੰਞ ਕੋਰਿਆਂ ਉੱਪਰ ਬਹਾ ਹੁੰਦੇ ਸੀ
ਪ੍ਰੀਹੇ ਹੱਥੋਂ ਹੱਥੀਂ ਵਰਤਾ ਹੁੰਦੇ ਸੀ।
ਦੇਗੇ ਪਤੀਲੇ ਪਲੇ ਹੁੰਦੇ ਸਨ
ਜ਼ਮਾਨੇ ਬੜੇ ਹੀ ਭਲੇ ਹੁੰਦੇ ਸਨ
ਪਿੰਡੋਂ ਮੰਜੇ ਬਿਸਤਰੇ ਖਲ੍ਹੇ ਹੁੰਦੇ ਸਨ
ਨਾ ਵਲ ਵਲੇਵੇਂ ਵਲੇ ਹੁੰਦੇ ਸਨ
ਸਭ ਭਾਈ ਸ਼ਰੀਕੇ ਰਲੇ ਹੁੰਦੇ ਸਨ।
ਨਾਨੇ ਮਾਮੇ ਬੁਲਾ ਲਓ ਭਾਈ
ਨਿਉਂਦਾ ਕੋਕਾ ਪਾ ਲਓ ਭਾਈ
ਠੂੰਗ ਬਹੀ 'ਤੇ ਲਾ ਲਓ ਭਾਈ
ਗੀਤ ਸਿੱਠਣੀਆਂ ਗਾ ਲਓ ਭਾਈ
ਥਾਪੇ ਥੁਪੇ ਲਾ ਲਓ ਭਾਈ।
ਕਰਜ਼ਾ ਬੱਸ ਹੁਣ ਚੁੱਕ ਲੈਂਦੇ ਆਂ
ਪੈਲੇਸ ਵੀ ਕਰ ਬੁੱਕ ਲੈਂਦੇ ਆਂ
ਵਿੱਚ ਮੁੱਠੀਆਂ ਦੇ ਬੁੱਕ ਲੈਂਦੇ ਆਂ
ਮਾਰਕੇ ਬੜ੍ਹਕਾਂ ਬੁੱਕ ਲੈਂਦੇ ਆਂ
ਏਸੇ ਨੂੰ ਤਾਂ ਠੁੱਕ ਕਹਿੰਦੇ ਆਂ।
ਘਰ ਦਾ ਕੂੰਡਾ ਕਰਵਾ ਬੈਠਾ ਵਾਂ
ਥੱਲੇ ਪੰਝੀ ਲੱਖ ਦੇ ਆ ਬੈਠਾ ਵਾਂ
ਦੋ ਕਿੱਲੇ ਭੋਇੰ ਗੁਆ ਬੈਠਾ ਵਾਂ
ਡੁੱਗਾ ਚੌੜ ਕਰਵਾ ਬੈਠਾ ਵਾਂ
ਰਿਸ਼ਤੇਦਾਰ ਰੁਸਵਾ ਬੈਠਾ ਵਾਂ।
ਸਮਾਂ ਹੈ ਸੰਭਲ ਜਾਓ ਪੰਜਾਬੀਓ
ਦੇਖ ਚਾਦਰ ਪੈਰ ਫੈਲਾਓ ਪੰਜਾਬੀਓ
ਡੁੱਲ੍ਹੇ ਬੇਰ ਚੁੱਕ ਝੋਲੀ ਪਾਓ ਪੰਜਾਬੀਓ
ਵਿਆਹ ਭੋਗਾਂ 'ਤੇ ਖ਼ਰਚ ਘਟਾਓ ਪੰਜਾਬੀਓ
ਖ਼ੁਸ਼ ਰਹਿ ਢੋਲੇ ਦੀਆਂ ਲਾਓ ਪੰਜਾਬੀਓ।

## ਬੋਲ ਪੰਜਾਬੀ

ਡਾ: ਸਤਿੰਦਰਜੀਤ ਕੌਰ

ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਲੋਕੋ ਵੇ! ਕਿਉਂ ਛੱਡਦੇ ਜਾਉ ਪੰਜਾਬੀ?
ਤੁਸੀ ਪੰਜਾਬੀ ਤੁਹਾਡੀ ਕੁਲ ਪੰਜਾਬੀ।
ਆਉਣ ਵਾਲੀ ਤਾਰੀਖ਼ ਹੈ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਕੱਖਾਂ ਵਾਂਗ ਨਾ ਰੋਲੋ ਇਸ ਨੂੰ।
ਗੈਰਤ ਮੰਦੋ ਤੁਸੀ ਬੋਲੋ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਦਰ-ਦਰ 'ਤੇ ਕਿਉ ਧੱਕੇ ਪਏ ਖਾਉ।
ਰੂਹ ਦੇਜਦ ਹੈ ਕੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਚੜ੍ਹਦੇ-ਲਹਿੰਦੇ,ਪੂਰਬੋਂ-ਪੱਛਮ।
ਦੁਨੀਆਂ ਚੱਕਰ ਗੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਮਾਂ ਬੋਲੀ ਹੈ ਸਭ ਨਾਲੋਂ ਉੱਤਮ।
ਖੋਲ੍ਹਣ ਲੇਖਕ ਪੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਉੱਚਾ ਇਹਦਾ ਨਾਂ ਅਸੀਂ ਕਰਕੇ।
ਵਜਾਈਏ ਖੁਸ਼ੀ ਦੇ ਢੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਸਭ ਬੋਲੀਆਂ ਹੀ ਵਧੀਆ ਭਾਵੇਂ।
ਬੁੱਟਰ ਹੈ ਅਨਮੋਲ ਪੰਜਾਬੀ
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?

## ਲੈਂਡ ਪੂਲਿੰਗ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਸਲ੍ਹਾ ਦੀ ਤਰ੍ਹਾਂ ਜਨਤਾ ਵਧ ਰਹੀ,
ਹੈ ਇਸ ਧਰਤੀ ਉੱਤੇ,
ਸ਼ਹਿਰ 'ਤੇ ਕਸਬੇ ਉੱਗ ਰਹੇ,
ਜਿਵੇਂ ਘਾਹ ਬਰਸਾਤੀ ਰੁੱਤੇ।
ਆਦਮ ਜ਼ਾਤ ਦੇ ਪਸਾਰੇ ਥੱਲੇ,
ਧਰਤੀ ਸੁੰਗੜੀ ਜਾਂਦੀ,
ਅਕ੍ਰਿਤਘਣਾਂ ਦੀ ਕਰਨੀ ਸਦਕੇ,
ਦਿਨ ਰਾਤ ਹੈ ਪਈ ਕੁਰਲਾਂਦੀ।
ਹਰ ਇੱਕ ਦੂਜੇ ਤੋਂ ਵਧ ਚੜ੍ਹ ਕੇ,
ਬਣ ਰਿਹਾ ਹੈ ਮਾਇਆਧਾਰੀ,
ਚੂਹਾ ਦੌੜ ਦੀ ਹਲਚਲ ਨੇ ਹੈ,
ਹਰ ਇੱਕ ਦੀ ਮੱਤ ਮਾਰੀ।
ਇੱਕ ਦੂਜੇ ਨੂੰ ਲੁੱਟ 'ਤੇ ਕੁੱਟ ਕੇ,
ਸਭ ਆਪਣਾ ਘਰ ਨੇ ਭਰਦੇ,
ਬਹੁਤ ਹੀ ਪੁੱਠੇ ਕਾਰੇ ਕਰਨੋਂ,
ਭੋਰਾ ਵੀ ਨਹੀਂ ਨੇ ਡਰਦੇ।
ਵਿਕਾਸ ਦੇ ਨਾਂ ਤੇ ਵਿਨਾਸ਼ ਹੋ ਰਿਹਾ,
ਜ਼ਾਹਰਾ ਸਭ ਨਜ਼ਰੀਂ ਆਵੇ,
ਫੇਰ ਵੀ ਅਸਲੀ ਮੁੱਦੇ ਉੱਤੇ,
ਕੋਈ ਨਾ ਆਉਣਾ ਚਾਹਵੇ।
ਜਣ ਜਣ ਕੇ ਅਣਗਿਣਤੇ ਬੱਚੇ,
ਵਿੱਚ ਗਲ਼ੀਆਂ ਦੇ ਰੁਲ਼ਦੇ,
ਬਿਨਾ ਰੋਟੀ ਤੋਂ ਤੜਫਦੇ ਕਰੋੜਾਂ,
ਜ਼ਿੰਦਗੀ ਮੌਤ ਨਾਲ਼ ਘੁਲ਼ਦੇ।
ਫੇਰ ਵੀ ਕਿਸੇ ਦਾ ਬਹੁਤਾ ਧਿਆਨ,
ਜਨਤਾ ਵੱਲ ਨਹੀਂ ਜਾਂਦਾ,
ਇਸ ਦੇ ਉੱਤੇ ਕਾਬੂ ਪਾਉਣ ਲਈ,
ਕੋਈ ਗੰਭੀਰ ਨਹੀਂ ਹੋਣਾ ਚਾਹੁੰਦਾ।
ਲੈਂਡ ਪੂਲਿੰਗ ਨੂੰ ਰੋਕਣ ਦੇ ਨਾਲ,
ਮਸਲੇ ਹੱਲ ਨਹੀਂ ਹੋਣੇ,
ਜਿੰਨੀ ਜਨਤਾ ਵਧਦੀ ਜਾਣੀ,
ਉੱਨੇ ਹੀ ਵਧਣਗੇ ਰੋਣੇ।
ਅੱਜ ਦਾ ਮਾਲਕ ਕੱਲ੍ਹ ਮਜ਼ਦੂਰ,
ਤੇ ਪਰਸੋਂ ਹੋਵੇਗਾ ਮੰਗਤਾ,
ਹਕੀਕਤ ਸਦਾ ਸਾਹਮਣੇ ਹੈ ਆਉਣੀ,
ਠੁੱਸ ਹੋ ਜਾਣੀ ਹੰਗਤਾ।
ਅੱਜ ਦੀ ਲੈਂਡ ਪੂਲਿੰਗ ਹੈ ਕੱਲ੍ਹ ਨੂੰ,
ਜ਼ਬਰੀ ਕੁਰਕ ਹੋ ਜਾਣੀ,
ਲੈਂਡ ਪੂਲਿੰਗ ਵਿੱਚ ਬਦਲ ਜਾਵੇਗੀ,
ਚੱਲਦੀ ਇਹ ਕਹਾਣੀ।

## ਇਨਸਾਨੀਅਤ

ਸੰਜੀਵ ਕੁਮਾਰ ਸ਼ਰਮਾ

ਦਹਿਸ਼ਤ ਦਾ ਪਰਛਾਵਾਂ ਪਿਆ ਜਦ
ਇਨਸਾਨੀਅਤ ਸੀ ਅੱਗੇ ਆਈ।
ਧਰਮ ਜਾਤ ਨੂੰ ਪਿੱਛੇ ਛੱਡ ਕੇ,
ਸਭਨਾਂ ਦੀ ਸੀ ਪੀੜ ਵੰਡਾਈ।
ਚੁੱਕ ਮੋਢਿਆਂ 'ਤੇ, ਲੱਦ ਖੱਚਰਾਂ 'ਤੇ,
ਸੇਵਾ ਲਈ ਸੀ ਆਈ ਲੋਕਾਈ।
ਬਿਨਾਂ ਕਿਸੇ ਦੇ ਨਾਮ ਨੂੰ ਪੁੱਛਿਆਂ,
ਜ਼ਖ਼ਮਾਂ 'ਤੇ ਸੀ ਮੱਲ੍ਹਮ ਲਾਈ।
ਡਾਕਟਰਾਂ ਨਰਸਾਂ ਦੇ ਰੂਪ ਵਿੱਚ,
ਕਈਆਂ ਦੀ ਸੀ ਜਾਨ ਬਚਾਈ।
ਮੁਕਾਮੀ ਫ਼ਰਿਸ਼ਤਿਆਂ ਦੇ ਸਦਕਾ ਹੀ,
ਜੀਵਨ ਦੀ ਸੀ ਆਸ ਜਗਾਈ।
ਧਰਮ ਸੀ ਭਾਵੇਂ 'ਦੂਜਾ' ਉਸ ਦਾ,
ਜਾਨ ਦੀ ਬਾਜ਼ੀ ਉਸ ਨੇ ਲਾਈ।
'ਆਦਿਲ' ਨਾਮ ਨੂੰ ਸੱਚਾ ਕਰਕੇ,
ਜਾਨ 'ਸਾਡਿਆਂ' ਲਈ ਗੁਆਈ।
ਇਕਮੁੱਠ ਸਭਨਾਂ ਨੂੰ ਹੈ ਕੀਤਾ,
ਧਰਮਾਂ ਦੀ ਇਹ ਨਹੀਂ ਲੜਾਈ।
ਭੁੱਲ ਜਾਓਗੇ ਜੇਕਰ ਇਸ ਨੂੰ,
ਪਤਨ ਫੇਰ ਹੈ ਸਦਾ ਸਦਾ ਲਈ।

## ਨਾਜ਼ੁਕ ਕਲੀਆਂ

ਸੁਖਦੀਪ ਕੌਰ ਬਿਰਧਨੋ

ਗੁੰਮ- ਸੁੰਨ ਚਿਹਰੇ ਦੱਸਦੇ, ਫ਼ਿਕਰਾਂ ਵਿੱਚ ਪਲੀਆਂ,
ਚੁਗਦੀਆਂ ਕਾਗਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਖਿਲਰੇ-ਉਲਝੇ ਵਾਲ, ਤੇ ਪਾਟੇ ਗਲ ਲੀੜੇ,
ਵਾਰੇ-ਵਾਰੇ ਜਾਵਾਂ ਨੀ, ਤੈਥੋਂ ਤਕਦੀਰੇ।
ਤਪਦੀ ਧਰਤੀ ਸਾੜਦੀ, ਪੈਰਾਂ ਦੀਆਂ ਤਲੀਆਂ,
ਚੁਗਦੀਆਂ ਕਾਗਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਨਾ ਨੈਣਾਂ ਵਿੱਚ ਅੱਥਰੂ, ਨਾ ਬੁੱਲ੍ਹੀਆਂ 'ਤੇ ਹਾਸਾ,
ਵਿੱਚ ਗ਼ਰੀਬੀ ਬਣ ਗਈਆਂ, ਲੋਕਾਂ ਲਈ ਤਮਾਸ਼ਾ।
ਤਨ-ਮਨ ਬੋਲੀ ਚੜ੍ਹ ਰਿਹਾ, ਧਰਮਾਂ ਦੀਆਂ ਗਲੀਆਂ,
ਚੁਗਦੀਆਂ ਕਾਗਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਘੋਰ ਕਿਹੜੇ ਕਰਜ਼ ਨੇ, ਪੱਲੀਆਂ ਵਿੱਚ ਬੰਨ੍ਹੇ,
ਇਹ ਕੇਹਾ ਇਨਸਾਫ਼ ਵੇ, ਜੋ ਰੂਹ ਨਾ ਮੰਨੇ।
ਕੋਮਲ ਜਿੰਦਾਂ ਚੁੱਕ ਦਰਦਾਂ ਦੀ, ਗਠੜੀ ਚੱਲੀਆਂ,
ਚੁਗਦੀਆਂ ਕਾਗਜ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਨਫ਼ਰਤ ਅਗਨੀ ਸੜ ਰਹੀਆਂ, ਇਹ ਠੰਡੀਆਂ ਛਾਵਾਂ,
ਕੁੱਖਾਂ ਵਿੱਚ ਕਿਉਂ ਮਰਦੀਆਂ, ਇਹ ਕੱਲ੍ਹ ਦੀਆਂ ਮਾਵਾਂ।
ਸੁੱਖ ਰੂਹਾਂ ਮੁਰਝਾ ਗਈਆਂ, ਜਿਵੇਂ ਸ਼ਾਮਾਂ ਢਲੀਆਂ,
ਚੁਗਦੀਆਂ ਕਾਗਜ ਫਿਰਦੀਆਂ, ਦੋ ਨਾਜ਼ੁਕ ਕਲੀਆਂ।

## ਦੋਸਤ

ਹਰਦੀਪ ਅਹਿਮਦਪੁਰ



ਇੱਕ ਅਜਿਹਾ ਸ਼ਬਦ ਹੈ
ਜਿਸਦੀ ਕੋਈ ਜ਼ਾਤ ਨਸਲ ਭੇਦ ਰੰਗ ਨਹੀਂ ਹੁੰਦਾ
ਇਕੱਲੇ ਤੁਰਦਿਆਂ ਸਾਡਾ ਰਾਹ ਦੋਸਤ
ਗੱਲਾਂ ਕਰਦਿਆਂ ਹੁੰਗਾਰਾ ਦੋਸਤ
ਕਦੇ ਸਾਡੀ ਹਵਾ ਦੋਸਤ
ਕਦੇ ਸਾਡਾ ਪਾਣੀ ਦੋਸਤ
ਕੋਈ ਵੀ ਵਸਤੂ ਦੋਸਤ
ਕੋਈ ਵੀ ਪ੍ਰਾਣੀ ਦੋਸਤ
ਜਦੋਂ ਕੋਈ ਆਖੇ ਸਾਨੂੰ ਕਿ
ਮੇਰਾ ਇੱਕ ਦੋਸਤ ਹੈ ਤਾਂ ਸਾਨੂੰ ਨਹੀਂ
ਮੰਗਣੇ ਚਾਹੀਦੇ ਸਪਸ਼ਟੀਕਰਨ
ਕੌਣ ਹੈ ਕੁੜੀ ਹੈ ਮੁੰਡਾ ਹੈ
ਗੋਰਾ ਹੈ ਕਾਲਾ
ਸਿੱਖ ਹੈ ਮੁਸਲਮਾਨ ਹੈ ਗੋਰਾ ਹੈ
ਕੌਣ ਹੈ? ਪੁੱਛਦਿਆਂ ਅਸੀਂ
ਦੋਸਤੀ ਨੂੰ ਖੁਰਚਕੇ ਦੇਖਣ ਲੱਗ ਜਾਂਦੇ ਹਾਂ
ਇਹ ਕੋਈ ਖੁਰਚਣ ਜਾਂ ਲਿੱਪੇ ਜਾਣ ਵਾਲਾ
ਕੋਈ ਰੰਗ ਜਾਂ ਰੂਪ ਨਹੀਂ ਹੈ
ਇਹ ਤਾਂ ਸਾਡੇ ਦਿਲ ਨੂੰ ਸਕੂਨ ਦੇਣ ਵਾਲਾ
ਸਾਂਝ ਵਾਲਾ ਰੂਹ ਵਾਲਾ ਕੋਈ ਰੁਕਿਆ ਪਲ ਹੁੰਦਾ ਹੈ
ਦੋਸਤ ਹੋਣੇ ਸਾਡਾ ਜਿਉਂਦੇ ਹੋਣ ਦਾ ਸਬੂਤ ਹੈ
ਸਾਡੇ ਕਿੰਨੇ ਹਨ ਕੌਣ ਹਨ ਕਿਹੋ ਜਿਹੇ ਹਨ
ਇਹ ਗੱਲਾਂ ਬੇਮਾਅਨੇ ਹਨ
ਸਾਰੇ ਰਿਸ਼ਤਿਆਂ ਤੋਂ ਸੋਹਣਾ ਰਿਸ਼ਤਾ ਹੈ ਦੋਸਤੀ
ਕਿਣਕਾ ਵੀ ਬ੍ਰਹਿਮੰਡ ਦਾ ਦੋਸਤ ਬਣ ਸਕਦਾ ਹੈ
ਸ਼ੇਰ ਬੱਕਰੀ ਦਾ
ਹਾਥੀ ਕੀੜੀ ਦਾ
ਸੂਰਜ ਧਰਤੀ ਦਾ
ਸਰੀਰ ਰੂਹ ਦਾ
ਛਾਂ ਰੁੱਖ ਦਾ
ਟਾਹਣੀ ਪੰਛੀ ਦੀ ਦੋਸਤ ਹੋ ਸਕਦੀ ਹੈ
ਦੋਸਤੀ ਕਣ ਕਣ ਵਿੱਚ ਹੈ
ਕਣ ਕਣ ਸਾਡਾ ਦੋਸਤ ਹੋ ਸਕਦਾ ਹੈ
ਅਸੀਂ ਕਣ ਬਣਨ ਦਾ ਹੁਨਰ ਸਿੱਖਣਾ ਹੈ ਬੱਸ!

## ਉੱਚੇ ਟਿੱਲੇ ਬੈਠਾ ਖੇੜੇਂ ਦੇਖ ਸਕੇਂ ਨਾ ਥੱਲੇ

ਉਮਰ ਗ਼ਨੀ

ਉੱਚੇ ਟਿੱਲੇ ਬੈਠਾ ਖੇੜੇਂ ਦੇਖ ਸਕੇਂ ਨਾ ਥੱਲੇ ।
ਦੁੱਖਾਂ ਮਾਰੇ ਪਾਗਲ ਲੋਕੀ ਸ਼ਹਿਰ ਤਿਰਾ ਛੱਡ ਚੱਲੇ ।

ਦਿਲ ਜਿਹੀ ਮਹਿੰਗੀ ਚੀਜ਼ ਦੀ ਦੇਖੋ ਕੀਮਤ ਕੀ ਹੈ ਪਾਈ,
ਇਕ ਰੁਮਾਲ, ਇਕ ਫੋਟੋ ਜਾਂ ਫਿਰ ਦੋ ਤਿੰਨ ਹੱਥ ਦੇ ਛੱਲੇ ।

ਸਾਡੇ ਜਿਹੇ ਸਿਧ ਪੱਧਰੇ ਲੋਕੀ ਮਿਲਣ ਕਿਤੇ ਤਾਂ ਦੱਸੀਂ,
ਗ਼ੈਰਾਂ ਦੇ ਦੁੱਖ ਸੀਨੇ ਲਾਵਣ, ਕੌਣ ਅਜੇਹੇ ਝੱਲੇ ।

ਬਿਰਹੋਂ ਵਾਲਾ ਔਖਾ ਪੈਂਡਾ ਕੱਟਣਾ ਬਹੁਤ ਹੀ ਮੁਸ਼ਕਿਲ,
ਸ਼ੁਕੇ ਰਾਤ ਹਨੇਰੀ ਉੱਤੋਂ ਡੈਣਾਂ ਨੇ ਮੂੰਹ ਮੱਲੇ ।

ਪੱਥਰ ਹੋਈਆਂ ਤੱਕ ਤੱਕ ਰਾਹਵਾਂ, ਅੱਖਾਂ ਹੰਝੂ ਭਰੀਆਂ,
ਰੁੱਸੇ ਯਾਰ ਨਾ ਫੇਰਾ ਪਾਇਆ, ਲੱਖ ਸੁਨੇਹੇ ਘੱਲੇ ।

ਬੰਦੇ ਦਾ ਅੱਜ ਬੰਦਾ ਵੈਰੀ, ਬਰਬਰ ਵੇਲੇ ਰੱਤੇ,
ਲੋਥਾਂ, ਲਹੂਆਂ, ਭਰੀਆਂ ਨਦੀਆਂ, ਥੱਲੇ, ਥੱਲੇ, ਥੱਲੇ ।

## ਮੈ ਝੱਲੀ ਦੀਆਂ ਛੱਡ ਦੇ ਫ਼ਿਕਰਾਂ

ਸਰਬਜੀਤ ਕੌਰ ਹਾਜੀਪੁਰ

ਮੈ ਝੱਲੀ ਦੀਆਂ ਛੱਡ ਦੇ ਫ਼ਿਕਰਾਂ
ਕੀ ਦੇਣਾ ਅੱਕ ਦੀ ਰਾਖੀ ਨੇ
ਕਿਉਂ ਹਵਾ ਨੂੰ ਪੁੱਛ ਰਿਹਾ ਏ
ਕਿੰਨੇ ਸਾਹ ਅਜੇ ਬਾਕੀ ਨੇ?
ਸਾਡੇ ਲੇਖਾਂ ਲਈ ਤਾਂ ਅੱਜਕਲ੍ਹ
ਬੀਆਬਾਨ ਬਹਾਰਾਂ ਨੇ
ਹਵਾ ਹਨੇਰੀ ਪਤਝੜ ਰੁੱਤਾਂ
ਮੈ ਤੱਤੜੀ ਦੇ ਸਾਥੀ ਨੇ
ਚਾਨਣ ਮੇਰਾ ਮੁੱਢੋਂ ਵੈਰੀ
ਰੋਸ਼ਨੀਆਂ ਤੋਂ ਨਫ਼ਰਤ ਏ
ਚੰਨ ਤਾਰੇ ਤੇ ਕਾਲੀਆਂ ਰਾਤਾਂ
ਕਰਦੇ ਮੇਰੀ ਰਾਖੀ ਨੇ
ਤੇਰੇ ਕੀ ਦੱਸ ਪੱਲੇ ਪਾਉਣਾ
ਇਹ ਤਾਂ ਮੇਰੀਆਂ ਸੂਹਾਂ ਲੈਣ ਲਈ
ਜੋ ਚੌਕੀ ਭਰਦੇ ਗੈਰਾਂ ਦੀ
ਕਮਲਾ ਕਰ ਕੇ ਰੱਖ ਦੇਣਾ ਹੈ
ਮੇਰੀ ਇਕ ਝਾਤੀ ਨੇ
ਆਓ ਸਖੀਓ.. ਮੱਲੋ ਨੀ ਵਟਣਾ
ਚਮਕਾ ਮੈ ਵੀ ਚੰਨ ਵਾਂਗੂ
ਮੈ ਲਾੜੀ ਨੇ ਮੌਤ ਵਿਆਹੁਣੀ
ਸਭ ਹਾਜੀਪੁਰੀਏ ਬਰਾਤੀ ਨੇ!!

# ਖੇਡਾਂ ਵਿੱਚ ਬਣਾਇਆ ਜਾ ਸਕਦੈ ਸ਼ਾਨਦਾਰ ਕੈਰੀਅਰ

## ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਉੱਜਵਲ ਭਵਿੱਖ ਸਿਰਜਣ ਦਾ ਜ਼ਰੀਆ ਹਨ ਖੇਡਾਂ

ਹਾਕੀ ਦੇ ਨਾਲ-ਨਾਲ ਭਾਰਤ ਵਿੱਚ ਕ੍ਰਿਕਟ, ਟੇਬਲ ਟੈਨਿਸ, ਕਬੱਡੀ, ਖੋ-ਖੋ ਆਦਿ ਹੋਰ ਖੇਡਾਂ ਖੇਡੀਆਂ ਜਾਂਦੀਆਂ ਹਨ। ਭਾਰਤ ਵਿੱਚ ਪ੍ਰਾਚੀਨ ਕਾਲ ਤੋਂ ਖੇਡਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਗੁਰੂਦੇਵ ਆਪਣੇ ਚੇਲਿਆਂ ਨੂੰ ਘੋੜ ਸਵਾਰੀ, ਤੀਰ-ਅੰਦਾਜ਼ੀ ਆਦਿ ਦੀ ਸਿੱਖਿਆ ਦਿੰਦੇ ਸਨ। ਖੇਡਾਂ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਵਿਕਾਸ ਵੀ ਕਰਦੀਆਂ ਹਨ। ਖੇਡਾਂ ਬੱਚਿਆਂ ਦੇ ਸਰੀਰ ਨੂੰ ਤਾਕਤ ਦਿੰਦੀਆਂ ਹਨ ਅਤੇ ਸਰੀਰ ਨੂੰ ਮਜ਼ਬੂਤ ਬਣਾਉਂਦੀਆਂ ਹਨ। ਸਰੀਰ ਫਿੱਟ ਹੋ ਜਾਂਦਾ ਹੈ। ਪਹਿਲਾਂ ਇਹ ਸਿਰਫ਼ ਮਨੋਰੰਜਨ ਦਾ ਸਾਧਨ ਹੁੰਦੇ ਸਨ। ਪਰ ਹੁਣ ਸਮਾਂ ਬਦਲ ਗਿਆ ਹੈ। ਹੁਣ ਅਸੀਂ ਖੇਡਾਂ ਦੇ ਖੇਤਰ ਵਿੱਚ ਆਪਣਾ ਭਵਿੱਖ ਬਣਾ ਸਕਦੇ ਹਾਂ। ਅਸੀਂ ਕਿਸੇ ਖੇਡ ਵਿੱਚ ਚੰਗੇ ਖਿਡਾਰੀ ਬਣ ਕੇ ਪੈਸਾ ਅਤੇ ਪ੍ਰਸਿੱਧੀ ਪ੍ਰਾਪਤ ਕਰ ਸਕਦੇ ਹਾਂ। ਤੁਸੀਂ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਦੇਸ਼ ਦੀ ਨੁਮਾਇੰਦਗੀ ਕਰ ਸਕਦੇ ਹੋ। ਹੁਣ ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਹੀਆਂ।



ਆਜ਼ਾਦੀ ਤੋਂ ਬਾਅਦ ਭਾਰਤ ਨੇ ਹਰ ਖੇਤਰ ਵਿੱਚ ਵਿਕਾਸ ਕੀਤਾ ਹੈ। ਹਰ ਖੇਤਰ ਵਿੱਚ ਤਰੱਕੀ ਹੋਈ ਹੈ। ਇਨ੍ਹਾਂ ਵਿੱਚੋਂ ਇੱਕ ਹੈ ਖੇਡ ਜਗਤ। ਖੇਡਾਂ ਦੇ ਖੇਤਰ ਵਿੱਚ ਸੁਧਾਰ ਆਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ। ਪਰ ਅੱਜ ਵੀ ਇਨ੍ਹਾਂ ਖੇਤਰਾਂ ਵਿੱਚ ਹੋਰ ਸੁਧਾਰ ਦੀ ਲੋੜ ਹੈ। ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਵਿੱਚ ਖੇਡ ਜਗਤ ਦੀ ਹਾਲਤ ਚਿੰਤਾਜਨਕ ਰਹੀ ਹੈ। ਦਿਨ-ਬ-ਦਿਨ ਸਥਿਤੀ ਸੁਧਰ ਰਹੀ ਹੈ। ਵੱਖ-ਵੱਖ ਖੇਡਾਂ ਦੀਆਂ ਫੈਡਰੇਸ਼ਨਾਂ ਅਤੇ ਸੰਸਥਾਵਾਂ ਭਾਰਤ ਦੇ ਖੇਡ ਮੰਤਰਾਲੇ ਦੁਆਰਾ ਬਣਾਈਆਂ ਜਾਂਦੀਆਂ ਹਨ। ਭਾਰਤ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਭਾਰਤ ਦੇ ਖੇਡ ਮੰਤਰਾਲੇ ਦੁਆਰਾ ਨਿਯੰਤਰਿਤ ਕੀਤੀਆਂ ਜਾਂਦੀਆਂ ਹਨ। ਪਹਿਲਾਂ ਰਾਜਨੀਤੀ ਕਾਰਨ ਸਿਰਫ਼ ਕ੍ਰਿਕਟ 'ਤੇ ਹੀ ਧਿਆਨ ਦਿੱਤਾ ਜਾਂਦਾ ਸੀ ਕਿਉਂਕਿ ਕ੍ਰਿਕਟ ਦੀ ਲੋਕ-ਪ੍ਰਿਯਤਾ ਜ਼ਿਆਦਾ ਹੈ ਪਰ ਹੁਣ ਇਹ ਸਥਿਤੀ ਬਦਲ ਰਹੀ ਹੈ। ਕ੍ਰਿਕਟ ਵਾਂਗ ਹਾਕੀ ਖਿਡਾਰੀਆਂ ਨੂੰ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ। ਹਾਲਤ ਹੁਣ ਪਹਿਲਾਂ ਵਰਗੀ ਨਹੀਂ ਰਹੀ।

ਭਾਰਤੀ ਖਿਡਾਰੀਆਂ ਨੇ ਖੇਡ ਜਗਤ ਵਿੱਚ ਅਹਿਮ ਕੰਮ ਕੀਤਾ ਹੈ। ਭਾਰਤੀ ਹਾਕੀ ਟੀਮ ਹੁਣ ਤੱਕ 8 ਵਾਰ ਉਲੰਪਿਕ ਜੇਤੂ ਰਹੀ ਹੈ। ਭਾਰਤੀ ਕ੍ਰਿਕਟ ਟੀਮ ਦੋ ਵਾਰ ਵਿਸ਼ਵ ਕੱਪ ਦੀ ਜੇਤੂ ਰਹੀ ਹੈ। ਸਚਿਨ ਤੇਂਦੁਲਕਰ ਵਰਗੇ ਮਹਾਨ ਕ੍ਰਿਕਟਰਾਂ ਨੇ ਦੁਨੀਆ 'ਚ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਭਾਰਤੀ ਖਿਡਾਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਰਤ ਦਾ ਨਾਮ ਪੂਰੀ ਦੁਨੀਆ ਵਿੱਚ ਮਸ਼ਹੂਰ ਕਰਦੇ ਹਨ।

ਖੇਡਾਂ ਦੇ ਖੇਤਰ ਵਿੱਚ ਔਰਤਾਂ ਨੇ ਬੇਮਿਸਾਲ ਯੋਗਦਾਨ ਪਾਇਆ ਹੈ। ਕਰਨਮ ਮੱਲੇਸ਼ਵਰੀ ਉਲੰਪਿਕ ਵਿੱਚ ਭਾਰਤ ਲਈ ਤਮਗਾ ਜਿੱਤਣ ਵਾਲੀ ਪਹਿਲੀ ਮਹਿਲਾ ਸੀ। ਪੀਟੀ ਊਸ਼ਾ, ਜਿਸ ਨੂੰ ਉਡਨ ਪਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ 1982 ਦੀਆਂ ਏਸ਼ੀਆਈ ਖੇਡਾਂ ਵਿੱਚ ਭਾਰਤ ਲਈ 100 ਮੀਟਰ, 200 ਮੀਟਰ ਵਿੱਚ ਸੋਨ ਤਗਮਾ ਜਿੱਤਿਆ ਸੀ। ਮਨੀਪੁਰ ਦੀ ਰਹਿਣ ਵਾਲੀ ਮਹਿਲਾ ਮੁੱਕੇਬਾਜ਼ ਮੈਰੀਕਾਮ ਬਾਰੇ ਹਰ ਕੋਈ ਜਾਣਦਾ ਹੈ। ਹੁਣ ਤੱਕ 8 ਵਾਰ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ। ਉਹ ਏਸ਼ਿਆਈ ਅਤੇ ਉਲੰਪਿਕ ਖੇਡਾਂ ਵਿੱਚ ਭਾਰਤ ਲਈ ਕਈ ਤਗਮੇ ਲੈ ਕੇ ਆਈ ਹੈ।

ਭਾਰਤੀ ਖੇਡ ਮੰਤਰਾਲੇ ਨੇ ਖੇਡ ਖੇਤਰ ਵਿੱਚ ਕਈ ਸੁਧਾਰ ਕੀਤੇ ਹਨ। ਖਿਡਾਰੀਆਂ ਤੇ ਖੇਡਾਂ ਲਈ ਲੋੜੀਂਦੇ ਸਾਧਨ ਅਤੇ ਲੋੜੀਂਦੀਆਂ ਚੀਜ਼ਾਂ ਉਪਲਬਧ ਕਰਵਾਈਆਂ ਗਈਆਂ ਹਨ। ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਅਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਸੂਬਾ ਸਰਕਾਰ ਵੱਲੋਂ ਕਈ ਐਵਾਰਡ ਦਿੱਤੇ ਗਏ ਹਨ। ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹਨ ਸਗੋਂ ਉੱਜਵਲ ਭਵਿੱਖ ਸਿਰਜਣ ਦਾ ਜ਼ਰੀਆ ਹਨ।

ਸਾਨੂੰ ਅੱਜ ਦੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਸਮਝਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਖੇਡਾਂ ਖੇਡਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਖੇਡਾਂ ਖੇਡਣ ਦੇ ਫਾਇਦੇ ਦੱਸੇ ਜਾਣ। ਜੇਕਰ ਬੱਚਾ ਬਚਪਨ ਤੋਂ ਹੀ ਖੇਡਾਂ ਖੇਡਦਾ ਹੈ ਤਾਂ ਉਹ ਹਮੇਸ਼ਾ ਤੰਦਰੁਸਤ ਅਤੇ ਫਿੱਟ ਰਹਿੰਦਾ ਹੈ।

# ਆਲਮੀ ਖੇਡ ਜਗਤ 'ਚ ਵਧੀ ਭਾਰਤੀ ਖਿਡਾਰਨਾਂ ਦੀ ਹਿੱਸੇਦਾਰੀ

## ਭਾਰਤੀ ਖਿਡਾਰਨਾਂ ਨੇ ਵਿਸ਼ਵ 'ਚ ਭਾਰਤ ਦਾ ਨਾਂਅ ਚਮਕਾਇਆ

## ਮਹਿਲਾ ਖੇਡਾਂ ਪ੍ਰਤੀ ਬਦਲ ਰਹੀ ਹੈ ਆਮ ਲੋਕਾਂ ਦੀ ਸੋਚ

ਸਮਾਜ ਵਿੱਚ ਔਰਤਾਂ ਲਈ ਖੇਡਾਂ ਬਾਰੇ ਕੁਝ ਅਜਿਹੇ ਨਿਯਮ ਹਨ ਜੋ ਉਨ੍ਹਾਂ ਦੇ ਕਦਮਾਂ ਨੂੰ ਬੰਨ੍ਹਣ ਦੀ ਪੂਰੀ ਕੋਸ਼ਿਸ਼ ਕਰਦੇ ਹਨ ਪਰ ਇਨ੍ਹਾਂ ਔਰਤਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਸਮਾਜ ਦੇ ਸਾਹਮਣੇ ਆਪਣੇ ਆਪ ਨੂੰ ਸਾਬਤ ਕੀਤਾ ਹੈ ਅਤੇ ਸਮਾਜ ਦੇ ਉਸ ਵਰਗ ਦੇ ਲੋਕਾਂ ਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਹੈ ਕਿ ਉਨ੍ਹਾਂ ਦੀ ਸਮਝ ਕਿਸ ਹੱਦ ਤੱਕ ਇੱਕ ਸੁਚੱਜੇ ਅਤੇ ਪੜ੍ਹੇ-ਲਿਖੇ ਸਮਾਜ ਨੂੰ ਪਰਿਭਾਸ਼ਤ ਕਰਦੀ ਹੈ। ਹਰ ਮੁਸ਼ਕਿਲ ਨਾਲ ਲੜਦੇ ਹੋਏ ਮੈਰੀਕਾਮ, ਹਿਮਾ ਦਾਸ ਅਤੇ ਮੀਰਾ ਬਾਈ ਚਾਨੂ ਵਰਗੀਆਂ ਕਈ ਔਰਤਾਂ ਨੇ ਔਰਤਾਂ ਨੂੰ ਆਪਣੀ ਪਸੰਦ ਦੀਆਂ ਖੇਡਾਂ ਚੁਣਨ ਅਤੇ ਉਨ੍ਹਾਂ ਵਿਚ ਹਿੱਸਾ ਲੈਣ ਲਈ ਮਜਬੂਰ ਕੀਤਾ ਹੈ। ਭਾਰਤੀ ਮਹਿਲਾ ਪ੍ਰਤੀਨਿਧ ਟੀਮਾਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ।



ਖੇਡ ਜਗਤ ਵਿੱਚ ਭਾਰਤੀ ਔਰਤਾਂ ਦੀ ਭਾਗੀਦਾਰੀ ਵੱਧ ਰਹੀ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ ਜੋ ਉਹਨਾਂ ਨੂੰ ਸਮਾਜ ਦੇ ਅਲੱਗ-ਥਲੱਗ ਹੋਣ ਤੋਂ ਮੁਕਤ ਕਰਨ ਵਿੱਚ ਮਦਦ ਕਰਦਾ ਹੈ। ਸਰਕਾਰੀ ਨੀਤੀਆਂ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਮਦਦ ਕਰਦੀਆਂ ਹਨ। ਹੁਣ ਭਾਰਤ ਵਿੱਚ ਔਰਤਾਂ ਲਈ ਢਾਂਚਾਗਤ ਖੇਡ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ ਹਨ ਜੋ ਔਰਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਖੇਡਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦੇ ਹਨ। ਭਾਰਤ ਵਿੱਚ ਖੇਡਾਂ ਦੇ ਸਾਧਨਾਂ ਦੀ ਵੰਡ ਔਰਤਾਂ ਲਈ ਵੀ ਵਧੀ ਹੈ, ਜਿਸ ਨਾਲ ਉਨ੍ਹਾਂ ਨੂੰ ਢੁਕਵੇਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।

ਜੇਕਰ ਅਸੀਂ ਇਤਿਹਾਸ 'ਤੇ ਝਾਤ ਮਾਰੀਏ ਅਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੁਝ ਸਮਾਂ ਪਹਿਲਾਂ ਖੇਡਾਂ ਨੂੰ ਇੰਨਾ ਜ਼ਰੂਰੀ ਨਹੀਂ ਸਮਝਿਆ ਜਾਂਦਾ ਸੀ। ਭਾਰਤ ਤੋਂ ਬਾਹਰ ਵੀ ਸਾਨੂੰ ਕਈ ਅਜਿਹੇ ਦੇਸ਼ ਦੇਖਣ ਨੂੰ ਮਿਲਦੇ ਹਨ ਜਿੱਥੇ ਖੇਡਾਂ ਨੂੰ ਹੋਰ ਚੀਜ਼ਾਂ ਦੇ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ, ਜਿਵੇਂ ਕਿ ਪੜ੍ਹਾਈ, ਅਸੀਂ ਇਸ ਦਾ ਨਤੀਜਾ ਉਨ੍ਹਾਂ ਦੇਸ਼ਾਂ ਨੂੰ ਮਿਲਣ ਵਾਲੇ ਕਈ ਮੈਡਲਾਂ ਦੇ ਰੂਪ ਵਿੱਚ ਦੇਖ ਸਕਦੇ ਹਾਂ। ਜੇਕਰ ਅਸੀਂ ਇਸ ਨੂੰ ਭਾਰਤੀ ਸੰਦਰਭ ਵਿੱਚ ਵੇਖੀਏ, ਤਾਂ ਸਾਨੂੰ ਵੱਖੋ-ਵੱਖਰੇ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਖੇਡ ਜਗਤ ਵਿੱਚ ਪੁਰਸ਼ਾਂ ਦੀ ਭਾਗੀਦਾਰੀ ਕੁਝ ਹੱਦ ਤੱਕ ਤਸੱਲੀਬਖਸ਼ ਸੀ, ਪਰ ਜੇਕਰ ਔਰਤਾਂ ਦੀ ਭਾਗੀਦਾਰੀ ਨੂੰ ਪਰਖਿਆ ਜਾਵੇ ਤਾਂ ਉਨ੍ਹਾਂ ਦੀ ਭਾਗੀਦਾਰੀ ਵੀ ਤਸੱਲੀਬਖਸ਼ ਨਹੀਂ ਰਹੀ, ਜਿਸ ਦੇ ਸਿੱਟੇ ਵਜੋਂ ਵਿਸ਼ਵ ਖੇਡਾਂ ਦੇ ਸਕੋਰ ਟੇਬਲ ਵਿੱਚ ਭਾਰਤ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ ਪਰ ਬਦਲਦੇ ਸਮੇਂ ਦੇ ਨਾਲ, ਔਰਤਾਂ ਦੀ ਵੱਧ ਰਹੀ ਭਾਗੀਦਾਰੀ ਨੇ ਵੀ ਭਾਰਤ ਨੂੰ ਖੇਡਾਂ ਦੇ ਖੇਤਰ ਵਿੱਚ ਬਹੁਤ ਸਾਰੇ ਤਗਮਿਆਂ ਨਾਲ ਪੂਰੀ ਦੁਨੀਆ ਵਿੱਚ ਇੱਕ ਨਵੀਂ ਪਛਾਣ ਦਿੱਤੀ ਹੈ। ਅਜੋਕੇ ਸਮੇਂ ਵਿੱਚ, ਭਾਰਤੀ ਖਿਡਾਰਨਾਂ ਹੁਣ ਖੇਡ ਦੇ ਵੱਖ-ਵੱਖ ਫਾਰਮੈਟਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਬਾਕਸਿੰਗ ਹੋਵੇ ਜਾਂ ਵੇਟ ਲਿਫਟਿੰਗ ਜਾਂ ਟੈਨਿਸ ਤੋਂ ਲੈ ਕੇ ਬੈਡਮਿੰਟਨ ਦੀ ਗੱਲ ਕਰੀਏ ਤਾਂ ਖਿਡਾਰਨਾਂ ਹਰ ਖੇਤਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਭਾਰਤੀ ਖੇਡ ਜਗਤ ਵਿੱਚ ਕਈ ਅਜਿਹੇ ਨਾਮ ਹਨ ਜਿਨ੍ਹਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਸ਼ਵ ਵਿੱਚ ਇਤਿਹਾਸ ਰਚਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਪ੍ਰਾਪਤੀ ਪਿੱਛੇ ਖੇਡਾਂ ਪ੍ਰਤੀ ਔਰਤਾਂ ਦਾ ਉੱਭਰਦਾ ਨਜ਼ਰੀਆ ਅਤੇ ਔਰਤਾਂ ਪ੍ਰਤੀ ਲੋਕਾਂ ਦਾ ਵੱਧ ਰਿਹਾ ਵਿਸ਼ਵਾਸ ਹੈ। ਪੀ.ਟੀ.ਊਸ਼ਾ, ਮੈਰੀਕਾਮ, ਪੀ.ਵੀ. ਸਿੰਧੂ, ਮੀਰਾ ਬਾਈ ਚਾਨੂ, ਹਿਮਾ ਦਾਸ ਜਾਂ ਸਾਨੀਆ ਮਿਰਜ਼ਾ ਦੀ ਮਿਸਾਲ ਲੈ ਲਈਏ, ਇਨ੍ਹਾਂ ਔਰਤਾਂ ਨੇ ਖੇਡਾਂ ਨੂੰ ਆਪਣੇ ਭਵਿੱਖ ਵਜੋਂ ਚੁਣ ਕੇ ਭਾਰਤ ਨੂੰ ਖੇਡ ਜਗਤ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਿੱਤੀਆਂ ਹਨ। ਇਨ੍ਹਾਂ ਔਰਤਾਂ ਦੇ ਸੰਘਰਸ਼ ਅਤੇ ਸਫ਼ਰ ਦੀ ਕਹਾਣੀ ਹੋਰ ਔਰਤਾਂ ਲਈ ਪ੍ਰੇਰਨਾ ਸਰੋਤ ਬਣ ਰਹੀ ਹੈ।

ਮੈਰੀਕਾਮ ਦੀ ਕਹਾਣੀ ਤੋਂ ਲੋਕਾਂ ਨੂੰ ਪ੍ਰੇਰਨਾ ਮਿਲਦੀ ਹੈ, ਜਿਸ ਨੇ ਮੁੱਕੇਬਾਜ਼ੀ 'ਚ ਦੁਨੀਆਂ 'ਚ ਆਪਣੀ ਕਾਬਲੀਅਤ ਨੂੰ ਸਾਬਤ ਕੀਤਾ ਹੈ। ਮਨੀਪੁਰ ਦੀ ਰਹਿਣ ਵਾਲੀ ਮਾਂਗਤੇ ਚਗਨੇਜਾਂਗ ਮੈਰੀਕਾਮ ਅੱਠ ਵਾਰ ਵਿਸ਼ਵ ਮੁੱਕੇਬਾਜ਼ੀ ਦਾ ਖਿਤਾਬ ਜਿੱਤ ਚੁੱਕੀ ਹੈ। ਆਪਣੇ ਮੁੱਕੇਬਾਜ਼ੀ ਦੇ ਰੁਝਾਨ ਬਾਰੇ ਮੈਰੀਕਾਮ ਦਾ ਕਹਿਣਾ ਹੈ ਕਿ 'ਜਦੋਂ ਉਸ ਨੇ ਪਹਿਲੀ ਵਾਰ ਕੁਝ ਕੁੜੀਆਂ ਨੂੰ ਰਿੰਗ 'ਚ ਲੜਕਿਆਂ ਨਾਲ ਲੜਦੇ ਦੇਖਿਆ ਤਾਂ ਉਸ ਨੂੰ ਵੀ ਬਾਕਸਿੰਗ ਕਰਨ ਦੀ ਇੱਛਾ ਜਾਗੀ ਅਤੇ ਇੱਥੋਂ ਹੀ ਉਸ ਦਾ ਕਰੀਅਰ ਸ਼ੁਰੂ ਹੋਇਆ।' ਹਾਲਾਂਕਿ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਵਿਆਹ ਅਤੇ ਦੋ ਬੱਚੇ ਹੋਣ ਕਾਰਨ ਬਾਕਸਿੰਗ ਤੋਂ ਦੂਰ ਰਹਿਣਾ ਪਿਆ ਪਰ ਮੁੱਕੇਬਾਜ਼ੀ ਵਿੱਚ ਆਪਣੇ ਆਪ ਨੂੰ ਮੁੜ ਸਥਾਪਿਤ ਕਰਕੇ ਅਤੇ ਲਗਾਤਾਰ ਵਿਸ਼ਵ ਚੈਂਪੀਅਨ ਦਾ ਖਿਤਾਬ ਜਿੱਤ ਕੇ ਇਤਿਹਾਸ ਰਚਦਿਆਂ ਉਸ ਨੇ ਇਸ ਮਿੱਥ ਨੂੰ ਤੋੜ ਕੇ ਇੱਕ ਮਿਸਾਲ ਕਾਇਮ ਕੀਤੀ ਕਿ ਬੱਚਾ ਹੋਣ ਤੋਂ ਬਾਅਦ ਕਰੀਅਰ ਖ਼ਤਮ ਹੋ ਜਾਂਦਾ ਹੈ। ਹਿਮਾ ਦਾਸ ਖੇਡਾਂ ਵਿੱਚ ਆਪਣੇ ਸੰਘਰਸ਼ ਨਾਲ ਔਰਤਾਂ ਨੂੰ ਨਵਾਂ ਦਰਜਾ ਦਿੰਦੀ ਹੈ ਹਿਮਾ ਦਾਸ, ਢਿੰਗ ਐਕਸਪ੍ਰੈਸ ਦੇ ਨਾਮ ਨਾਲ ਮਸ਼ਹੂਰ, ਦੌੜ ਵਿੱਚ ਆਈਏਏਐਫ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਸੋਨ ਤਗਮਾ ਜਿੱਤਣ ਵਾਲੀ ਸਭ ਤੋਂ ਘੱਟ ਉਮਰ ਦੀ ਭਾਰਤੀ ਮਹਿਲਾ ਅਥਲੀਟ ਬਣ ਗਈ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਆਪਣੇ ਸੰਘਰਸ਼ ਨਾਲ ਕਿਸੇ ਵੀ ਹਾਲਤ ਵਿੱਚ ਨਾ ਰੁਕਣ ਅਤੇ ਨਾ ਹੀ ਪਿੱਛੇ ਹਟਣ ਲਈ ਪ੍ਰੇਰਿਤ ਕੀਤਾ। ਹਿਮਾ ਦਾਸ ਦੀ ਆਰਥਿਕ ਹਾਲਤ ਠੀਕ ਨਾ ਹੋਣ ਦੇ ਬਾਵਜੂਦ ਉਸ ਦੇ ਪਰਿਵਾਰ ਨੇ ਉਸ ਦੀ ਕੋਸ਼ਿਸ਼ ਵਿੱਚ ਪੂਰਾ ਸਹਿਯੋਗ ਦਿੱਤਾ। ਹਾਲਾਂਕਿ ਹਿਮਾ ਦਾਸ ਸ਼ੁਰੂਆਤੀ ਦਿਨਾਂ 'ਚ ਫੁੱਟਬਾਲ ਖੇਡਣਾ ਚਾਹੁੰਦੀ ਸੀ ਪਰ ਆਪਣੇ ਕੋਚ ਦੇ ਕਹਿਣ 'ਤੇ ਉਸ ਨੇ ਦੌੜਨਾ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਅੱਜ ਪੂਰੀ ਦੁਨੀਆ ਦੇਖ ਰਹੀ ਹੈ। ਹਿਮਾ ਦਾਸ, ਜਿਸ ਕੋਲ ਕਦੇ ਚੱਲਣ ਵਾਲੀਆਂ ਜੁੱਤੀਆਂ ਨਹੀਂ ਸਨ, ਅੱਜ ਇੱਕ ਫੁੱਟਵੀਅਰ ਕੰਪਨੀ ਦੀ ਬ੍ਰਾਂਡ ਅੰਬੈਸਡਰ ਹੈ ਅਤੇ ਉਸਨੇ ਆਪਣੀ ਮਿਹਨਤ ਨਾਲ ਇਹ ਉਪਲਬਧੀ ਹਾਸਲ ਕੀਤੀ ਹੈ। ਮੀਰਾ ਬਾਈ ਚਾਨੂ ਨੇ ਦੁਨੀਆ ਦੇ ਵਿਸ਼ਵਾਸਾਂ ਨੂੰ ਚੁਣੌਤੀ ਦਿੱਤੀ ਵੇਟ ਲਿਫਟਿੰਗ ਵਿੱਚ ਨਾਮ ਕਮਾਇਆ। ਮੀਰਾ ਬਾਈ ਚਾਨੂ ਇੱਕ ਅਜਿਹਾ ਨਾਮ ਹੈ ਜੋ ਖੇਡਾਂ ਵਿੱਚ ਭਾਰ ਚੁੱਕਣ ਦੇ ਨਾਲ-ਨਾਲ ਦੇਸ਼ ਦੀਆਂ ਬਹੁਤ ਸਾਰੀਆਂ ਔਰਤਾਂ ਦੀਆਂ ਇੱਛਾਵਾਂ ਦਾ ਭਾਰ ਵੀ ਚੁੱਕ ਰਿਹਾ ਹੈ। 2016 ਰੀਓ ਉਲੰਪਿਕ 'ਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਮੀਰਾ ਬਾਈ ਚਾਨੂ ਨੇ ਟੋਕੀਓ ਉਲੰਪਿਕ 'ਚ ਚਾਂਦੀ ਦਾ ਤਗਮਾ ਜਿੱਤ ਕੇ ਇਤਿਹਾਸ ਦੇ ਪੰਨਿਆਂ 'ਚ ਇੱਕ ਵਾਰ ਫਿਰ ਆਪਣਾ ਨਾਂ ਦਰਜ ਕਰਵਾਇਆ। ਮੀਰਾ ਬਾਈ ਚਾਨੂ ਨੇ ਆਪਣਾ ਕੈਰੀਅਰ ਤੀਰਅੰਦਾਜ਼ੀ ਵਿੱਚ ਸ਼ੁਰੂ ਕੀਤਾ ਪਰ ਕੁਝ ਸਮੇਂ ਬਾਅਦ ਉਸਨੇ ਭਾਰਤੋਲਨ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਦਾ ਫੈਸਲਾ ਕੀਤਾ। ਦੇਸ਼ ਦੀ ਪਹਿਲੀ ਮਹਿਲਾ ਚਾਂਦੀ ਤਗਮਾ ਜੇਤੂ ਕੁੰਜਰਾਣੀ ਨੇ ਮੀਰਾ ਬਾਈ ਚਾਨੂ ਬਾਰੇ ਕਿਹਾ ਕਿ ਮੀਰਾ ਬਾਈ ਕਈ ਸਾਲਾਂ ਤੱਕ ਘਰੋਂ ਦੂਰ ਰਹਿ ਕੇ ਅਤੇ ਸੀਮਤ ਸਾਧਨਾਂ ਨਾਲ ਜੂਝਦਿਆਂ ਔਖੇ ਰਾਹਾਂ ਨੂੰ ਪਾਰ ਕਰਕੇ ਇਸ ਰਸਤੇ ਆਈ ਹੈ।

(ਬਾਕੀ ਸਫ਼ਾ 31 'ਤੇ)

# ਪੰਜਾਬੀ ਸਿਨੇਮਾ ਦੀ ਸ਼ਾਨ ਬਣੇ ਅਨੇਕਾਂ ਬਾਲੀਵੁੱਡ ਸਿਤਾਰੇ

## ਨਿੱਤ ਨਵੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ ਪੰਜਾਬੀ ਸਿਨੇਮਾ

ਸੰਨ 1932 ਵਿੱਚ ਰਿਲੀਜ਼ ਹੋਈ ਫਿਲਮ 'ਹੀਰ ਰਾਂਝਾ' ਦੇ ਨਿਰਮਾਤਾ ਹਕੀਮ ਰਾਮ ਪ੍ਰਸਾਦ ਅਤੇ ਨਿਰਦੇਸ਼ਕ ਏ.ਆਰ. ਕਾਰਦਾਰ ਸਨ। ਇਸ ਤੋਂ ਬਾਅਦ 1935 ਵਿੱਚ ਬਣੀ ਬਹੁਚਰਚਿਤ ਫਿਲਮ 'ਪਿੰਡ ਦੀ ਕੁੜੀ' ਦਾ ਨਿਰਦੇਸ਼ਨ ਕੇ.ਡੀ. ਮਹਿਰਾ ਨੇ ਕੀਤਾ ਸੀ ਤੇ ਇਸ ਫਿਲਮ ਵਿੱਚ ਉੱਘੀ ਗਾਇਕਾ ਨੂਰਜਹਾਂ ਨੇ ਗੀਤ ਵੀ ਗਾਏ ਸਨ ਤੇ ਅਦਾਕਾਰੀ ਦੇ ਜੌਹਰ ਵੀ ਵਿਖਾਏ ਸਨ।

ਸੰਨ 1947 ਵਿੱਚ ਮੁਲਕ ਦੀ ਵੰਡ ਤੋਂ ਬਾਅਦ ਜਿਹੜੀ ਪਹਿਲੀ ਪੰਜਾਬੀ ਫਿਲਮ ਰਿਲੀਜ਼ ਹੋਈ ਸੀ ਉਸ ਦਾ ਨਿਰਦੇਸ਼ਕ ਆਰ. ਕੇ. ਸ਼ੋਰੀ ਸੀ।ਸੰਨ 1948 ਤੋਂ ਲੈ ਕੇ ਸੰਨ 1964 ਤੱਕ ਸੁਪਰਹਿੱਟ ਰਹੀਆਂ ਪੰਜਾਬੀ ਫਿਲਮਾਂ ਵਿੱਚ 'ਲੱਛੀ', 'ਮੁੰਦਰੀ', 'ਛੋਰੇ', 'ਪੋਸਤੀ' ਅਤੇ 'ਭੰਗੜਾ' ਆਦਿ ਦੇ ਨਾਂ ਪ੍ਰਮੁੱਖ ਹਨ।1964 ਵਿੱਚ ਬਣੀ ਫਿਲਮ 'ਸਤਲੁਜ ਦੇ ਕੰਢੇ' ਪੰਜਾਬੀ ਦੀ ਪਹਿਲੀ ਮਲਟੀਸਟਾਰਰ ਫਿਲਮ ਸੀ ਜਿਸ ਵਿੱਚ ਬਲਰਾਜ ਸਾਹਨੀ, ਨਿਸ਼ੀ, ਵਾਸਤੀ, ਮਿਰਜ਼ਾ ਮੁਸ਼ੱਰਫ ਸਣੇ ਕਈ ਵੱਡੇ ਸਿਤਾਰਿਆਂ ਨੇ ਕੰਮ ਕੀਤਾ ਸੀ। ਇਹ ਫਿਲਮ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤੀ ਗਈ ਸੀ। 1969 ਵਿੱਚ ਆਈ ਫਿਲਮ 'ਨਾਨਕ ਨਾਮ ਜਹਾਜ਼ ਹੈ' ਨੇ ਤਾਂ ਸਫ਼ਲਤਾ ਦੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਪ੍ਰਿਥਵੀ ਰਾਜ ਕਪੂਰ, ਵਿੰਮੀ, ਆਈ.ਐੱਸ. ਜੌਹਰ, ਸੋਮ ਦੱਤ, ਨਿਸ਼ੀ ਅਤੇ ਡੇਵਿਡ ਜਿਹੇ ਅਦਾਕਾਰਾਂ ਨਾਲ ਸਜੀ ਇਹ ਫਿਲਮ ਪੰਜਾਬੀ ਸਿਨੇਮਾ ਦੀ ਪਹਿਲੀ 'ਬਲਾਕਬਸਟਰ' ਫਿਲਮ ਹੋਣ ਦਾ ਸ਼ਰਫ਼ ਰੱਖਦੀ ਹੈ।

ਇਸ ਤੋਂ ਬਾਅਦ ਕਈ ਸੁਪਰਹਿੱਟ ਪੰਜਾਬੀ ਫਿਲਮਾਂ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀਆਂ ਤੇ ਫਿਰ 1980 ਦੇ ਨੇੜੇ ਤੇੜੇ 'ਜੱਟ' ਸ਼ਬਦ ਨੂੰ ਕਲਾਵੇ ਵਿੱਚ ਲੈਂਦੀਆਂ ਬੇਸ਼ੁਮਾਰ ਫਿਲਮਾਂ ਬਣੀਆਂ ਜਿਨ੍ਹਾਂ ਵਿੱਚੋਂ ਬਹੁਤੀਆਂ ਤਾਂ ਅਸਫ਼ਲ ਰਹੀਆਂ, ਪਰ ਅਦਾਕਾਰ-ਨਿਰਦੇਸ਼ਕ ਵਰਿੰਦਰ ਕਈ ਸਫ਼ਲ ਫਿਲਮਾਂ ਦੇਣ ਵਿੱਚ ਕਾਮਯਾਬ ਰਿਹਾ। ਉਪਰੰਤ 'ਮੜ੍ਹੀ ਦਾ ਦੀਵਾ', 'ਕਚਹਿਰੀ' ਅਤੇ ਇੱਕਾ ਦੁੱਕਾ ਹੋਰ ਫਿਲਮਾਂ ਤੋਂ ਇਲਾਵਾ ਜ਼ਿਆਦਾਤਰ ਫਿਲਮਾਂ ਫ਼ਲਾਪ ਰਹੀਆਂ ਤੇ ਫਿਰ 1999 ਵਿੱਚ ਆਈ 'ਮਾਹੌਲ ਠੀਕ ਹੈ' ਅਤੇ 2001 ਵਿੱਚ ਆਈ ਫਿਲਮ 'ਜੀ ਆਇਆਂ ਨੂੰ' ਨੇ ਪੰਜਾਬੀ ਸਿਨੇਮਾ ਨੂੰ ਮੁੜ ਕਾਮਯਾਬੀ ਦੇ ਸਫ਼ਰ 'ਤੇ ਪਾ ਦਿੱਤਾ ਜਿੱਥੇ ਹੁਣ ਇਹ ਆਪਣੀ ਭਰ ਜਵਾਨੀ ਹੰਢਾਅ ਰਿਹਾ ਹੈ ਤੇ ਨਿੱਤ ਨਵੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ।

ਤਾਜ਼ਾ ਰਿਲੀਜ਼ 'ਕੈਰੀ ਆਨ ਜੱਟਾ 3' ਦੇ ਸੌ ਕਰੋੜੀ ਕਲੱਬ ਵਿੱਚ ਸ਼ਾਮਿਲ ਹੋ ਜਾਣ ਨਾਲ ਪੰਜਾਬੀ ਸਿਨੇਮਾ ਨੇ ਇੱਕ ਨਵਾਂ ਮਾਅਰਕਾ ਮਾਰਿਆ ਹੈ ਤੇ ਇਸ ਨੂੰ ਇੱਕ ਫ਼ਖ਼ਰਯੋਗ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਸ ਤੋਂ ਵੀ ਵੱਡੀ ਗੱਲ ਇਹ ਵੀ ਹੈ ਕਿ ਅੱਜ ਪੰਜਾਬੀ ਫਿਲਮਾਂ ਦੇ ਅਦਾਕਾਰਾਂ ਦੀ ਬੌਲੀਵੁੱਡ ਤੇ ਹੌਲੀਵੁੱਡ ਵਿੱਚ ਮੰਗ ਵੀ ਹੈ ਤੇ ਵੁੱਕਤ ਵੀ। ਪੰਜਾਬੀ ਫਿਲਮ ਜਗਤ ਦੇ ਨਾਮਵਰ ਸਿਤਾਰੇ ਦਿਲਜੀਤ ਸਿੰਘ, ਨੀਰੂ ਬਾਜਵਾ, ਸੋਨਮ ਬਾਜਵਾ, ਐਮੀ ਵਿਰਕ ਅਤੇ ਗੈਵੀ ਚਾਹਲ ਆਦਿ ਤਾਂ ਬੌਲੀਵੁੱਡ ਵਿੱਚ ਵੀ ਚੋਖਾ ਨਾਮਣਾ ਖੱਟ ਚੁੱਕੇ ਹਨ, ਪਰ ਪੰਜਾਬੀ ਸਿਨੇਮਾ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪੰਜਾਬੀ ਸਿਨੇਮਾ ਵੱਲ ਦਰਸ਼ਕਾਂ ਦੀ ਭੀੜ ਇਕੱਠੀ ਕਰਨ ਲਈ ਬੌਲੀਵੁੱਡ ਸਟਾਰਾਂ





ਨੂੰ ਪੰਜਾਬੀ ਫਿਲਮਾਂ ਵਿੱਚ ਮੁੱਖ ਜਾਂ ਮਹਿਮਾਨ ਭੂਮਿਕਾਵਾਂ ਵਿੱਚ ਲਿਆਂਦਾ ਜਾਂਦਾ ਸੀ। ਹੁਣ ਤੱਕ ਬੌਲੀਵੁੱਡ ਦੇ ਕਿਹੜੇ ਕਿਹੜੇ ਸਿਤਾਰੇ ਪੌਲੀਵੁੱਡ ਨੂੰ ਭਾਗ ਲਗਾ ਚੁੱਕੇ ਹਨ, ਆਓ ਇਸ ਬਾਰੇ ਗੱਲ ਕਰਦੇ ਹਾਂ।

ਬਹੁਤ ਘੱਟ ਦਰਸ਼ਕ ਤੇ ਪਾਠਕ ਜਾਣਦੇ ਹਨ ਕਿ 1981 ਵਿੱਚ ਬਣੀ ਫਿਲਮ 'ਵਲਾਇਤੀ ਬਾਬੂ' ਵਿੱਚ ਬੌਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਅਤੇ ਅਦਾਕਾਰਾ ਰੀਨਾ ਰਾਏ ਨੇ ਮਹੱਤਵਪੂਰਨ ਭੂਮਿਕਾਵਾਂ ਅਦਾ ਕੀਤੀਆਂ ਸਨ। ਇਸੇ ਤਰ੍ਹਾਂ ਬੌਲੀਵੁੱਡ ਦੇ ਹੀਮੈਨ ਅਖਵਾਉਂਦੇ ਧਰਮਿੰਦਰ ਨੇ 'ਗਿੱਧਾ', 'ਕਣਕਾਂ ਦੇ ਓਹਲੇ', 'ਦੋ ਸ਼ੇਰ', 'ਪੁੱਤ ਜੱਟਾਂ ਦੇ', 'ਕੁਰਬਾਨੀ ਜੱਟ ਦੀ', 'ਡਬਲ ਦੀ ਟ੍ਰਬਲ', 'ਸੰਤੋ ਬੰਤੋ', 'ਰਾਂਝਣ ਮੇਰਾ ਯਾਰ', 'ਤੇਰੀ ਮੇਰੀ ਇੱਕ ਜਿੰਦੜੀ' ਆਦਿ ਸਮੇਤ ਕੁਝ ਹੋਰ ਪੰਜਾਬੀ ਫਿਲਮਾਂ ਨੂੰ ਭਾਗ ਲਾਏ ਹਨ। ਬੌਲੀਵੁੱਡ ਦੇ 'ਜੁਬਲੀ ਸਟਾਰ' ਕਹੇ ਜਾਂਦੇ ਰਜਿੰਦਰ ਕੁਮਾਰ ਨੇ ਫਿਲਮ 'ਦੋ ਸ਼ੇਰ' ਵਿੱਚ ਵੱਡੀ ਭੂਮਿਕਾ ਅਦਾ ਕੀਤੀ ਸੀ ਜਦੋਂ ਕਿ ਬੌਲੀਵੁੱਡ ਦੇ ਪਹਿਲੇ ਸੁਪਰ ਸਟਾਰ ਅਖਵਾਉਣ ਵਾਲੇ ਰਾਜੇਸ਼ ਖੰਨਾ ਨੇ 'ਤਿਲ ਤਿਲ ਦਾ ਲੇਖਾ' ਅਤੇ 'ਸਵਾ ਲਾਖ ਸੇ ਏਕ ਲੜਾਊਂ' ਨਾਮਕ ਫਿਲਮਾਂ ਰਾਹੀਂ ਪੌਲੀਵੁੱਡ ਵਿੱਚ ਆਪਣੀ ਹਾਜ਼ਰੀ ਦਰਜ ਕੀਤੀ ਸੀ।

ਸ਼ਤਰੂਘਨ ਸਿਨਹਾ ਨੇ ਫਿਲਮ 'ਪੁੱਤ ਜੱਟਾਂ ਦੇ' ਅਤੇ 'ਮੇਰਾ ਪੰਜਾਬ', ਵਿਨੋਦ ਖੰਨਾ ਨੇ 'ਚੂੜੀਆਂ', ਮਨੋਜ ਕੁਮਾਰ ਨੇ 'ਜੱਟ ਪੰਜਾਬੀ', ਬਲਰਾਜ ਸਾਹਨੀ ਨੇ 'ਸਤਲੁਜ ਦੇ ਕੰਢੇ' ਅਤੇ 'ਨਾਨਕ ਦੁਖੀਆ ਸਭ ਸੰਸਾਰ', ਪ੍ਰਿਥਵੀ ਰਾਜ ਕਪੂਰ ਨੇ 'ਨਾਨਕ ਨਾਮ ਜਹਾਜ਼ ਹੈ', 'ਨਾਨਕ ਦੁਖੀਆ ਸਭ ਸੰਸਾਰ' ਅਤੇ 'ਮੇਲੇ ਮਿੱਤਰਾਂ ਦੇ', ਸੰਜੀਵ ਕੁਮਾਰ ਨੇ 'ਉਡੀਕਾਂ', ਆਈ. ਐੱਸ. ਜੌਹਰ ਨੇ 'ਛੜਿਆਂ ਦੀ ਡੋਲੀ', 'ਨਾਨਕ ਨਾਮ ਜਹਾਜ਼ ਹੈ' ਅਤੇ 'ਯਮਲਾ ਜੱਟ' ਅਤੇ ਅਦਾਕਾਰ ਨਵੀਨ ਨਿਸ਼ਚਲ ਨੇ 'ਤੇਰੇ ਰੰਗ ਨਿਆਰੇ', 'ਮਿੱਤਰ ਪਿਆਰੇ ਨੂੰ', 'ਮਾਹੌਲ ਠੀਕ ਹੈ' ਅਤੇ 'ਸਵਾ ਲਾਖ ਸੇ ਏਕ ਲੜਾਊਂ' ਨਾਮਕ ਪੰਜਾਬੀ ਫਿਲਮਾਂ ਵਿੱਚ ਆਪਣੀ ਅਭਿਨੈ ਪ੍ਰਤਿਭਾ ਦਾ ਮੁਜ਼ਾਹਰਾ ਕੀਤਾ ਸੀ। ਅਦਾਕਾਰ ਭਾਰਤ ਭੂਸ਼ਨ, ਫ਼ਿਰੋਜ਼ ਖ਼ਾਨ, ਯੋਗਿਤਾ ਬਾਲੀ, ਅਭੀ ਭੱਟਾਚਾਰੀਆ, ਰਣਧੀਰ ਕਪੂਰ, ਮੋਹਨ ਚੋਟੀ ਅਤੇ ਜੈ ਸ੍ਰੀ ਗਡਕਰ ਜਿਹੇ ਨਾਮੀ ਬੌਲੀਵੁੱਡ ਕਲਾਕਾਰਾਂ ਨੂੰ ਅਦਾਕਾਰ ਤੇ ਨਿਰਦੇਸ਼ਕ ਦਾਰਾ ਸਿੰਘ ਨੇ ਆਪਣੀਆਂ ਫਿਲਮਾਂ 'ਭਗਤ ਧੰਨਾ ਜੱਟ' ਅਤੇ 'ਧਿਆਨੂੰ ਭਗਤ' ਰਾਹੀਂ ਪੰਜਾਬੀ ਸਿਨੇ ਪ੍ਰੇਮੀਆਂ ਦੇ ਸਨਮੁੱਖ ਪੇਸ਼ ਕੀਤਾ ਸੀ।

ਬੌਲੀਵੁੱਡ ਵਿੱਚ ਗੱਬਰ ਸਿੰਘ ਦੇ ਨਾਂ ਨਾਲ ਮਸ਼ਹੂਰ ਖ਼ਲਨਾਇਕ ਅਮਜ਼ਦ ਖ਼ਾਨ ਨੇ 'ਸਾਲੀ ਅੱਧੀ ਘਰਵਾਲੀ' ਅਤੇ ਖ਼ਲਨਾਇਕ ਵਜੋਂ ਜਾਣੇ ਜਾਂਦੇ ਅਦਾਕਾਰ ਜੀਵਨ ਨੇ ਫਿਲਮ 'ਮੈਂ ਜੱਟੀ ਪੰਜਾਬ ਦੀ' ਆਦਿ ਫਿਲਮਾਂ ਰਾਹੀਂ ਪੌਲੀਵੁੱਡ ਪ੍ਰੇਮੀਆਂ ਦਾ ਮਨੋਰੰਜਨ ਕੀਤਾ ਸੀ। ਇੱਥੇ ਹੀ ਬਸ ਨਹੀਂ ਕੁਝ ਹੋਰ ਬੌਲੀਵੁੱਡ ਖ਼ਲਨਾਇਕਾਂ ਜਿਵੇਂ ਕਿ ਰਣਜੀਤ ਨੇ 'ਮਨ ਜੀਤੇ ਜਗ ਜੀਤ', 'ਸੱਚਾ ਮੇਰਾ ਰੂਪ ਹੈ' ਅਤੇ 'ਸ਼ਹੀਦ ਊਧਮ ਸਿੰਘ' ਅਤੇ ਗੁਲਸ਼ਨ ਗਰੋਵਰ ਨੇ 'ਦੁਸ਼ਮਣ', 'ਵਾਪਸੀ', 'ਕਿਲਰ ਪੰਜਾਬੀ', 'ਯਰਾਨਾ', 'ਛੇਵਾਂ ਦਰਿਆ', 'ਵਿਰਸਾ' ਅਤੇ 'ਯਾਰੀਆਂ' ਆਦਿ ਜਿਹੀਆਂ ਫਿਲਮਾਂ ਕੀਤੀਆਂ ਹਨ।




ਅਦਾਕਾਰ ਪ੍ਰੇਮ ਚੋਪੜਾ ਨੇ 'ਚੌਧਰੀ ਕਰਨੈਲ ਸਿੰਘ', 'ਆਹ ਧਰਤੀ ਪੰਜਾਬ ਦੀ', 'ਸੱਪਣੀ', 'ਪਰਦੇਸਣ' ਅਤੇ 'ਧਰਤੀ' ਅਤੇ ਪ੍ਰੇਮਨਾਥ ਨੇ 'ਮੈਂ ਜੱਟੀ ਪੰਜਾਬ ਦੀ', 'ਸਤਿ ਸ੍ਰੀ ਅਕਾਲ' ਅਤੇ 'ਗਿਆਨੀ ਜੀ' ਆਦਿ ਫਿਲਮਾਂ ਵਿੱਚ ਨਾ ਕੇਵਲ ਅਦਾਕਾਰੀ ਹੀ ਕੀਤੀ ਸੀ ਸਗੋਂ ਫਿਲਮ 'ਗਿਆਨੀ ਜੀ' ਦਾ ਤਾਂ ਨਿਰਮਾਤਾ ਵੀ ਪ੍ਰੇਮਨਾਥ ਹੀ ਸੀ।ਪੁਰੀ ਪਰਿਵਾਰ ਦੇ ਮੋਹਰੀ ਚਮਨ ਪੁਰੀ ਨੇ 'ਵੰਗਾਰ', 'ਸਾਲ ਸੋਲ੍ਹਵਾਂ ਚੜ੍ਹਿਆ', 'ਪਰਦੇਸੀ ਢੋਲਾ', ਮਦਨ ਪੁਰੀ ਨੇ 'ਚੌਧਰੀ ਕਰਨੈਲ ਸਿੰਘ', 'ਲੱਛੀ', 'ਦਾਜ' ਅਤੇ ਅਮਰੀਸ਼ ਪੁਰੀ ਨੇ 'ਚੰਨ ਪ੍ਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਸਤਿ ਸ੍ਰੀ ਅਕਾਲ' ਅਤੇ 'ਸ਼ਹੀਦ ਊਧਮ ਸਿੰਘ' ਆਦਿ ਪੰਜਾਬੀ ਫਿਲਮਾਂ ਰਾਹੀਂ ਪੰਜਾਬੀ ਸਿਨੇਮਾ ਦੀ ਸੇਵਾ ਕੀਤੀ ਸੀ।

ਅਦਾਕਾਰ ਰਜ਼ਾ ਮੁਰਾਦ ਦੀਆਂ ਚਰਚਿਤ ਫਿਲਮਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿੱਚ 'ਧਰਮਜੀਤ', 'ਯਾਰ ਯਾਰਾਂ ਦੇ', 'ਲੱਛੀ', 'ਟਾਕਰਾ', 'ਜੱਟ ਦੁਬਈ ਦਾ', 'ਡਾਕੂ ਜਗਤ ਸਿੰਘ', 'ਤੂਫ਼ਾਨ ਸਿੰਘ' ਆਦਿ ਵਿੱਚ ਉਸ ਵੱਲੋਂ ਵਿਖਾਈ ਗਈ ਜ਼ਬਰਦਸਤ ਅਦਾਕਾਰੀ ਅਭੁੱਲ ਹੈ। ਬੌਲੀਵੁੱਡ ਦੇ ਵਿਲੱਖਣ ਅਦਾਕਾਰ ਪ੍ਰਾਣ ਨੇ ਤਾਂ ਆਪਣੇ ਕੈਰੀਅਰ ਦੀ ਸ਼ੁਰੂਆਤ ਹੀ ਪੰਜਾਬੀ ਫਿਲਮ 'ਯਮਲਾ ਜੱਟ' ਰਾਹੀਂ 1940 ਵਿੱਚ ਕੀਤੀ ਸੀ ਤੇ ਫਿਰ ਉਸ ਨੇ 'ਛਾਈ', 'ਚੌਧਰੀ ਕਰਨੈਲ ਸਿੰਘ' ਅਤੇ 'ਨਾਨਕ ਦੁਖੀਆ ਸਭ ਸੰਸਾਰ'




ਜਿਹੀਆਂ ਸੁਪਰਹਿੱਟ ਫਿਲਮਾਂ ਵੀ ਦਿੱਤੀਆਂ ਸਨ। ਓਮ ਪੁਰੀ ਨੇ ਤਾਂ 'ਚੰਨ ਪ੍ਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਯਾਰੀਆਂ', 'ਆ ਗਏ ਮੁੰਡੇ ਯੂ.ਕੇ. ਦੇ', 'ਭਾਜੀ ਇਨ ਪ੍ਰਾਬਲਮ' ਅਤੇ 'ਚਾਰ ਸਾਹਿਬਜ਼ਾਦੇ' ਜਿਹੀਆਂ ਫਿਲਮਾਂ ਕਰਕੇ ਕਮਾਲ ਹੀ ਕਰ ਦਿੱਤੀ ਸੀ।

ਅਦਾਕਾਰ ਓਮ ਸ਼ਿਵਪੁਰੀ ਨੂੰ ਵੀ ਦਰਸ਼ਕਾਂ ਨੇ 'ਅੱਜ ਦੀ ਹੀਰ', 'ਲੌਂਗ ਦਾ ਲਿਸ਼ਕਾਰਾ' ਅਤੇ 'ਧਿਆਨੂੰ ਭਗਤ' ਆਦਿ ਫਿਲਮਾਂ ਵਿੱਚ ਬਹੁਤ ਸਲਾਹਿਆ ਸੀ। ਅਦਾਕਾਰ ਕਿਰਨ ਕੁਮਾਰ ਦੀ 'ਲਾਡਲੀ', ਕੁਲਭੂਸ਼ਨ ਖਰਬੰਦਾ ਦੀਆਂ 'ਉੱਚਾ ਦਰ ਬਾਬੇ ਨਾਨਕ ਦਾ', 'ਮਾਹੌਲ ਠੀਕ ਹੈ', 'ਖ਼ੁਸ਼ੀਆਂ', 'ਦਿਲਦਾਰਾ', 'ਕਿਰਪਾਨ', 'ਚੰਨ ਪ੍ਰਦੇਸੀ' ਅਤੇ 'ਸਾਡੀ ਲਵ ਸਟੋਰੀ', ਮੁਕੇਸ਼ ਰਿਸ਼ੀ ਦੀਆਂ 'ਮਿੱਤਰ ਪਿਆਰੇ ਨੂੰ', 'ਨਿਡਰ', 'ਵਾਰਿਸ ਸ਼ਾਹ', 'ਜੱਟ ਜੇਮਸ ਬਾਂਡ', 'ਟੌਹਰ ਮਿੱਤਰਾਂ ਦੀ' ਅਤੇ 'ਸਿੱਕਾ' ਆਦਿ ਫਿਲਮਾਂ ਹਨ।

ਅਦਾਕਾਰ ਅਸ਼ੋਕ ਕੁਮਾਰ ਅਤੇ ਪਰਦੀਪ ਕੁਮਾਰ ਜਿਹੇ ਮੰਨੇ ਪ੍ਰਮੰਨੇ ਅਦਾਕਾਰਾਂ ਵੀ ਨੇ ਫਿਲਮ 'ਬੰਤੋ' ਵਿੱਚ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਸੀ। ਜਾਨਕੀ ਦਾਸ ਨੇ 'ਧੰਨਾ ਜੱਟ', 'ਮਨ ਜੀਤੇ ਜਗ ਜੀਤ', 'ਰਾਂਝਣ ਮੇਰਾ ਯਾਰ' ਅਤੇ ਹੀਰਾ ਲਾਲ ਨੇ 'ਮੇਰਾ ਪੰਜਾਬ', 'ਧਿਆਨੂੰ ਭਗਤ', 'ਮੁਟਿਆਰ', 'ਸੱਪਣੀ' ਅਤੇ 'ਸਵਾ ਲਾਖ ਸੇ ਏਕ ਲੜਾਊਂ' ਅਤੇ ਜਗਦੀਸ਼ ਰਾਜ ਨੇ 'ਪਵਿੱਤਰ ਪਾਪੀ', 'ਧਰਮਜੀਤ', 'ਸਵਾ ਲਾਖ ਸੇ ਏਕ ਲੜਾਊਂ', ਹਾਸ ਅਦਾਕਾਰ ਓਮ ਪ੍ਰਕਾਸ਼ ਨੇ 'ਚਮਨ', 'ਲੱਛੀ', 'ਮਦਾਰੀ', 'ਮਨ ਜੀਤੇ ਜਗ ਜੀਤ', 'ਪਾਪੀ ਤਰੇ ਅਨੇਕ' ਅਤੇ 'ਸੁਖੀ ਪਰਿਵਾਰ', ਅਦਾਕਾਰ ਜਾਨੀ ਵਾਕਰ ਨੇ 'ਤੇਰੀ ਮੇਰੀ ਇੱਕ ਜਿੰਦੜੀ', 'ਦੁੱਖ ਭੰਜਨ ਤੇਰਾ ਨਾਮ' ਅਤੇ 'ਵਲਾਇਤ ਪਾਸ', ਸੁੰਦਰ ਨੇ 'ਵਲਾਇਤੀ ਬਾਬੂ', 'ਚੰਨ ਪ੍ਰਦੇਸੀ', 'ਚੋਰਾਂ ਨੂੰ ਮੋਰ', 'ਟਾਕਰਾ', 'ਭਗਤੀ ਮੇਂ ਸ਼ਕਤੀ', 'ਯਮਲਾ ਜੱਟ', 'ਦੁੱਲਾ ਭੱਟੀ', 'ਭੰਗੜਾ', 'ਜੀਜਾ ਜੀ', 'ਮਦਾਰੀ', 'ਜੁਗਨੀ', 'ਛਾਈ', 'ਸੱਸੀ ਪੁੰਨੂੰ', 'ਲਾਰਾ ਲੱਪਾ', 'ਬੰਤੋ' ਅਤੇ ਮਨਮੋਹਨ ਕ੍ਰਿਸ਼ਨ ਜਿਹੇ ਸੀਨੀਅਰ ਬੌਲੀਵੁੱਡ ਅਦਾਕਾਰ ਨੇ 'ਦੁੱਖ ਭੰਜਨ ਤੇਰਾ ਨਾਮ', 'ਗੁਰੂ ਮਾਨਿਓ ਗ੍ਰੰਥ', 'ਮੈਂ ਜੱਟੀ ਪੰਜਾਬ ਦੀ' ਅਤੇ 'ਛੜਿਆਂ ਦੀ ਡੋਲੀ' ਆਦਿ ਪੰਜਾਬੀ ਫਿਲਮਾਂ ਕਰਕੇ ਪੰਜਾਬੀ ਸਿਨੇਮਾ ਦੀ ਸ਼ੋਭਾ ਵਧਾਈ ਸੀ।

ਇਨ੍ਹਾਂ ਤੋਂ ਇਲਾਵਾ ਨਵੀਂ ਪੀੜ੍ਹੀ ਦੇ ਬੌਲੀਵੁੱਡ ਅਦਾਕਾਰਾਂ ਵਿੱਚੋਂ ਅਕਸ਼ੇ ਕੁਮਾਰ ਨੇ 'ਦਿਲ ਪਰਦੇਸੀ ਹੋ ਗਿਆ', 'ਭਾਜੀ ਇਨ ਪ੍ਰਾਬਲਮ' ਅਤੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ', ਜੈਕੀ ਸ਼ਰਾਫ਼ ਨੇ 'ਸਰਦਾਰ ਸਾਬ੍ਹ', ਅਦਾਕਾਰ ਸ਼ਕਤੀ ਕਪੂਰ ਨੇ 'ਰਹੇ ਚੜ੍ਹਦੀ ਕਲਾ ਪੰਜਾਬ ਦੀ', 'ਛੜੇ ਮਲੰਗ' ਅਤੇ 'ਮੇਰਿਜ ਦਾ ਗੈਰਿਜ', ਰਾਜ ਬੱਬਰ ਨੇ 'ਲੌਂਗ ਦਾ ਲਿਸ਼ਕਾਰਾ', 'ਮੜ੍ਹੀ ਦਾ ਦੀਵਾ', 'ਯਾਰਾਂ ਨਾਲ ਬਹਾਰਾਂ', 'ਨਸੀਬੋ', 'ਮਾਹੌਲ ਠੀਕ ਹੈ', 'ਇੱਕ ਜਿੰਦ ਇੱਕ ਜਾਨ', 'ਸ਼ਹੀਦ ਊਧਮ ਸਿੰਘ', 'ਕੁਰਬਾਨੀ ਜੱਟ ਦੀ', 'ਤੇਰਾ ਮੇਰਾ ਕੀ ਰਿਸ਼ਤਾ', 'ਆਪਣੀ ਬੋਲੀ ਆਪਣਾ ਦੇਸ਼' ਅਤੇ 'ਆਸਰਾ ਪਿਆਰ ਦਾ', ਜੂਹੀ ਚਾਵਲਾ ਨੇ 'ਵਾਰਿਸ ਸ਼ਾਹ', 'ਦੇਸ ਹੋਇਆ ਪਰਦੇਸ', 'ਸੁਖਮਨੀ', ਗ੍ਰੇਸੀ ਸਿੰਘ ਨੇ 'ਲੱਖ ਪਰਦੇਸੀ ਹੋਈਏ', 'ਆਪਾਂ ਫ਼ੇਰ ਮਿਲਾਂਗੇ', 'ਚੂੜੀਆਂ', ਕਵਿਤਾ ਕੌਸ਼ਿਕ ਨੇ 'ਨਨਕਾਣਾ', 'ਵਧਾਈਆਂ ਜੀ ਵਧਾਈਆਂ', 'ਵੇਖ ਬਰਾਤਾਂ ਚੱਲੀਆਂ', 'ਮਿੰਦੋ ਤਹਿਸੀਲਦਾਰਨੀ' ਅਤੇ 'ਕੈਰੀ ਆਨ ਜੱਟਾ 3', ਰਾਜਪਾਲ ਯਾਦਵ ਨੇ 'ਆਰ.ਐੱਸ.ਵੀ.ਪੀ.' ਅਤੇ 'ਚੰਡੀਗੜ੍ਹ ਅੰਮ੍ਰਿਤਸਰ ਚੰਡੀਗੜ੍ਹ', ਬੌਲੀਵੁੱਡ ਦੇ ਚਰਚਿਤ ਖ਼ਲਨਾਇਕ ਰਾਹੁਲ ਦੇਵ ਨੇ 'ਮਿਰਜ਼ਾ', 'ਧਰਤੀ', 'ਯੋਧਾ', 'ਜੀ ਕਰਦਾ', 'ਰਮਤਾ ਜੋਗੀ', 'ਯਾਰਾਂ ਦਾ ਰੁਤਬਾ', 'ਬੰਬ ਜਿਗਰਾ' ਅਤੇ ਮੁਕੁਲ ਦੇਵ ਨੇ 'ਹਵਾਏਂ', 'ਬੁੱਰਰਾ...', 'ਹੀਰ ਐਂਡ ਹੀਰੋ', 'ਬਾਜ਼', 'ਸ਼ਰੀਕ', 'ਹੀਰੋ ਨਾਮ ਯਾਦ ਰੱਖੀਂ', 'ਜ਼ੋਰਾਵਰ', 'ਡਾਕਾ', 'ਜ਼ੋਰਾ 10 ਨੰਬਰੀਆ' ਅਤੇ 'ਮੁੰਡਾ ਫ਼ਰੀਦਕੋਟੀਆ' ਸਣੇ ਕੁਝ ਹੋਰ ਫ਼ਿਲਮਾਂ ਵਿੱਚ ਆਪਣੀ ਜਾਨਦਾਰ ਤੇ ਸ਼ਾਨਦਾਰ ਅਦਾਕਾਰੀ ਵਿਖਾ ਕੇ ਦਰਸ਼ਕਾਂ ਦੇ ਮਨ ਮੋਹੇ ਹਨ। ਇਨ੍ਹਾਂ ਤੋਂ ਇਲਾਵਾ ਅਦਾਕਾਰ ਮਨੋਜ ਪਾਹਵਾ ਨੇ 'ਡਿਸਕੋ ਸਿੰਘ', ਮੁਕੇਸ਼ ਤਿਵਾੜੀ ਨੇ 'ਜ਼ੋਰਾ 10 ਨੰਬਰੀਆ', 'ਜ਼ੋਰਾ ਦਿ ਸੈਕਿੰਡ ਚੈਪਟਰ', ਹਾਸ ਅਭਿਨੇਤਾ ਰਜ਼ਾਕ ਖ਼ਾਨ ਨੇ 'ਮੇਰਿਜ ਦਾ ਗੈਰਿਜ', ਅਦਾਕਾਰ ਪਵਨ ਮਲਹੋਤਰਾ ਨੇ 'ਸੁਪਰ ਸਿੰਘ', 'ਪੰਜਾਬ 1984', 'ਇੱਕ ਸੰਧੂ ਹੁੰਦਾ ਸੀ', 'ਵੰਸ ਅਪੌਨ ਏ ਟਾਈਮ ਇਨ ਅੰਮ੍ਰਿਤਸਰ', 'ਏਹੁ ਹਮਾਰਾ ਜੀਵਣਾ' ਅਤੇ 'ਗੇਲੋ', ਪ੍ਰਮੋਦ ਮਾਊਥੋ ਨੇ 'ਜਿੰਦੜੀ', 'ਸਾਡਾ ਹੱਕ', 'ਹਾਏ ਓ ਰੱਬਾ ਇਸ਼ਕ ਨਾ ਹੋਵੇ', 'ਮਿੰਨੀ ਪੰਜਾਬ', ਗੋਵਿੰਦ ਨਾਮਦੇਵ ਨੇ 'ਵੇਖ ਬਰਾਤਾਂ ਚੱਲੀਆਂ', ਪੁਨੀਤ ਇਸਰ ਨੇ 'ਫ਼ਤਿਹ', 'ਬੈਸਟ ਆਫ਼ ਲੱਕ', 'ਰੱਬ ਨੇ ਬਣਾਈਆਂ ਜੋੜੀਆਂ', 'ਤੇਰੀ ਮੇਰੀ ਗੱਲ ਬਣ ਗਈ' ਅਤੇ 'ਜੱਗ ਜਿਊਂਦਿਆਂ ਦੇ ਮੇਲੇ', ਸ਼ਾਹਬਾਜ਼ ਖ਼ਾਨ ਨੇ 'ਜੱਟ ਜੇਮਸ ਬਾਂਡ', ਬਿੱਕਰ ਬਾਈ ਸੈਂਟੀਮੈਂਟਲ' ਅਤੇ 'ਦਾਸਤਾਨ ਏ ਸਰਹਿੰਦ' ਅਤੇ ਪੰਕਜ ਤ੍ਰਿਪਾਠੀ ਜਿਹੇ ਅਦਾਕਾਰਾਂ ਨੇ 'ਹਰਜੀਤਾ' ਆਦਿ ਫਿਲਮਾਂ ਵਿੱਚ ਦਮਦਾਰ ਕਿਰਦਾਰ ਨਿਭਾਅ ਕੇ ਪੰਜਾਬੀ ਸਿਨੇਮਾ ਦੀ ਸਾਖ ਵਧਾਈ ਹੈ।

ਬੌਲੀਵੁੱਡ ਦੇ ਕਈ ਹੋਰ ਵੱਡੇ ਅਤੇ ਨਾਮਵਰ ਅਦਾਕਾਰ ਜਿਨ੍ਹਾਂ ਨੇ ਪੰਜਾਬੀ ਫਿਲਮਾਂ ਨੂੰ ਚਾਰ ਚੰਨ ਲਗਾਏ ਹਨ, ਉਨ੍ਹਾਂ ਵਿੱਚ ਕਬੀਰ ਬੇਦੀ ਨੇ 'ਯਾਰਾ ਓ ਦਿਲਦਾਰਾ' ਅਤੇ 'ਯਾਰੀ ਤੇ ਸਰਦਾਰੀ', ਰਜਿੰਦਰ ਨਾਥ ਨੇ 'ਦੋ ਪੋਸਤੀ ਅਤੇ ਸੱਚਾ ਮੇਰਾ ਰੂਪ ਹੈ', ਮੁਕੇਸ਼ ਖੰਨਾ ਨੇ 'ਮਾਵਾਂ ਠੰਢੀਆਂ ਛਾਵਾਂ', ਰਾਕੇਸ਼ ਬੇਦੀ ਨੇ 'ਮੈਂ ਤੂੰ ਅਸੀਂ ਤੁਸੀਂ', ਗਿਰਜਾ ਸ਼ੰਕਰ ਨੇ 'ਉੱਚਾ ਦਰ ਬਾਬੇ ਨਾਨਕ ਦਾ', 'ਬਾਗ਼ੀ', 'ਗੱਦਾਰ', 'ਫ਼ਰਾਰ' ਅਤੇ 'ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ', ਪੰਕਜ ਧੀਰ ਨੇ 'ਚੂੜੀਆਂ', 'ਕਪਤਾਨ' ਅਤੇ 'ਸਰਦਾਰ ਜੀ', ਗਜੇਂਦਰ ਚੌਹਾਨ ਨੇ 'ਇੱਕ ਓਂਕਾਰ', ਗੋਗਾ ਕਪੂਰ ਨੇ 'ਖੇਲ ਤਕਦੀਰਾਂ ਦੇ', ਪੰਕਜ ਬੇਰੀ ਨੇ 'ਸੂਬੇਦਾਰ', 'ਸੀਤੋ ਮਰਜਾਣੀ', 'ਦਿਲ ਦੀਆਂ ਗੱਲਾਂ' ਅਤੇ 'ਜੰਗ 1984', ਅਵਤਾਰ ਗਿੱਲ ਨੇ 'ਉਡੀਕਾਂ', 'ਰੱਬ ਦਾ ਰੇਡੀਓ 2', 'ਮੁੰਡੇ ਕਮਾਲ ਦੇ', 'ਡਬਲ ਦੀ ਟ੍ਰਬਲ', 'ਮਿੱਤਰ ਪਿਆਰੇ ਨੂੰ', 'ਸਿੰਘ ਵਰਸਿਜ਼ ਕੌਰ', ਜੱਟ ਜੇਮਸ ਬਾਂਡ', 'ਤੂਫ਼ਾਨ ਸਿੰਘ', 'ਭਾਜੀ ਇਨ ਪ੍ਰਾਬਲਮ', 'ਐੱਮ.ਐੱਲ. ਏ. ਨੱਥਾ ਸਿੰਘ', 'ਲੱਖ ਪਰਦੇਸੀ ਹੋਈਏ', ਭਰਤ ਕਪੂਰ ਨੇ 'ਦਰਬਾਰ', 'ਭਾਬੋ', 'ਮਾਤਾ ਦਾ ਦਰਬਾਰ', 'ਸੁਹਾਗ ਚੂੜਾ', 'ਖੇਡ ਪ੍ਰੀਤਾਂ ਦੀ', ਅਰੁਣ ਬਖ਼ਸ਼ੀ ਨੇ 'ਵਤਨਾਂ ਤੋਂ ਦੂਰ', 'ਇੱਕ ਜਿੰਦ ਇੱਕ ਜਾਨ' ਅਤੇ 'ਜੱਟ ਜੁਗਾੜੀ', ਅਰੁਣ ਬਾਲੀ ਨੇ 'ਕਾਕੇ ਦਾ ਵਿਆਹ', 'ਪੰਜਾਬ 1984', 'ਪੰਜਾਬ ਸਿੰਘ', 'ਮੁੰਡੇ ਯੂ.ਕੇ. ਦੇ', 'ਸਤਿ ਸ੍ਰੀ ਅਕਾਲ', ਅਦਾਕਾਰ ਬ੍ਰਹਮਚਾਰੀ ਨੇ 'ਯਮਲਾ ਜੱਟ', 'ਸਵਾ ਲਾਖ ਸੇ ਏਕ ਲੜਾਊਂ', 'ਤੇਰੀ ਮੇਰੀ ਇੱਕ ਜਿੰਦੜੀ' ਅਤੇ 'ਧਰਮਜੀਤ', ਪੇਂਟਲ ਨੇ 'ਸਾਲ ਸੋਲ੍ਹਵਾਂ ਚੜ੍ਹਿਆ' ਅਤੇ ਗੁੱਡੀ ਪੇਂਟਲ ਨੇ 'ਸਰਬੰਸਦਾਨੀ ਗੁਰੂ ਗੋਬਿੰਦ ਸਿੰਘ' ਆਦਿ ਜਿਹੀਆਂ ਬਿਹਤਰੀਨ ਫਿਲਮਾਂ ਸਦਕਾ ਪੌਲੀਵੁੱਡ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਘਾਲਣਾ ਘਾਲੀ ਹੈ।

ਬੌਲੀਵੁੱਡ ਜਿਹੀ ਵੱਡੀ ਫਿਲਮ ਇੰਡਸਟਰੀ 'ਚੋਂ ਵਕਤ ਕੱਢ ਕੇ ਪੰਜਾਬੀ ਸਿਨੇਮਾ ਜਿਹੇ ਖੇਤਰੀ ਸਿਨੇਮਾ ਨੂੰ ਵੱਡਾ ਕੈਨਵਸ ਪ੍ਰਦਾਨ ਕਰਨ ਲਈ ਕੁਝ ਹੋਰ ਅਹਿਮ ਸਿਤਾਰਿਆਂ ਨੇ ਵੀ ਵੱਡਾ ਯੋਗਦਾਨ ਪਾਇਆ ਹੈ ਜਿਸ ਵਾਸਤੇ ਸਮੁੱਚਾ ਪੌਲੀਵੁੱਡ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੈ। (ਬਾਕੀ ਸਫ਼ਾ 31 'ਤੇ)

## ਪੰਜਾਬ ਦੀ ਪੰਥਕ ਸਿਆਸਤ 'ਚ

ਲੱਗ ਗਈਆਂ ਹਨ ਅਤੇ ਦੁਨੀਆ ਭਰ ਦੇ ਸਿੱਖ ਆਸ ਭਰੀਆਂ ਨਜ਼ਰਾਂ ਨਾਲ ਨਵੇਂ ਅਕਾਲੀ ਦਲ ਦੇ ਕਰਤਿਆਂ ਧਰਤਿਆਂ ਵੱਲ ਵੇਖ ਰਹੇ ਹਨ। ਉਹਨਾਂ ਨੂੰ ਉਮੀਦ ਹੈ ਕਿ ਸ਼ਾਇਦ ਨਵਾਂ ਅਕਾਲੀ ਦਲ ਪੰਥ ਨੂੰ ਯੋਗ ਅਗਵਾਈ ਦੇਣ ਦੇ ਨਾਲ ਨਾਲ ਦੁਨੀਆ ਭਰ ਦੇ ਸਿੱਖਾਂ ਦੀ ਬਾਂਹ ਫੜ ਸਕੇ।

ਹਰ ਰਾਜਸੀ ਪਾਰਟੀ ਨੇ ਲੋਕਾਂ ਦੀ ਹਮਾਇਤ ਪ੍ਰਾਪਤ ਕਰ ਕੇ ਅਤੇ ਸੱਤਾ ਵਿੱਚ ਆ ਕੇ ਜਿੱਥੇ ਆਪਣੇ ਲੋਕਾਂ ਨੂੰ ਆਦਰਸ਼ਕ ਰਾਜ ਵਿਵਸਥਾ ਦੇਣੀ ਹੁੰਦੀ ਹੈ, ਉੱਥੇ ਉਸ ਨੇ ਸੱਤਾ ਦੇ ਮਾਧਿਅਮ ਰਾਹੀਂ ਆਪਣੀ ਵਿਚਾਰਧਾਰਾ ਦਾ ਵੀ ਫੈਲਾਅ ਕਰਨਾ ਹੁੰਦਾ ਹੈ। ਇਸ ਤਰ੍ਹਾਂ ਵੇਖਿਆਂ ਸੱਤਾ ਇੱਕ ਮੰਜ਼ਿਲ ਦੇ ਨਾਲ-ਨਾਲ ਵੱਡੇ ਮਕਸਦਾਂ ਦੀ ਪ੍ਰਾਪਤੀ ਲਈ ਸਾਧਨ ਮਾਤਰ ਵੀ ਹੁੰਦੀ ਹੈ।

ਨਵੇਂ ਅਕਾਲੀ ਦਲ ਵੱਲੋਂ ਪੰਜਾਬ ਵਿੱਚ ਕਾਨਫਰੰਸਾਂ, ਖ਼ਾਲਸਾ ਮਾਰਚਾਂ ਦੀ ਲੜੀ, ਜਥੇਬੰਦਕ ਉਤਸ਼ਾਹ, ਰਾਜਸੀ ਲਿਟਰੇਚਰ ਤੇ ਡਿਜੀਟਲ ਤਕਨੀਕ ਨਾਲ ਵੱਖ-ਵੱਖ ਵਰਗਾਂ ਨੂੰ ਨਾਲ ਲੈ ਕੇ ਚੱਲਣ ਦੀ ਲੋਕ ਸੰਪਰਕ ਲਹਿਰ ਨਾਲ ਵੱਡੀਆਂ ਪੁਲਾਂਘਾਂ ਪੁੱਟੀਆਂ ਜਾ ਸਕਦੀਆਂ ਹਨ। ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਨਵਾਂ ਅਕਾਲੀ ਦਲ 'ਪੰਥ' ਨੂੰ ਯੋਗ ਅਗਵਾਈ ਦੇਣ ਵਿੱਚ ਕਿੰਨਾ ਕੁ ਕਾਮਯਾਬ ਹੁੰਦਾ ਹੈ?

**ਬਾਦਲ ਦਲ ਦਾ ਤਿੱਖਾ ਪ੍ਰਤੀਕਰਮ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨਵੇਂ ਅਕਾਲੀ ਦਲ ਦੇ ਗਠਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਸਾਜ਼ਿਸ਼ ਰਚੀ ਹੈ ਅਤੇ ਅਕਾਲੀ ਦਲ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਸੁਖਬੀਰ ਨੇ ਗਿਆਨੀ ਹਰਪ੍ਰੀਤ ਸਿੰਘ ਤੇ ਬਾਗੀ ਆਗੂਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਬਾਦਲ ਪਰਿਵਾਰ ਨੂੰ ਖਤਮ ਕਰਨ ਲਈ ਇਹ ਸਾਜ਼ਿਸ਼ ਰਚੀ ਗਈ ਸੀ।

ਪਰ ਨਵੇਂ ਅਕਾਲੀ ਦਲ ਨੇ ਆਪਣਾ ਏਜੰਡਾ ਸਾਫ਼ ਕੀਤਾ ਹੈ - ਪੰਜਾਬ ਦੇ ਹਿੱਤਾਂ ਦੀ ਰਾਖੀ, ਕਿਸਾਨਾਂ ਦੀਆਂ ਮੰਗਾਂ, ਪਾਣੀਆਂ ਦਾ ਮਸਲਾ, ਚੰਡੀਗੜ੍ਹ ਨੂੰ ਪੰਜਾਬ ਨੂੰ ਵਾਪਸ ਦਿਵਾਉਣਾ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਸਾਡਾ ਮੁੱਖ ਮਨੋਰਥ ਹੈ।

**ਗਿਆਨੀ ਹਰਪ੍ਰੀਤ ਸਿੰਘ ਦੀ ਸੁਖਬੀਰ ਬਾਦਲ ਵਿਰੁੱਧ ਬਿਆਨਬਾਜ਼ੀ**

ਨਵੇਂ ਅਕਾਲੀ ਦਲ ਦਾ ਪ੍ਰਧਾਨ ਬਣਨ ਮਗਰੋਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ, ਚੋਣ ਨਿਸ਼ਾਨ ਅਤੇ ਦਫ਼ਤਰ ਵੀ ਲੈਣਗੇ। ਉਹਨਾਂ ਨੇ ਸੁਖਬੀਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਮੇਰੇ ਕੋਲ ਤੁਹਾਡੀ ਜਾਇਦਾਦਾਂ ਦੀਆਂ ਲਿਸਟਾਂ ਹਨ ਅਤੇ ਜੇ ਕਿਰਦਾਰਕੁਸ਼ੀ ਕੀਤੀ ਤਾਂ ਬਖਸ਼ਿਆ ਨਹੀਂ ਜਾਵੇਗਾ। ਪਰ ਪੰਥਕ ਮੰਚ 'ਤੇ ਅਜਿਹੀ ਬਿਆਨਬਾਜ਼ੀ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ। ਸਿਆਸੀ ਮਾਹਿਰ ਜਸਪਾਲ ਸਿੰਘ ਸਿੱਧੂ ਕਹਿੰਦੇ ਨੇ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਅਮਲੀ ਰੂਪ ਵਿੱਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਅਲੋਚਨਾ ਕਰਨਾ ਆਸਾਨ ਹੈ ਪਰ ਮੈਦਾਨ ਵਿੱਚ ਸੰਘਰਸ਼ ਕਰਨਾ ਔਖਾ ਹੈ। ਸਿੱਖ ਬੁੱਧੀਜੀਵੀ ਡਾਕਟਰ ਪਰਮਜੀਤ ਸਿੰਘ ਮਾਨਸਾ ਆਖਦੇ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਤਕਰਾਰਬਾਜ਼ੀ ਦੀ ਥਾਂ ਪੰਜਾਬ ਤੇ ਪੰਥਕ ਮੁੱਦਿਆਂ ਉਪਰ ਸੇਧ ਦੇਣੀ ਚਾਹੀਦੀ ਹੈ। ਸੰਘਰਸ਼ ਕਰਨਾ ਚਾਹੀਦਾ ਹੈ।

***

## ਐਫ.ਬੀ.ਆਈ. ਅਨੁਸਾਰ ਅਮਰੀਕਾ 'ਚ ਸਿੱਖ ਤੀਜਾ ਸਭ

**ਕੁਦਰਤੀ ਕਰੋਪੀਆਂ ਵਿੱਚ ਚੈਰਿਟੀ ਨੇ ਸਿੱਖ ਪਛਾਣ ਵਧਾਈ**

ਸਿੱਖ ਭਾਈਚਾਰਾ ਅਮਰੀਕਾ ਵਿੱਚ ਕੁਦਰਤੀ ਕਰੋਪੀਆਂ ਦੌਰਾਨ ਚੈਰਿਟੀ ਅਤੇ ਸੇਵਾ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾਉਂਦਾ ਰਿਹਾ ਹੈ। ਸਿੱਖ ਗੁਰਦੁਆਰਿਆਂ ਅਤੇ ਸੰਗਠਨਾਂ, ਜਿਵੇਂ ਸਿੱਖ ਕੋਅਲੀਸ਼ਨ ਅਤੇ ਯੂਨਾਈਟਿਡ ਸਿੱਖਸ ਨੇ ਹਰੀਕੇਨ, ਹੜ੍ਹ, ਅਤੇ ਹੋਰ ਕੁਦਰਤੀ ਆਫ਼ਤਾਂ ਦੌਰਾਨ ਲੰਗਰ, ਮੈਡੀਕਲ ਸਹਾਇਤਾ, ਅਤੇ ਰਾਹਤ ਸਮੱਗਰੀ ਪ੍ਰਦਾਨ ਕੀਤੀ ਸੀ। ਉਦਾਹਰਣ ਵਜੋਂ, 2022 ਦੇ ਹਰੀਕੇਨ ਇਆਨ ਅਤੇ 2023 ਦੇ ਕੈਲੀਫ਼ੋਰਨੀਆ ਹੜ੍ਹਾਂ ਦੌਰਾਨ ਸਿੱਖ ਸੰਗਠਨਾਂ ਨੇ ਹਜ਼ਾਰਾਂ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਮੁਹੱਈਆ ਕਰਵਾਈ ਸੀ।

ਇਸ ਸੇਵਾ ਨੇ ਸਿੱਖਾਂ ਦੀ ਪਛਾਣ ਨੂੰ ਸਕਾਰਾਤਮਕ ਰੂਪ ਵਿੱਚ ਉਜਾਗਰ ਕੀਤਾ ਸੀ। ਸਿੱਖ ਧਰਮ ਦਾ ਸਿਧਾਂਤ ਸਰਬੱਤ ਦਾ ਭਲਾ ਅਤੇ ਸੇਵਾ ਅਮਰੀਕੀ ਸਮਾਜ ਵਿੱਚ ਸਿੱਖਾਂ ਦੀ ਸਦਭਾਵਨਾ ਨੂੰ ਵਧਾਉਂਦਾ ਹੈ। ਹਾਲਾਂਕਿ, ਇਹ ਸੇਵਾਵਾਂ ਸਿੱਖਾਂ ਨੂੰ ਨਫ਼ਰਤ ਅਪਰਾਧਾਂ ਤੋਂ ਪੂਰੀ ਤਰ੍ਹਾਂ ਬਚਾਉਣ ਵਿੱਚ ਸਫ਼ਲ ਨਹੀਂ ਹੋਈਆਂ। ਸਿੱਖ ਕੋਅਲੀਸ਼ਨ ਮੁਤਾਬਕ, ਸਕਾਰਾਤਮਕ ਪਛਾਣ ਦੇ ਬਾਵਜੂਦ, ਨਫ਼ਰਤ ਅਪਰਾਧਾਂ ਦੀ ਗਿਣਤੀ ਅਜੇ ਵੀ ਉੱਚੀ ਹੈ, ਕਿਉਂਕਿ ਸਮਾਜ ਦਾ ਇੱਕ ਹਿੱਸਾ ਅਜੇ ਵੀ ਸਿੱਖਾਂ ਨੂੰ ਵਿਦੇਸ਼ੀ ਜਾਂ ਖਤਰਨਾਕ ਸਮਝਦਾ ਹੈ।

ਕੁਦਰਤੀ ਕਰੋਪੀਆਂ ਵਿੱਚ ਸਿੱਖਾਂ ਦੀ ਸੇਵਾ ਨੇ ਸਥਾਨਕ ਅਮਰੀਕੀਆਂ ਵਿੱਚ ਜਾਗਰੂਕਤਾ ਵਧਾਉਣ ਵਿੱਚ ਮਦਦ ਕੀਤੀ, ਪਰ ਇਸ ਦਾ ਨਫ਼ਰਤ ਅਪਰਾਧਾਂ 'ਤੇ ਸਿੱਧਾ ਪ੍ਰਭਾਵ ਸੀਮਤ ਰਿਹਾ। 2022 ਤੋਂ 2024 ਦਰਮਿਆਨ ਅਪਰਾਧਾਂ ਵਿੱਚ 5.3% ਦੀ ਕਮੀ ਨੂੰ ਸਿੱਖ ਸੰਗਠਨਾਂ ਦੀ ਸੇਵਾ ਅਤੇ ਜਾਗਰੂਕਤਾ ਮੁਹਿੰਮਾਂ ਨਾਲ ਜੋੜਿਆ ਜਾ ਸਕਦਾ ਹੈ, ਪਰ ਸਮੁੱਚੀ ਸਮੱਸਿਆ ਹੱਲ ਨਹੀਂ ਹੋਈ।

***

## ਭਾਰਤੀ ਨਾਗਰਿਕਤਾ ਕਿਉਂ ਛੱਡ ਰਹੇ

ਨਾਗਰਿਕਤਾ ਛੱਡਣ ਦੀ ਪ੍ਰਕਿਰਿਆ ਵੀ ਆਸਾਨ ਨਹੀਂ। ਆਨਲਾਈਨ ਅਪਲਾਈ ਕਰਨਾ ਪੈਂਦਾ ਹੈ। ਫਿਰ ਪਾਸਪੋਰਟ, ਆਧਾਰ, ਪੈਨ ਅਤੇ ਹੋਰ ਦਸਤਾਵੇਜ਼ ਵਾਪਸ ਕਰਨੇ ਪੈਂਦੇ ਨੇ। ਇਸ ਵਿੱਚ 60 ਦਿਨ ਲੱਗ ਸਕਦੇ ਨੇ। ਪਰ ਜਿਨ੍ਹਾਂ ਕੋਲ ਪੈਸਾ ਅਤੇ ਮੌਕੇ ਨੇ, ਉਹ ਇਹ ਕਰ ਲੈਂਦੇ ਨੇ। ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਮੋਦੀ ਸਰਕਾਰ ਆਉਣ ਤੋਂ ਬਾਅਦ ਇਹ ਵਧਿਆ ਹੈ, ਪਰ ਅੰਕੜੇ ਦੱਸਦੇ ਨੇ ਕਿ 2014 ਤੋਂ ਪਹਿਲਾਂ ਵੀ ਇਹ ਲੱਖਾਂ ਵਿੱਚ ਸੀ। 2011 ਵਿੱਚ 1 ਲੱਖ 22 ਹਜ਼ਾਰ 819, 2012 ਵਿੱਚ 1 ਲੱਖ 20 ਹਜ਼ਾਰ 923 ਅਤੇ ਅੱਗੇ ਵੀ ਇਸੇ ਤਰ੍ਹਾਂ ਜਾਰੀ ਹੈ।

ਮਾਹਿਰ ਕਹਿੰਦੇ ਨੇ ਕਿ ਸਰਕਾਰ ਨੂੰ ਨੀਤੀਆਂ ਬਦਲਣੀਆਂ ਚਾਹੀਦੀਆਂ ਨੇ। ਨੌਜਵਾਨਾਂ ਵਿੱਚ ਭਰੋਸਾ ਵਧਾਉਣਾ ਚਾਹੀਦਾ ਏ, ਨੌਕਰੀਆਂ ਵਧਾਉਣੀਆਂ ਚਾਹੀਦੀਆਂ ਨੇ ਅਤੇ ਜੀਵਨ ਪੱਧਰ ਸੁਧਾਰਨਾ ਚਾਹੀਦਾ ਹੈ। ਨਹੀਂ ਤਾਂ ਇਹ 'ਸਾਫ਼ਟ ਐਕਸੋਡਸ' ਭਾਰਤ ਨੂੰ ਕਮਜ਼ੋਰ ਕਰ ਦੇਵੇਗਾ। ਪੰਜਾਬ ਵਿੱਚ ਤਾਂ ਇਹ ਮਸਲਾ ਬੜਾ ਗੰਭੀਰ ਏ, ਜਿੱਥੇ ਨਸ਼ੇ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਵਿਦੇਸ਼ ਧੱਕਿਆ ਹੈ।

ਇਸ ਕਹਾਣੀ ਵਿੱਚ ਬਹੁਤ ਸਾਰੇ ਪਹਿਲੂ ਨੇ। ਇੱਕ ਪਾਸੇ ਸੁਪਨੇ ਨੇ, ਦੂਜੇ ਪਾਸੇ ਮਜਬੂਰੀਆਂ ਹਨ। ਪੰਜਾਬੀ ਭਾਈਚਾਰਾ ਵਿਦੇਸ਼ਾਂ ਵਿੱਚ ਸਫ਼ਲ ਹੈ, ਉਹ ਭਾਰਤ ਲਈ ਸਾਫ਼ਟ ਪਾਵਰ ਨੇ। ਪਰ ਨਾਗਰਿਕਤਾ ਛੱਡਣ ਨਾਲ ਭਾਰਤ ਨੂੰ ਨੁਕਸਾਨ ਵੀ ਹੈ। ਸਰਕਾਰ ਨੂੰ ਇਸ 'ਤੇ ਕੰਮ ਕਰਨਾ ਚਾਹੀਦਾ ਹੈ।

***

## ਟਰੰਪ ਦੇ 50 ਫ਼ੀਸਦੀ ਟੈਰਿਫ਼ ਕਾਰਨ

ਅੰਦਾਜ਼ਾ ਹੈ ਕਿ 2025-26 'ਚ ਜੀਡੀਪੀ ਵਿਕਾਸ ਦਰ 6.5% ਰਹੇਗੀ।

**ਕੀ ਭਾਰਤ ਝੁਕੇਗਾ ?**

ਭਾਰਤ ਦਾ ਅਡਿੱਗ ਰੁਖ ਸਪੱਸ਼ਟ ਹੈ। ਮੋਦੀ ਸਰਕਾਰ ਨੇ ਸਵਦੇਸ਼ੀ ਅਤੇ ਆਤਮ-ਨਿਰਭਰਤਾ 'ਤੇ ਜ਼ੋਰ ਦਿੱਤਾ ਹੈ। ਟਰੰਪ ਦੇ ਦਬਾਅ ਦੇ ਬਾਵਜੂਦ, ਭਾਰਤ ਝੁਕਣ ਵਾਲਾ ਨਹੀਂ। ਪਰ ਇਸ ਚੁਣੌਤੀ ਨੂੰ ਮੌਕੇ 'ਚ ਬਦਲਣ ਲਈ ਨੀਤੀਗਤ ਸਪੱਸ਼ਟਤਾ, ਆਰਥਿਕ ਸੁਧਾਰ ਅਤੇ ਸਮਾਜਿਕ ਏਕਤਾ ਜ਼ਰੂਰੀ ਹੈ।

**ਭਾਰਤੀ ਰੀਅਲ ਅਸਟੇਟ 'ਤੇ ਅਸਰ**

ਟਰੰਪ ਦੀਆਂ ਧਮਕੀਆਂ ਦੇ ਬਾਵਜੂਦ, ਉਸ ਦੀ 'ਟਰੰਪ ਆਰਗਨਾਈਜ਼ੇਸ਼ਨ' ਨੇ ਭਾਰਤ ਵਿੱਚ ਰੀਅਲ ਅਸਟੇਟ ਕਾਰੋਬਾਰ ਨੂੰ ਚਾਰ ਗੁਣਾ ਵਧਾਇਆ ਹੈ। 2012 ਵਿੱਚ ਸ਼ੁਰੂ ਹੋਏ ਇਸ ਕਾਰੋਬਾਰ ਨੇ 2024 ਤੱਕ 30 ਲੱਖ ਵਰਗ ਫ਼ੁੱਟ 'ਤੇ ਪ੍ਰੋਜੈਕਟ ਸਥਾਪਤ ਕੀਤੇ ਸਨ, ਜੋ ਹੁਣ 6 ਨਵੇਂ ਪ੍ਰੋਜੈਕਟਾਂ ਨਾਲ 1.1 ਕਰੋੜ ਵਰਗ ਫ਼ੁੱਟ ਤੱਕ ਪਹੁੰਚ ਜਾਣਗੇ। ਮੁੰਬਈ, ਪੁਣੇ, ਗੁਰੂਗ੍ਰਾਮ, ਕੋਲਕਾਤਾ ਅਤੇ ਹੈਦਰਾਬਾਦ ਵਿੱਚ 13 ਪ੍ਰੋਜੈਕਟ ਹਨ, ਜਿਨ੍ਹਾਂ ਵਿੱਚੋਂ ਗੁਰੂਗ੍ਰਾਮ ਦੇ ਟਰੰਪ ਰੈਜ਼ੀਡੈਂਸ ਟਾਵਰ ਨੇ ਪਹਿਲੇ ਦਿਨ 3,250 ਕਰੋੜ ਰੁਪਏ ਦੀ ਵਿਕਰੀ ਕੀਤੀ ਸੀ। ਟਰੰਪ ਦੀ ਕੰਪਨੀ ਸਿੱਧਾ ਪੈਸਾ ਨਹੀਂ ਲਗਾਉਂਦੀ ਸਗੋਂ ਭਾਰਤੀ ਕੰਪਨੀਆਂ ਨਾਲ ਸਾਂਝੇਦਾਰੀ ਵਿੱਚ ਬ੍ਰਾਂਡ ਲਾਇਸੈਂਸਿੰਗ ਫ਼ੀਸ ਲੈਂਦੀ ਹੈ। 2024 ਵਿੱਚ ਇਸ ਨੇ 100 ਕਰੋੜ ਰੁਪਏ (12 ਮਿਲੀਅਨ ਡਾਲਰ) ਕਮਾਏ ਸਨ। ਇਸ ਤੋਂ ਸਾਫ਼ ਹੈ ਕਿ ਭਾਰਤ ਦੀ ਵਧਦੀ ਅਮੀਰੀ ਅਤੇ ਲਗਜ਼ਰੀ ਪ੍ਰੋਜੈਕਟਾਂ ਦੀ ਮੰਗ ਟਰੰਪ ਲਈ ਮੁਨਾਫ਼ੇ ਦਾ ਸ੍ਰੋਤ ਹੈ, ਭਾਵੇਂ ਉਹ ਭਾਰਤ ਨੂੰ 'ਮਰੀ ਹੋਈ ਅਰਥਵਿਵਸਥਾ' ਕਹਿ ਰਿਹਾ ਹੈ।

**ਭਾਰਤ ਦੀ ਅਮਰੀਕਾ ਪ੍ਰਤੀ ਨੀਤੀ**

ਭਾਰਤ ਨੇ ਟਰੰਪ ਦੇ ਟੈਰਿਫ਼ ਨੂੰ 'ਗਲਤ ਅਤੇ ਗੈਰ-ਤਰਕਸੰਗਤ' ਦੱਸਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਨੂੰ ਸੰਬੋਧਨ ਵਿੱਚ ਸਪੱਸ਼ਟ ਕੀਤਾ ਸੀ ਕਿ ਭਾਰਤ ਝੁਕੇਗਾ ਨਹੀਂ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਆਪਣੇ ਕਿਸਾਨਾਂ, ਛੋਟੇ ਉਦਯੋਗਾਂ ਅਤੇ ਉਦਮੀਆਂ ਦੇ ਹਿੱਤਾਂ ਦੀ ਰਾਖੀ ਕਰੇਗਾ। ਭਾਰਤ ਸਵਦੇਸ਼ੀ ਨੀਤੀਆਂ 'ਤੇ ਜ਼ੋਰ ਦੇ ਰਿਹਾ ਹੈ। ਭਾਰਤ ਨੂੰ ਯੂਰਪ, ਦੱਖਣ-ਪੂਰਬੀ ਏਸ਼ੀਆ ਅਤੇ ਅਫ਼ਰੀਕਾ ਵਰਗੇ ਬਾਜ਼ਾਰਾਂ ਵੱਲ ਵਧਣਾ ਹੋਵੇਗਾ। ਆਰਥਿਕ ਮਾਹਿਰਾਂ ਅਨੁਸਾਰ ਰੂਸ ਨਾਲ ਵਪਾਰ ਵਿੱਚ ਰੁਪਏ-ਰੂਬਲ ਪੇਮੈਂਟ ਸਿਸਟਮ ਨੂੰ ਮਜ਼ਬੂਤ ਕਰਕੇ ਅਮਰੀਕੀ ਸੈਂਕਸ਼ਨਾਂ ਦਾ ਅਸਰ ਘਟਾਇਆ ਜਾ ਸਕਦਾ ਹੈ।

***

## ਟਰੰਪ ਅਤੇ ਪੂਤਿਨ ਵਿਚਾਲੇ ਮੀਟਿੰਗ

ਪ੍ਰਾਏਦੀਪ 'ਤੇ ਦਾਅਵਾ ਕਰਦੇ ਹਨ, ਜਿਸ ਨੂੰ ਉਨ੍ਹਾਂ 2014 ਵਿੱਚ ਆਪਣੇ ਨਾਲ ਮਿਲਾ ਲਿਆ ਸੀ। ਰੂਸੀ ਫ਼ੌਜ ਦਾ ਇਨ੍ਹਾਂ ਚਾਰ ਖ਼ਿੱਤਿਆਂ 'ਤੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਹੈ। ਪੂਤਿਨ ਦੇ ਸਹਿਯੋਗੀ ਯੂਰੀ ਉਸ਼ਾਕੋਵ ਨੇ ਕਿਹਾ ਕਿ ਦੋਵੇਂ ਆਗੂ ਯੂਕ੍ਰੇਨੀ ਸੰਕਟ ਦੇ ਲੰਮੇ ਸਮੇਂ ਦੇ ਸ਼ਾਂਤੀਪੂਰਨ ਹੱਲ ਲਈ ਬਦਲਾਂ 'ਤੇ ਚਰਚਾ ਕਰਨ ਵੱਲ ਧਿਆਨ ਕੇਂਦਰਤ ਕਰਨਗੇ। ਉਨ੍ਹਾਂ ਕਿਹਾ, "ਇਹ ਸਪੱਸ਼ਟ ਤੌਰ 'ਤੇ ਚੁਣੌਤੀਪੂਰਨ ਅਮਲ ਹੋਵੇਗਾ, ਪਰ ਅਸੀਂ ਇਸ ਵਿੱਚ ਪੂਰੀ ਸਰਗਰਮੀ ਅਤੇ ਜੋਸ਼ ਨਾਲ ਸ਼ਾਮਲ ਹੋਵਾਂਗੇ।"

ਭਾਰਤ ਵੱਲੋਂ ਮੀਟਿੰਗ ਦਾ ਸਵਾਗਤ

ਭਾਰਤ ਨੇ ਯੂਕ੍ਰੇਨ ਸੰਘਰਸ਼ ਨੂੰ ਖਤਮ ਕਰਨ ਦੇ ਤਰੀਕਿਆਂ 'ਤੇ ਚਰਚਾ ਕਰਨ ਲਈ ਅਗਲੇ ਹਫ਼ਤੇ ਅਲਾਸਕਾ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਹੋਣ ਵਾਲੀ ਸਿਖਰ ਵਾਰਤਾ ਦਾ ਸਵਾਗਤ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਇਨ੍ਹਾਂ ਕੋਸ਼ਿਸ਼ਾਂ ਨੂੰ ਉਤਸ਼ਾਹਤ ਕਰਨ ਲਈ ਤਿਆਰ ਹੈ।

**

## ਅਮਰੀਕਾ 'ਚ ਗੁਰਦੁਆਰੇ ਨੇੜੇ ਹੋਏ ਹਮਲੇ

ਪਰ ਇੱਕ ਵੀਡੀਓ ਵਿੱਚ ਹਰਪਾਲ ਸਿੰਘ 'ਤੇ ਹਮਲਾ ਹੋਣ ਸਮੇਂ ਇਲਾਕੇ ਵਿੱਚ ਇੱਕ ਅਣਪਛਾਤਾ ਵਿਅਕਤੀ ਦਿਖਾਈ ਦੇ ਰਿਹਾ ਸੀ। ਲਾਸ ਐਂਜਲਸ ਦੇ ਕੌਂਸਲਮੈਨ ਐਡਰਿਨ ਨਾਜ਼ਰੀਅਨ ਨੇ ਵੀ ਮੀਡੀਆ ਨੂੰ ਸੰਬੋਧਨ ਕਰਦਿਆਂ ਸਾਰੇ ਨਿਵਾਸੀਆਂ ਦੀ ਸੁਰੱਖਿਆ ਅਤੇ ਧਾਰਮਿਕ ਸੰਸਥਾਵਾਂ ਦੇ ਆਲੇ-ਦੁਆਲੇ ਸੁਰੱਖਿਆ ਉਪਾਵਾਂ ਨੂੰ ਬਿਹਤਰ ਬਣਾਉਣ ਲਈ ਦੀ ਵਚਨਬੱਧਤਾ ਦੁਹਰਾਈ।

***

## ਅਨਮੋਲਦੀਪ ਸਿੰਘ ਦਸਤਾਰ ਨਾਲ

ਅਨਮੋਲਦੀਪ ਸਿੰਘ 2019 ਵਿੱਚ ਸਟੱਡੀ ਵੀਜ਼ੇ 'ਤੇ ਬਰਤਾਨੀਆ ਗਿਆ ਸੀ। ਉਸ ਦੀ ਮਿਹਨਤ, ਲਗਨ ਅਤੇ ਪਰਿਵਾਰਕ ਪਰੰਪਰਾ ਨੇ ਉਸ ਨੂੰ ਬਰਤਾਨੀਆ ਦੀ ਸਭ ਤੋਂ ਵੱਕਾਰੀ ਫ਼ੌਜੀ ਇਕਾਈ, ਰਾਇਲ ਗਾਰਡ, ਵਿੱਚ ਜਗ੍ਹਾ ਦਿਵਾਈ। ਅਨਮੋਲਦੀਪ ਨੇ ਹੁਣੇ ਜਿਹੇ ਇਸ ਇਕਾਈ ਵਿੱਚ ਨੌਕਰੀ ਹਾਸਲ ਕੀਤੀ ਹੈ ਅਤੇ ਖ਼ਾਸ ਗੱਲ ਇਹ ਹੈ ਕਿ ਉਹ ਆਪਣੀ ਸਿੱਖ ਪਛਾਣ, ਯਾਨੀ ਦਸਤਾਰ ਅਤੇ ਦਾੜ੍ਹੀ, ਨਾਲ ਇਸ ਸ਼ਾਹੀ ਮਹਿਲ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਏਗਾ। ਇਹ ਪ੍ਰਾਪਤੀ ਨਾ ਸਿਰਫ਼ ਉਸ ਦੇ ਪਰਿਵਾਰ, ਸਗੋਂ ਪੂਰੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਰਾਇਲ ਗਾਰਡ ਵਿੱਚ ਭਰਤੀ: ਪ੍ਰਕਿਰਿਆ ਅਤੇ ਵਿਦਿਅਕ ਯੋਗਤਾ

ਬਰਤਾਨੀਆ ਦੀ ਰਾਇਲ ਗਾਰਡ ਵਿੱਚ ਭਰਤੀ ਹੋਣਾ ਕੋਈ ਸੌਖੀ ਗੱਲ ਨਹੀਂ। ਇਹ ਫ਼ੌਜੀ ਇਕਾਈ ਬਰਤਾਨੀਆ ਦੇ ਸ਼ਾਹੀ ਮਹਿਲਾਂ, ਖ਼ਾਸ ਕਰਕੇ ਬਕਿੰਘਮ ਪੈਲੇਸ ਅਤੇ ਰਾਜਸ਼ਾਹੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਦੀ ਹੈ। ਰਾਇਲ ਗਾਰਡ ਦੀ ਚੋਣ ਪ੍ਰਕਿਰਿਆ ਬਹੁਤ ਸਖ਼ਤ ਹੁੰਦੀ ਹੈ, ਜਿਸ ਵਿੱਚ ਸਰੀਰਕ ਤੰਦਰੁਸਤੀ, ਮਾਨਸਿਕ ਸਮਰੱਥਾ, ਅਨੁਸ਼ਾਸਨ ਅਤੇ ਬੈਕਗ੍ਰਾਊਂਡ ਜਾਂਚ ਸ਼ਾਮਲ ਹੁੰਦੀ ਹੈ। ਅਨਮੋਲਦੀਪ ਸਿੰਘ ਨੇ ਇਹ ਸਾਰੀਆਂ ਪ੍ਰੀਖਿਆਵਾਂ ਪਾਸ ਕਰਕੇ ਇਸ ਵੱਕਾਰੀ ਇਕਾਈ ਵਿੱਚ ਜਗ੍ਹਾ ਬਣਾਈ।

ਅਨਮੋਲਦੀਪ ਦੀ ਵਿਦਿਅਕ ਯੋਗਤਾ ਦੀ ਗੱਲ ਕਰੀਏ ਤਾਂ, ਉਸ ਨੇ 2019 ਵਿੱਚ ਸਟੱਡੀ ਵੀਜ਼ੇ 'ਤੇ ਬਰਤਾਨੀਆ ਜਾਣ ਤੋਂ ਪਹਿਲਾਂ ਪੰਜਾਬ ਵਿੱਚ ਆਪਣੀ ਸਕੂਲੀ ਪੜ੍ਹਾਈ ਮੁਕੰਮਲ ਕੀਤੀ ਸੀ। ਬਰਤਾਨੀਆ ਵਿੱਚ ਉਸ ਨੇ ਉੱਚ ਸਿੱਖਿਆ ਹਾਸਲ ਕੀਤੀ, ਜਿਸ ਵਿੱਚ ਸੰਭਾਵੀ ਤੌਰ 'ਤੇ ਕੋਈ ਡਿਗਰੀ ਜਾਂ ਡਿਪਲੋਮਾ ਸ਼ਾਮਲ ਹੋ ਸਕਦਾ ਹੈ, ਜੋ ਰਾਇਲ ਗਾਰਡ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੋਵੇ। ਰਾਇਲ ਗਾਰਡ ਵਿੱਚ ਭਰਤੀ ਲਈ ਆਮ ਤੌਰ 'ਤੇ ਘੱਟੋ-ਘੱਟ 18 ਸਾਲ ਦੀ ਉਮਰ, ਚੰਗੀ ਸਿਹਤ ਅਤੇ ਬਰਤਾਨੀਆ ਦੀ ਨਾਗਰਿਕਤਾ ਜਾਂ ਰੈਜ਼ੀਡੈਂਸੀ ਦੀ ਮੰਗ ਹੁੰਦੀ ਹੈ। ਅਨਮੋਲਦੀਪ ਨੇ ਸਟੱਡੀ ਵੀਜ਼ੇ ਤੋਂ ਬਾਅਦ ਸੰਭਵ ਤੌਰ 'ਤੇ ਬਰਤਾਨੀਆ ਵਿੱਚ ਸਥਾਈ ਨਿਵਾਸ ਜਾਂ ਨੌਕਰੀ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ, ਜਿਸ ਨਾਲ ਉਸ ਨੂੰ ਇਸ ਇਕਾਈ ਵਿੱਚ ਅਰਜ਼ੀ ਦੇਣ ਦਾ ਮੌਕਾ ਮਿਲਿਆ। ਉਸ ਦੀ ਮਿਹਨਤ ਅਤੇ ਅਨੁਸ਼ਾਸਨ ਨੇ ਉਸ ਨੂੰ ਇਸ ਸਖ਼ਤ ਪ੍ਰਕਿਰਿਆ ਵਿੱਚ ਸਫ਼ਲਤਾ ਦਿਵਾਈ ਹੈ।

ਅਨਮੋਲਦੀਪ ਦੇ ਚਾਚਾ ਸਤਵੰਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਹਰਵੰਤ ਸਿੰਘ ਦਾ ਸੁਪਨਾ ਸੀ ਕਿ ਉਨ੍ਹਾਂ ਦਾ ਪੁੱਤਰ ਫ਼ੌਜ ਵਿੱਚ ਜਾਵੇ। ਅਨਮੋਲਦੀਪ ਨੇ ਨਾ ਸਿਰਫ਼ ਇਸ ਸੁਪਨੇ ਨੂੰ ਪੂਰਾ ਕੀਤਾ, ਸਗੋਂ ਵਿਦੇਸ਼ੀ ਧਰਤੀ 'ਤੇ ਸਿੱਖ ਪਛਾਣ ਨਾਲ ਸੇਵਾ ਕਰਕੇ ਪਰਿਵਾਰ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਪਿੰਡ ਲੋਹਕਾ ਦੇ ਸਰਪੰਚ ਜਗਜੀਤ ਸਿੰਘ ਨੇ ਕਿਹਾ ਕਿ ਅਨਮੋਲਦੀਪ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਿਤ ਹੈ ਅਤੇ ਇਸ ਪ੍ਰਾਪਤੀ ਨੇ ਪਿੰਡ ਦੀ ਸ਼ਾਨ ਵਧਾਈ ਹੈ।

ਰਾਇਲ ਗਾਰਡ ਵਿੱਚ ਸਿੱਖ ਸੈਨਿਕ: ਪਹਿਲਾਂ ਅਤੇ ਹੁਣ

ਬਰਤਾਨੀਆ ਦੀ ਰਾਇਲ ਗਾਰਡ ਵਿੱਚ ਸਿੱਖ ਸੈਨਿਕਾਂ ਦੀ ਮੌਜੂਦਗੀ ਪਹਿਲਾਂ ਵੀ ਰਹੀ ਹੈ, ਪਰ ਅਨਮੋਲਦੀਪ ਸਿੰਘ ਦੀ ਭਰਤੀ ਨੇ ਇਸ ਨੂੰ ਨਵਾਂ ਰੰਗ ਦਿੱਤਾ। ਪਿਛਲੇ ਸਾਲਾਂ ਵਿੱਚ ਕਈ ਸਿੱਖ ਨੌਜਵਾਨਾਂ ਨੇ ਰਾਇਲ ਗਾਰਡ ਵਿੱਚ ਸੇਵਾਵਾਂ ਨਿਭਾਈਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਸਿੱਧ ਨਾਂ ਹਨ ਸਿਗਨਲਮੈਨ ਜਤਿੰਦਰਪਾਲ ਸਿੰਘ ਭੁੱਲਰ, ਜੋ 2018 ਵਿੱਚ ਰਾਇਲ ਸਿਗਨਲਜ਼ ਦੇ ਪਹਿਲੇ ਸਿੱਖ ਸੈਨਿਕ ਵਜੋਂ ਸਾਹਮਣੇ ਆਏ ਸਨ। ਇਸ ਤੋਂ ਇਲਾਵਾ, ਗਾਰਡਸਮੈਨ ਚਰਨਪ੍ਰੀਤ ਸਿੰਘ ਲੱਲ ਵੀ 2016 ਵਿੱਚ ਸਕਾਟਸ ਗਾਰਡਜ਼ ਵਿੱਚ ਸ਼ਾਮਲ ਹੋਏ ਸਨ, ਜੋ ਰਾਇਲ ਗਾਰਡ ਦੀ ਇੱਕ ਇਕਾਈ ਹੈ। ਇਹ ਸਿੱਖ ਸੈਨਿਕ ਵੀ ਆਪਣੀ ਦਸਤਾਰ ਅਤੇ ਸਿੱਖ ਪਛਾਣ ਨਾਲ ਸੇਵਾਵਾਂ ਨਿਭਾਉਂਦੇ ਹਨ।

ਰਾਇਲ ਗਾਰਡ ਵਿੱਚ ਸਿੱਖ ਸੈਨਿਕਾਂ ਦੀ ਸਹੀ ਗਿਣਤੀ ਦੀ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਨਹੀਂ, ਪਰ ਬਰਤਾਨੀਆ ਦੀ ਫ਼ੌਜ ਵਿੱਚ ਸਿੱਖ ਭਾਈਚਾਰੇ ਦੀ ਮੌਜੂਦਗੀ ਸਦੀਆਂ ਪੁਰਾਣੀ ਹੈ, ਜੋ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਦੌਰਾਨ ਵੀ ਸਾਹਮਣੇ ਆਈ ਹੈ। ਅਨਮੋਲਦੀਪ ਸਿੰਘ ਦੀ ਇਸ ਪ੍ਰਾਪਤੀ ਨੇ ਸਿੱਖ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਵੀ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਮਾਣ ਨਾਲ ਪੇਸ਼ ਕਰਨ ਦੀ ਪ੍ਰੇਰਨਾ ਦਿੱਤੀ ਹੈ।

***

## ਅਮਰੀਕਾ 'ਚ ਸਿੱਖ ਬਜ਼ੁਰਗ 'ਤੇ

ਅਮਰੀਕਾ ਵਿੱਚ ਸਿੱਖਾਂ ਖ਼ਿਲਾਫ਼ ਨਫ਼ਰਤੀ ਹਮਲਿਆਂ ਵਿੱਚ ਕੁਝ ਕਮੀ ਆਈ ਹੈ ਪਰ ਸਿੱਖ ਤੀਜੇ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲੇ ਧਾਰਮਿਕ ਸਮੂਹ ਵਿੱਚ ਦਰਜ ਕੀਤੇ ਗਏ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਮੁਤਾਬਕ ਸਾਲ 2024 ਵਿੱਚ ਸਿੱਖਾਂ ਵਿਰੁੱਧ 153 ਨਫ਼ਰਤੀ ਹਮਲੇ ਦਰਜ ਕੀਤੇ ਗਏ ਹਨ। ਜਥੇਦਾਰ ਨੇ ਕਿਹਾ ਕਿ ਇਨ੍ਹਾਂ ਨਫ਼ਰਤੀ ਹਮਲਿਆਂ ਨੂੰ ਰੋਕਣ ਲਈ ਅਮਰੀਕਾ ਸਮੇਤ ਹੋਰ ਦੇਸ਼ਾਂ ਵਿੱਚ ਵੀ ਸਾਂਝੇ ਯਤਨਾਂ ਨਾਲ ਸਿੱਖ ਪਛਾਣ ਬਾਰੇ ਜਾਗਰੂਕਤਾ ਲਿਆਉਣ ਦੀ ਲੋੜ ਹੈ। ਉਨ੍ਹਾਂ ਅਮਰੀਕਾ ਸਥਿਤ ਸਿੱਖ ਜਥੇਬੰਦੀਆਂ ਨੂੰ ਕਿਹਾ ਕਿ ਉਹ ਅਮਰੀਕੀ ਲੋਕਾਂ ਵਿੱਚ ਸਿੱਖ ਪਛਾਣ ਪ੍ਰਤੀ ਜਾਗਰੂਕਤਾ ਲਿਆਉਣ ਲਈ ਵਿਸ਼ੇਸ਼ ਯਤਨ ਕਰਨ ਅਤੇ ਜੇਕਰ ਕੋਈ ਪਰੇਸ਼ਾਨੀ ਹੈ ਤਾਂ ਇਸ ਲਈ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਹਿਯੋਗ ਲਿਆ ਜਾਵੇ।

***

## ਕੈਬਨਿਟ ਮੰਤਰੀ ਹਰਜੋਤ ਬੈਂਸ ਨ

ਗਈ ਤਨਖਾਹ ਸਿਰ ਮੱਥੇ ਪ੍ਰਵਾਨ ਹੈ।

ਦੱਸਣ ਯੋਗ ਹੈ ਕਿ ਇਸ ਭੁੱਲ ਦੀ ਤਨਖਾਹ ਵਜੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜਨਮ ਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਕੋਠਾ ਸਾਹਿਬ ਵੱਲਾ, ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਪੈਦਲ ਜਾਣ ਅਤੇ ਰਸਤਿਆਂ ਦੀ ਸਫਾਈ ਤੇ ਹੋਰ ਪ੍ਰਬੰਧ ਯਕੀਨੀ ਬਣਾਉਣ ਵਾਸਤੇ ਕਿਹਾ ਗਿਆ ਸੀ। ਇਸ ਤੋਂ ਇਲਾਵਾ ਦਿੱਲੀ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਮਗਰੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੋ ਦਿਨ ਸੰਗਤ ਦੇ ਜੋੜੇ ਝਾੜਨ ਦੀ ਸੇਵਾ ਕਰਨ ਵਾਸਤੇ ਆਦੇਸ਼ ਦਿੱਤਾ ਗਿਆ ਸੀ।

**

## ਮੋਦੀ ਦਾ ਅਮਰੀਕਾ ਦੌਰਾ ਅਗਲੇ ਮਹੀਨੇ

ਲਈ ਬੁਲਾਰਿਆਂ ਦੀ ਆਰਜ਼ੀ ਸੂਚੀ ਮੁਤਾਬਕ ਭਾਰਤ ਦੇ 'ਸਰਕਾਰ ਮੁਖੀ' 26 ਸਤੰਬਰ ਦੀ ਸਵੇਰ ਨੂੰ ਸੈਸ਼ਨ ਨੂੰ ਸੰਬੋਧਨ ਕਰਨਗੇ। ਇਜ਼ਰਾਇਲ, ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਸਰਕਾਰਾਂ ਦੇ ਮੁਖੀ ਵੀ ਉਸੇ ਦਿਨ ਆਮ ਬਹਿਸ ਨੂੰ ਸੰਬੋਧਨ ਕਰਨ ਵਾਲੇ ਹਨ।

ਮੋਦੀ ਇਸ ਸਾਲ ਫਰਵਰੀ ਵਿੱਚ ਵਾਸ਼ਿੰਗਟਨ, ਡੀਸੀ ਵਿੱਚ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਦੁਵੱਲੀ ਮੀਟਿੰਗ ਲਈ ਅਮਰੀਕਾ ਗਏ ਸਨ। ਆਪਣੀ ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ, ਮੋਦੀ ਅਤੇ ਟਰੰਪ ਨੇ 2025 ਦੇ ਪਤਝੜ ਤੱਕ ਆਪਸੀ ਲਾਭਦਾਇਕ, ਬਹੁ-ਖੇਤਰੀ ਦੁਵੱਲੇ ਵਪਾਰ ਸਮਝੌਤੇ ਦੇ ਪਹਿਲੀ ਗੇੜ ਦੀ ਗੱਲਬਾਤ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ।




### ਆਲਮੀ ਖੇਡ ਜਗਤ 'ਚ

ਅਜਿਹੀਆਂ ਕਈ ਹੋਰ ਮਹਿਲਾ ਖਿਡਾਰਨਾਂ ਨੇ ਭਾਰਤ ਨੂੰ ਦੁਨੀਆ ਦੇ ਸਾਹਮਣੇ ਇੱਕ ਉੱਭਰਦੀ ਪ੍ਰਤਿਭਾ ਵਜੋਂ ਪੇਸ਼ ਕੀਤਾ ਹੈ। ਵਸੀਲਿਆਂ ਦੀ ਉਪਲਬਧਤਾ ਵੀ ਤਬਦੀਲੀ ਦਾ ਵੱਡਾ ਕਾਰਨ ਬਣ ਰਹੀ ਹੈ। ਬਦਲਦੇ ਸਮੇਂ ਦੇ ਨਾਲ ਖੇਡ ਜਗਤ ਵਿੱਚ ਸਾਧਨਾਂ ਦੀ ਕਮੀ ਵੀ ਪੂਰੀ ਹੁੰਦੀ ਜਾ ਰਹੀ ਹੈ, ਜਿਸ ਕਾਰਨ ਖਿਡਾਰੀਆਂ ਨੂੰ ਹੁਣ ਅਭਿਆਸ ਕਰਨ ਵਿੱਚ ਬਹੁਤੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਹੈ। ਲੋਕਾਂ ਵਿੱਚ ਖੇਡਾਂ ਪ੍ਰਤੀ ਬਦਲ ਰਹੀ ਧਾਰਨਾ ਅਤੇ ਖੇਡਾਂ ਪ੍ਰਤੀ ਲੋਕਾਂ ਦੀ ਜਾਗਰੂਕਤਾ ਇਸ ਸੋਚ ਨੂੰ ਬਦਲਣ ਵਿੱਚ ਕਾਫੀ ਹੱਦ ਤੱਕ ਪ੍ਰਭਾਵੀ ਰਹੀ ਹੈ ਕਿ ਖੇਡਾਂ ਰਾਹੀਂ ਆਪਣਾ ਭਵਿੱਖ ਸੁਰੱਖਿਅਤ ਅਤੇ ਸਥਿਰ ਨਹੀਂ ਕੀਤਾ ਜਾ ਸਕਦਾ।

***

### ਪੰਜਾਬੀ ਸਿਨੇਮਾ ਦੀ ਸ਼ਾਨ ਬਣੇ

ਆਇਸ਼ਾ ਜ਼ੁਲਕਾ ਤੇ ਅਵਿਨਾਸ਼ ਵਧਾਵਨ ਨੇ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ', ਯਾਮੀ ਗੌਤਮ ਨੇ 'ਏਕ ਨੂਰ', ਰਜਤ ਬੇਦੀ ਨੇ 'ਗੱਲ ਗੱਪੇ', ਜ਼ਹੀਰਾ ਨੇ 'ਲਾਡਲੀ' ਅਤੇ 'ਸਾਲ ਸੋਲ੍ਹਵਾਂ ਚੜ੍ਹਿਆ', ਤਨੂਜਾ ਨੇ 'ਉੱਚਾ ਦਰ ਬਾਬੇ ਨਾਨਕ ਦਾ' ਅਤੇ 'ਦਿਲਦਾਰਾ', ਵੱਡੇ ਅਦਾਕਾਰ ਵਿਨੋਦ ਮਹਿਰਾ ਨੇ 'ਮੌਜਾਂ ਦੁਬਈ ਦੀਆਂ', ਪੂਨਮ ਢਿੱਲੋਂ ਨੇ 'ਡਬਲ ਦੀ ਟ੍ਰਬਲ' ਅਤੇ 'ਉਮਰਾਂ 'ਚ ਕੀ ਰੱਖਿਆ', ਵਿੱਦਿਆ ਸਿਨਹਾ ਅਤੇ ਸਿੰਮੀ ਗਰੇਵਾਲ ਨੇ 'ਉਡੀਕਾਂ', ਰੇਖਾ ਨੇ 'ਸਾਲ ਸੋਲ੍ਹਵਾਂ ਚੜ੍ਹਿਆ', ਮਧੂਮਤੀ ਨੇ 'ਸੱਪਣੀ', 'ਚੰਬੇ ਦੀ ਕਲੀ', 'ਮਨ ਜੀਤੇ ਜਗ ਜੀਤ', ਹੈਲਨ ਨੇ 'ਯਮਲਾ ਜੱਟ' ਅਤੇ 'ਸੁਖੀ ਪਰਿਵਾਰ', ਅਰੁਣਾ ਈਰਾਨੀ ਨੇ 'ਉੱਚਾ ਦਰ ਬਾਬੇ ਨਾਨਕ ਦਾ', 'ਲੰਬੜਦਾਰਨੀ' ਅਤੇ 'ਜੱਟ ਦੁਬਈ ਦਾ', ਉਮਾ ਦੇਵੀ ਉਰਫ਼ ਟੁਨਟੁਨ ਨੇ 'ਪਰਦੇਸਣ', 'ਸੱਪਣੀ', 'ਗੋਰੀ ਦੀਆਂ ਝਾਂਜਰਾਂ', 'ਮੇਲੇ ਮਿੱਤਰਾਂ ਦੇ', 'ਪਿੰਡ ਦੀ ਕੁੜੀ', 'ਮੈਂ ਜੱਟੀ ਪੰਜਾਬ ਦੀ', ਅਦਾਕਾਰਾ ਮਨੋਰਮਾ ਨੇ 'ਖ਼ਜ਼ਾਨਚੀ', 'ਸਹਿਤੀ ਤੇ ਮੁਰਾਦ', 'ਮੇਰਾ ਮਾਹੀ', 'ਕੋਇਲ', 'ਲੱਛੀ', 'ਪੋਸਤੀ', 'ਜੁਗਨੀ', ਪਦਮਾ ਖੰਨਾ ਨਾਮਕ ਅਦਾਕਾਰਾ ਨੇ 'ਧੰਨਾ ਜੱਟ', 'ਜਿੰਦੜੀ ਯਾਰ ਦੀ' ਅਤੇ 'ਸ਼ੇਰ ਪੁੱਤਰ', ਨਸ਼ੀਲੇ ਨੈਣਾਂ ਵਾਲੀ ਨਿਸ਼ੀ ਨੇ 'ਡੰਕਾ', 'ਨਾਨਕ ਨਾਮ ਜਹਾਜ਼ ਹੈ', 'ਲਾਈਏ ਤੇ ਤੋੜ ਨਿਭਾਈਏ', 'ਧਰਤੀ ਵੀਰਾਂ ਦੀ', 'ਸਤਲੁਜ ਦੇ ਕੰਢੇ', 'ਲਾਜੋ', 'ਲਾਡੋ ਰਾਣੀ', 'ਸੱਪਣੀ', 'ਪਿੰਡ ਦੀ ਕੁੜੀ', 'ਬੰਤੋ', 'ਢੋਲ ਜਾਨੀ', 'ਗੁੱਡੀ', 'ਭੰਗੜਾ', 'ਜੀਜਾ ਜੀ' ਅਤੇ 'ਮੈਂ ਜੱਟੀ ਪੰਜਾਬ ਦੀ' ਅਤੇ ਅਭਿਨੇਤਰੀ ਵਿੰਮੀ ਨੇ 'ਨਾਨਕ ਨਾਮ ਜਹਾਜ਼ ਹੈ' ਜਿਹੀ ਕੌਮੀ ਪੁਰਸਕਾਰ ਜੇਤੂ ਫ਼ਿਲਮ ਵਿੱਚ ਅਦਾਕਾਰੀ ਕਰਕੇ ਪੰਜਾਬੀ ਸਿਨੇਮਾ ਦੀ ਪੱਗ ਦਾ ਸ਼ਮਲਾ ਹੋਰ ਉੱਚਾ ਕਰ ਦਿੱਤਾ ਸੀ।।

**

### ਬਹੁਪੱਖੀ ਸੰਕਟਾਂ ਵਿੱਚ ਘਿਰੇ ਪੰਜਾਬ

ਇਸੇ ਵਿਚੋਂ ਹੀ ਕਿਸਾਨਾਂ ਨੂੰ ਬਿਜਲੀ ਪਾਣੀ ਮੁਫ਼ਤ ਦੇਣ, ਚੁੰਗੀਆਂ ਮੁਆਫ਼ ਕਰਨ, ਸਾਰੀਆਂ ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਅਤੇ ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਦੇਣ ਵਰਗੀਆਂ ਸਕੀਮਾਂ ਨਿਕਲੀਆਂ ਅਤੇ ਰਾਜ ਦੇ ਵਿੱਤੀ ਸਾਧਨਾਂ ਦਾ ਇਸੇ ਤਰ੍ਹਾਂ ਉਜਾੜਾ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਬਿਨਾਂ ਸ਼ੱਕ ਸਮੇਂ-ਸਮੇਂ ਸਿਆਸੀ ਪਾਰਟੀਆਂ ਇਨ੍ਹਾਂ ਮੁਫ਼ਤਖੋਰੀਆਂ ਨਾਲ ਸਰਕਾਰਾਂ ਬਣਾਉਣ ਵਿੱਚ ਸਫ਼ਲ ਰਹੀਆਂ ਹਨ। ਪਰ ਜਿਹੜੇ ਸਾਧਨ ਪੰਜਾਬ ਵਿੱਚ ਬਿਹਤਰ ਸਿੱਖਿਆ ਅਦਾਰੇ ਖੜ੍ਹੇ ਕਰਨ, ਬਿਹਤਰ ਸਿਹਤ ਅਦਾਰੇ ਖੜ੍ਹ ਕਰਨ ਅਤੇ ਫਿਰ ਉਨ੍ਹਾਂ ਨੂੰ ਚੰਗੇ ਢੰਗ ਨਾਲ ਚਲਾਉਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ 'ਤੇ ਲੱਗਣੇ ਸਨ, ਉਹ ਮੁਫ਼ਤਖੋਰੀ ਦੀਆਂ ਸਕੀਮਾਂ 'ਤੇ ਲੱਗਣ ਲੱਗ ਪਏ। ਕਿਸੇ ਸਮੇਂ ਪੰਜਾਬ ਦੇ ਲੋਕ ਬੇਹੱਦ ਮਿਹਨਤੀ ਅਤੇ ਗ਼ੈਰਤਮੰਦ ਮੰਨੇ ਜਾਂਦੇ ਸਨ ਅਤੇ ਉਹ ਕੁਝ ਵੀ ਮੁਫ਼ਤ ਲੈਣਾ ਚੰਗਾ ਨਹੀਂ ਸਨ ਸਮਝਦੇ, ਸਗੋਂ ਹੱਥੋਂ ਕੁਝ ਦੇਣਾ ਪੁੰਨ ਦਾ ਕੰਮ ਸਮਝਦੇ ਸਨ। ਗੁਰੂ ਸਾਹਿਬਾਨ ਨੇ ਵੀ ਲੋਕਾਂ ਨੂੰ ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖਿਆ ਦਿੱਤੀ ਸੀ। ਇਸੇ ਕਰਕੇ ਪੰਜਾਬ ਵਿੱਚ ਭਿੱਖਿਆ ਮੰਗਣ ਦਾ ਪ੍ਰਚਲਨ ਵੀ ਬਹੁਤ ਘੱਟ ਸੀ। ਪਰ ਸਰਕਾਰਾਂ ਵੱਲੋਂ ਸ਼ੁਰੂ ਕੀਤੀਆਂ ਗਈਆਂ ਮੁਫ਼ਤਖੋਰੀ ਦੀਆਂ ਸਕੀਮਾਂ ਨੇ ਹੌਲੀ-ਹੌਲੀ ਰੰਗ ਦਿਖਾਇਆ ਅਤੇ ਲੋਕਾਂ ਦਾ ਧਿਆਨ ਸਰਕਾਰਾਂ ਤੋਂ ਵਧ ਤੋਂ ਵਧ ਲਾਭ ਲੈਣ ਵੱਲ ਲਗ ਗਿਆ ਅਤੇ ਮੁਫ਼ਤਖੋਰੀ 'ਤੇ ਆਧਾਰਿਤ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਵੋਟਾਂ ਵੀ ਪਾਉਣ ਲੱਗ ਪਏ। ਪਰ ਪੰਜਾਬ ਅਜਿਹੀਆਂ ਸਕੀਮਾਂ ਨਾਲ ਆਰਥਿਕ ਤੌਰ 'ਤੇ ਦੀਵਾਲੀਆ ਹੋ ਗਿਆ।

ਇਸ ਸਾਲ ਨਵੰਬਰ ਵਿੱਚ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਵਸ ਆ ਰਿਹਾ ਹੈ। ਇਸ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦਰਮਿਆਨ ਕਈ ਪੱਖਾਂ ਤੋਂ ਮੁਕਾਬਲੇਬਾਜ਼ੀ ਹੁੰਦੀ ਨਜ਼ਰ ਆ ਰਹੀ ਹੈ। ਇਸ ਸੰਦਰਭ ਵਿੱਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਬਿਨਾਂ ਸ਼ੱਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵੱਲੋਂ ਮਾਨਵਤਾ ਲਈ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਵੱਡੀ ਸ਼ਹਾਦਤ ਨੂੰ ਪੂਰੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਪਰ ਸਾਡੀਆਂ ਸਾਰੀਆਂ ਰਾਜਨੀਤਕ ਅਤੇ ਧਾਰਮਿਕ ਜਥੇਬੰਦੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮੁੱਚਾ ਪੰਜਾਬ ਗੁਰੂਆਂ ਦੀ ਵਿਰਾਸਤ ਹੈ। ਇਸ ਦੇ ਚੱਪੇ-ਚੱਪੇ 'ਤੇ ਉਨ੍ਹਾਂ ਦੇ ਚਰਨ ਪਏ ਹੋਏ ਹਨ। ਇਸ ਨੂੰ ਵਸਦਾ-ਰਸਦਾ ਰੱਖਣਾ ਅਤੇ ਇਸ ਨੂੰ ਅੱਗੇ ਵਧਾਉਣਾ ਹੀ ਗੁਰੂਆਂ, ਸੂਫ਼ੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਸ਼ਤਾਬਦੀ ਸਮਾਰੋਹਾਂ ਨੂੰ ਇਸ ਤਰ੍ਹਾਂ ਮਨਾਵੇ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਉੱਭਰ ਕੇ ਚੰਗੀ ਜੀਵਨ ਜਾਚ ਅਖ਼ਤਿਆਰ ਕਰਨ ਵੱਲ ਰੁਚਿਤ ਹੋਣ। ਆਪਣੇ ਰਾਗੀਆਂ, ਢਾਡੀਆਂ ਤੇ ਪ੍ਰਚਾਰਕਾਂ ਨੂੰ ਉਹ ਰਾਜ ਦੇ ਹਰੇਕ ਕੋਨੇ ਵਿਚ ਭੇਜੇ। ਲੋਕਾਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਤੇ ਆਧਾਰਿਤ ਜੀਵਨ-ਜਾਚ ਤੋਂ ਜਾਣੂ ਕਰਵਾਏ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਇਹ ਸ਼ਤਾਬਦੀ ਸਮਾਰੋਹ ਇਸ ਤਰ੍ਹਾਂ ਮਨਾਉਣਾ ਚਾਹੀਦੇ ਹਨ ਕਿ ਉਹ ਆਪਣੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੂੰ ਬਿਹਤਰ ਬਣਾਉਣ ਲਈ ਸਾਧਨ ਮੁਹੱਈਆ ਕਰੇ। ਇਸ ਤੋਂ ਇਲਾਵਾ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਅਤੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਉਣਾ ਵੀ ਉਸ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ। ਪੰਜਾਬ ਬਾਰੇ ਪ੍ਰੋ. ਪੂਰਨ ਸਿੰਘ ਨੇ ਵੀ ਕਿਹਾ ਸੀ ਕਿ ਇਹ ਗੁਰਾਂ ਦੇ ਨਾਂਅ 'ਤੇ ਜੀਊਂਦਾ ਹੈ। ਜੇ ਸਾਡੀਆਂ ਰਾਜਨੀਤਕ ਅਤੇ ਧਾਰਮਿਕ ਜਮਾਤਾਂ ਵਾਕਈ ਗੁਰੂ ਸਾਹਿਬ ਵਿਚ ਸ਼ਰਧਾ ਰੱਖਦੀਆਂ ਹਨ ਤਾਂ ਉਨ੍ਹਾਂ ਨੂੰ ਪੰਜਾਬ ਨੂੰ ਬਚਾਉਣ ਤੇ ਹਰ ਪੱਖ ਤੋਂ ਅੱਗੇ ਵਧਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

***

### ਸੰਸਾਰ ਅਰਥਚਾਰੇ ਵਿੱਚ ਕਰਜ਼ੇ ਦਾ ਵਿਸਫੋਟ

ਬਹੁਤ ਘੱਟ ਤਨਖਾਹ, ਬੇਰੁਜ਼ਗਾਰੀ ਤੇ ਮਹਿੰਗਾਈ ਦੇ ਝੰਬੇ ਮਜ਼ਦੂਰ-ਕਿਰਤੀ ਕਰਜ਼ੇ ਦੇ ਮੱਕੜਜਾਲ ਵਿੱਚ ਫਸਦੇ ਜਾ ਰਹੇ ਹਨ। ਉੱਭਰ ਰਹੀਆਂ ਆਰਥਿਕਤਾਵਾਂ ਮੁਕਾਬਲੇ ਭਾਵੇਂ ਭਾਰਤ ਸਿਰ ਜੀ.ਡੀ.ਪੀ. ਦੇ ਹਿਸਾਬ ਨਾਲ ਕਰਜ਼ ਘੱਟ ਹੈ, ਪਰ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਵੇਖੀਏ ਤਾਂ ਉਹ ਸਭ ਤੋਂ ਵੱਧ ਕਰਜ਼ ਵਾਲੇ ਦੇਸ਼ਾਂ ਵਿੱਚ ਆਉਂਦਾ ਹੈ। ਇੱਥੇ ਘਰੇਲੂ ਕਰਜ਼ ਦਾ ਲਗਾਤਾਰ ਵਧਣਾ ਵਿਗੜ ਰਹੀ ਆਰਥਿਕਤਾ ਦਾ ਸੰਕੇਤ ਹੈ। ਮੁਨਾਫ਼ੇ ਦੇ ਨਿਯਮ 'ਤੇ ਕੰਮ ਕਰਨ ਵਾਲਾ ਸਰਮਾਏਦਾਰੀ ਢਾਂਚਾ ਦਿਨੋ-ਦਿਨ ਖੋਖਲਾ ਹੁੰਦਾ ਜਾ ਰਿਹਾ ਹੈ ਅਤੇ ਸੰਸਾਰ ਦੀਆਂ ਵੱਡੀਆਂ ਆਰਥਿਕਤਾਵਾਂ ਕਰਜ਼ ਸਹਾਰੇ ਚੱਲ ਰਹੀਆਂ ਹਨ।

ਉੱਪਰਲੀ ਗੱਲ ਤੋਂ ਸਪੱਸ਼ਟ ਹੈ ਕਿ ਬੇਰੁਜ਼ਗਾਰੀ, ਮਹਿੰਗਾਈ ਵਧਣ ਤੇ ਆਮਦਨ ਘਟਣ ਕਾਰਨ ਮਜ਼ਦੂਰ ਤੇ ਹੇਠਲੀ ਮੱਧਵਰਗੀ ਆਬਾਦੀ ਨੂੰ ਖਪਤ ਜ਼ਰੂਰਤਾਂ ਪੂਰੀਆਂ ਕਰਨ ਲਈ ਕਰਜ਼ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਪੈਟਰੋਲ, ਡੀਜ਼ਲ, ਰਸੋਈ ਗੈਸ, ਸਬਜ਼ੀਆਂ, ਫਲਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਹਰ ਸਾਲ ਦੋ ਕਰੋੜ ਨੌਕਰੀਆਂ ਦਾ ਵਾਅਦਾ ਕਰ ਕੇ ਸੱਤਾ 'ਚ ਆਉਣ ਵਾਲੇ ਹੁਕਮਰਾਨ ਇਨ੍ਹਾਂ ਮਾਮਲਿਆਂ 'ਤੇ ਚੁੱਪ ਧਾਰੀ ਬੈਠੇ ਹਨ। ਮਹਿੰਗਾਈ ਘਟਾਉਣ, ਸਿੱਖਿਆ, ਰੁਜ਼ਗਾਰ ਤੇ ਸਿਹਤ ਸਹੂਲਤਾਂ ਆਦਿ ਦੇਣ ਦੀ ਬਜਾਏ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਪਾ ਕੇ ਉਲਝਾਉਣ ਦੀ ਸਿਆਸਤ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ।

ਬੇਸ਼ੱਕ ਸਰਕਾਰਾਂ ਦਿਵਾਲੀਆਪਣ ਤੋਂ ਬਚਣ ਲਈ ਸਭ ਕੁਝ ਕਰਨਗੀਆਂ, ਜਿਸ ਦਾ ਮਤਲਬ ਹੈ ਕਿ ਮਜ਼ਦੂਰ ਜਮਾਤ 'ਤੇ ਹੋਰ ਵੱਡੇ ਵਿੱਤੀ ਹਮਲੇ ਹੋਣਗੇ ਅਤੇ ਸਮਾਜਿਕ ਬੇਚੈਨੀ ਹੋਰ ਵੀ ਵਧੇਗੀ। ਆਉਣ ਵਾਲੇ ਸਮੇਂ ਵਿੱਚ ਦੇਸ਼ਾਂ ਵਿੱਚ ਜੋ ਵੀ ਸਰਕਾਰਾਂ ਸੱਤਾ ਵਿੱਚ ਆਉਣਗੀਆਂ, ਉਨ੍ਹਾਂ ਨੂੰ ਵੀ ਪਿਛਲੀਆਂ ਸਰਕਾਰਾਂ ਵਾਂਗ ਕਰਜ਼ੇ ਦੇ ਸੰਕਟ ਨਾਲ ਜੂਝਣਾ ਪਵੇਗਾ । ਇਸ ਲਈ ਸਰਮਾਏਦਾਰੀ ਆਧਾਰ 'ਤੇ ਇਸ ਸੰਕਟ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਨ ਵਾਲੀ ਕੋਈ ਵੀ ਸਰਕਾਰ ਆਪਣੇ ਪੂਰਵਜ਼ਾਂ ਨਾਲੋਂ ਵੀ ਛੇਤੀ ਬਦਨਾਮ ਹੋਵੇਗੀ।

***

### ਪੰਜਾਬ 'ਚ ਖੇਤੀ ਆਧਾਰਿਤ

ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਗਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫ਼ਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿੱਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ। ਅਸਲ ਵਿੱਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿੱਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ।

ਪੰਜਾਬ ਵਿੱਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੰਜਾਬ ਦੇ ਉਦਯੋਗੀਕਰਨ ਵਿੱਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿੱਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਨ੍ਹਾਂ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫ਼ਸਲਾਂ ਖ਼ਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ। ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿੱਚ ਵਿੱਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿੱਚ ਵਾਧਾ ਹੋਵੇਗਾ ਉੱਥੇ ਖੇਤੀ ਵਿੱਚ ਵਿਭਿੰਨਤਾ ਆਵੇਗੀ, ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

***

### ਪਟਿਆਲਾ ਦੀਆਂ ਵਿਰਾਸਤਾਂ ਯੂਨੈਸਕੋ ਦੀ ਵਿਸ਼ਵ

ਰਾਜਸਥਾਨ ਸਰਕਾਰ ਨੇ ਪੁਰਾਤੱਤਵ ਵਿਭਾਗ, ਸਥਾਨਕ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਸੰਗਠਨਾਂ ਨਾਲ ਮਿਲ ਕੇ ਆਪਣੀ ਵਿਰਾਸਤ ਨੂੰ ਨਾ ਸਿਰਫ਼ ਸੰਭਾਲਿਆ, ਸਗੋਂ ਯੂਨੈਸਕੋ ਦੀ ਸੂਚੀ ਵਿੱਚ ਵੀ ਸ਼ਾਮਲ ਕਰਵਾਇਆ। ਇਸ ਦੇ ਉਲਟ, ਪੰਜਾਬ ਵਿੱਚ ਅਜਿਹੀਆਂ ਕੋਸ਼ਿਸ਼ਾਂ ਦੀ ਘਾਟ ਰਹੀ ਹੈ।

ਕਾਰ ਸੇਵਾ ਦੇ ਨਾਂ 'ਤੇ ਹੋਈਆਂ ਗਲਤੀਆਂ ਨੇ ਸਿੱਖ ਵਿਰਾਸਤ ਦੀਆਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਇਨ੍ਹਾਂ ਨੂੰ ਯੂਨੈਸਕੋ ਦੀ ਸੂਚੀ 'ਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਘਟਾ ਦਿੱਤਾ ਹੈ।

**ਵਿਰਾਸਤ ਸੰਭਾਲ ਲਈ ਸੁਝਾਅ ਅਤੇ ਭਵਿੱਖ ਦੀ ਰਣਨੀਤੀ**

ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕਰਨ ਅਤੇ ਸਿੱਖ ਵਿਰਾਸਤ ਦੀ ਸੰਭਾਲ ਲਈ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ:
ਪੰਜਾਬ ਸਰਕਾਰ ਨੂੰ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਕਰਨ ਲਈ ਇੱਕ ਵਿਸਤ੍ਰਿਤ ਯੋਜਨਾ ਬਣਾਉਣੀ ਚਾਹੀਦੀ। ਇਸ ਵਿੱਚ ਪੁਰਾਤੱਤਵ ਵਿਭਾਗ, ਵਿਰਾਸਤ ਸੰਭਾਲ ਮਾਹਿਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਸਹਾਇਤਾ ਲਈ ਜਾਣੀ ਚਾਹੀਦੀ ਹੈ।

ਵਿਰਾਸਤੀ ਇਮਾਰਤਾਂ ਦੀ ਸੰਭਾਲ ਲਈ ਵਿਗਿਆਨਕ ਅਤੇ ਤਕਨੀਕੀ ਢੰਗ ਅਪਣਾਏ ਜਾਣ। ਕਾਰ ਸੇਵਾ ਦੀ ਬਜਾਏ, ਮਾਹਿਰਾਂ ਦੀ ਨਿਗਰਾਨੀ ਵਿੱਚ ਮੁਰੰਮਤ ਅਤੇ ਸੰਭਾਲ ਦਾ ਕੰਮ ਕੀਤਾ ਜਾਣਾ ਚਾਹੀਦਾ। ਪੁਰਾਣੀ ਕਲਾਕਾਰੀ, ਸ਼ੀਸ਼ੇ ਦੀ ਨਕਾਸ਼ੀ ਅਤੇ ਫਰੈਸਕੋ ਪੇਂਟਿੰਗਜ਼ ਨੂੰ ਬਚਾਉਣ ਲਈ ਅਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਸਥਾਨਕ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵਿਰਾਸਤ ਸੰਭਾਲ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਾਗਰੂਕਤਾ ਮੁਹਿੰਮਾਂ, ਵਿਰਾਸਤੀ ਸੈਰਾਂ ਅਤੇ ਸਕੂਲੀ ਸਿੱਖਿਆ ਵਿੱਚ ਵਿਰਾਸਤ ਦੀ ਮਹੱਤਤਾ ਨੂੰ ਸ਼ਾਮਲ ਕਰਕੇ ਜਨਤਕ ਸਹਿਯੋਗ ਵਧਾਇਆ ਜਾ ਸਕਦਾ ਹੈ।

ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਦੇ ਆਸ-ਪਾਸ ਸੈਰ-ਸਪਾਟਾ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ। ਸਹੀ ਸੁਰੱਖਿਆ, ਪਹੁੰਚ ਅਤੇ ਸਹੂਲਤਾਂ ਨਾਲ ਸੈਲਾਨੀਆਂ ਦੀ ਗਿਣਤੀ ਵਧ ਸਕਦੀ ਹੈ, ਜਿਸ ਨਾਲ ਅਰਥਵਿਵਸਥਾ ਨੂੰ ਵੀ ਹੁਲਾਰਾ ਮਿਲੇਗਾ।

ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਦੀ ਵਿਸਤ੍ਰਿਤ ਡਾਕੂਮੈਂਟੇਸ਼ਨ ਕਰਕੇ ਯੂਨੈਸਕੋ ਨੂੰ ਪ੍ਰਸਤਾਵ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਚਾਹੀਦੀ। ਹੈ। ਅੰਤਰਰਾਸ਼ਟਰੀ ਪੱਧਰ 'ਤੇ ਇਨ੍ਹਾਂ ਇਮਾਰਤਾਂ ਦਾ ਪ੍ਰਚਾਰ ਕਰਕੇ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਵਧਾਈ ਜਾ ਸਕਦੀ ਹੈ।

ਕਾਰ ਸੇਵਾ ਦੇ ਨਾਂ 'ਤੇ ਹੋਣ ਵਾਲੀਆਂ ਗਤੀਵਿਧੀਆਂ ਦੀ ਸਮੀਖਿਆ ਕਰਕੇ ਇਨ੍ਹਾਂ ਨੂੰ ਮਾਹਿਰਾਂ ਦੀ ਨਿਗਰਾਨੀ ਵਿੱਚ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਨੂੰ ਵਿਰਾਸਤ ਸੰਭਾਲ ਦੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

***

### ਤਿਉਹਾਰੀ ਰੁੱਤ 'ਚ ਐਨ.ਆਰ.ਆਈ.

ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਇਹਨਾਂ ਸੁੰਨੇ ਪਏ ਆਲੀਸ਼ਾਨ ਘਰਾਂ ਅਤੇ ਕੋਠੀਆਂ ਨੂੰ ਹੁਣ ਆਸ ਬਣ ਗਈ ਹੈ ਕਿ ਇਹਨਾਂ ਕੋਠੀਆਂ ਦੇ ਮਾਲਕਾਂ ਦੇ ਪੁੱਤਰ ਦਾ ਵਿਆਹ ਇਸ ਤਿਉਹਾਰੀ ਰੁੱਤ ਦੌਰਾਨ ਹੀ ਹੋਵੇਗਾ ਅਤੇ ਵਿਆਹ ਮੌਕੇ ਫੁੱਲਾਂ ਨਾਲ ਸ਼ਿੰਗਾਰੀ ਕਾਰ ਵਿਚੋਂ ਗਹਿਣਿਆਂ ਨਾਲ ਲੱਦੀ, ਸੂਹੇ ਸਾਲੂ ਨਾਲ ਸਿਰ ਕੱਜੀ, ਬਾਂਹਾਂ ਵਿੱਚ ਸ਼ਗਨਾਂ ਦਾ ਲਾਲ ਚੂੜਾ ਪਾ ਕੇ ਪੈਰੀਂ ਝਾਂਜਰਾਂ ਛਣਕਾਉਂਦੀ, ਮਹਿੰਦੀ ਵਾਲੇ ਹੱਥਾਂ ਨਾਲ ਲਾਲ ਸੂਹਾ ਲਹਿੰਗਾ ਸੰਭਾਲਦੀ , ਅੱਖਾਂ ਨਾਲ ਨੀਵੀਂ ਪਾਈ ਵਿਆਹੁਤਾ ਮੁਟਿਆਰ ਪਹਿਲੀ ਵਾਰ ਇਹਨਾਂ ਕੋਠੀਆਂ ਦੇ ਅੰਦਰ ਆਪਣੇ ਮੁੱਢਲੇ ਕਦਮ ਰੱਖੇਗੀ। ਜਿਸ ਨੂੰ ਸ਼ਗਨਾਂ ਨਾਲ ਤੇਲ ਚੋਅ ਕੇ ਉਸ ਨੂੰ ਕੋਠੀ ਅੰਦਰ ਲਿਜਾਇਆ ਜਾਵੇਗਾ ਤੇ ਉਸ ਸਮੇਂ ਸ਼ਗਨਾਂ ਦੇ ਗੀਤ ਗਾਏ ਜਾਣਗੇ।

ਹੁਣ ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਐਨ.ਆਰ.ਆਈ. ਪੰਜਾਬੀਆਂ ਦੀਆਂ ਇਹਨਾਂ ਮਹੱਲਾਂ ਵਰਗੀਆਂ ਸੁੰਨੀਆਂ ਪਈਆਂ ਆਲੀਸ਼ਾਨ ਕੋਠੀਆਂ ਨੂੰ ਆਸ ਬਣ ਗਈ ਹੈ ਕਿ ਸ਼ਾਇਦ ਅਸਮਾਨ ਵਿੱਚ ਬੱਦਲਾਂ ਤੇ ਪਰਵਾਸੀ ਪੰਛੀਆਂ ਵਾਂਗ ਉੱਡ ਕੇ ਤਿਉਹਾਰੀ ਰੁੱਤ ਦਾ ਆਨੰਦ ਮਾਨਣ ਲਈ ਇਹਨਾਂ ਆਲੀਸ਼ਾਨ ਕੋਠੀਆਂ ਦੇ ਸੱਤ ਸਮੁੰਦਰ ਪਾਰ ਰਹਿੰਦੇ ਅਸਲੀ ਵਾਰਸ ਮੁੜ ਆਉਣ ਅਤੇ ਸੁੰਨੇ ਪਏ ਜਹਾਜ਼ਾਂ -ਟੈਂਕਾਂ ਵਾਲੇ ਆਲੀਸ਼ਾਨ ਘਰਾਂ ਵਿੱਚ ਤਿਉਹਾਰੀ ਰੁੱਤ ਵਿੱਚ ਮੁੜ ਰੌਣਕਾਂ ਲੱਗਣ, ਖੀਰ- ਪੂੜੇ ਬਣਨ, ਇਹਨਾਂ ਘਰਾਂ ਦੇ ਵਿਹੜੇ ਵਿੱਚ ਕੁੜੀਆਂ ਚਿੜੀਆਂ ਪੀਂਘਾਂ ਝੂਟਦੀਆਂ ਹੋਈਆਂ ਗੀਤ ਗਾਉਣ, ਕਿੱਕਲੀ ਪਾਉਣ, ਮੀਂਹ ਦੇ ਛਰਾਟਿਆਂ ਵਾਂਗ ਇਹਨਾਂ ਘਰਾਂ ਦੇ ਹਰ ਪਾਸੇ ਸੱਤ ਸਮੁੰਦਰ ਪਾਰ ਤੋਂ ਆਏ ਅਸਲੀ ਵਾਰਸਾਂ ਦੇ ਹਾਸੇ ਗੂੰਜਣ, ਸੱਜ ਵਿਆਹੀਆਂ ਦੀਆਂ ਵੱਖ- ਵੱਖ ਰੰਗਾਂ ਵਾਲੀਆਂ ਵੰਗਾਂ ਅਤੇ ਘੁੰਗਰੂਆਂ ਵਾਲੀਆਂ ਝਾਂਜਰਾਂ ਛਣਕਣ, ਮੀਂਹ ਵਾਂਗ ਹਰ ਪਾਸੇ ਦੁੱਧ ਘਿਓ ਦੇ ਦਰਿਆ ਵੱਗਣ, ਹਰ ਪਾਸੇ ਲਹਿਰਾਂ-ਬਹਿਰਾਂ ਹੋ ਜਾਣ, ਵੱਡੇ-ਛੋਟੇ ਬੱਚਿਆਂ ਦੀਆਂ ਕਿਲਕਾਰੀਆਂ ਦੇ ਨਾਲ ਹੀ ਸੱਜ ਵਿਆਹੀਆਂ ਜੋੜੀਆਂ ਦੇ ਮਿੱਠੇ ਮਿੱਠੇ ਹਾਸੇ ਚੁਫੇਰੇ ਗੂੰਜਣ।

ਆਉਣ ਵਾਲੇ ਦਿਨਾਂ ਵਿੱਚ ਉਹਨਾਂ ਸੁਹਾਗਣਾਂ ਦੇ ਚਿਹਰਿਆਂ ਉੱਪਰ ਚੜ੍ਹਦੇ ਸੂਰਜ ਵਾਂਗ ਲਾਲੀ ਛਾਈ ਹੋਵੇਗੀ, ਜਿਨ੍ਹਾਂ ਦੇ ਐਨ.ਆਰ.ਆਈ. ਕੰਤ ਇਸ ਰੁੱਤ ਵਿੱਚ ਉਹਨਾਂ ਕੋਲ ਵਰ੍ਹਿਆਂ ਬਾਅਦ ਆਉਣਗੇ। ਇਸ ਸਮੇਂ ਰਾਤ ਸਮੇਂ ਹੌਂਕੇ ਭਰਦੀਆਂ ਤੇ ਬਿਰਹਾ ਦੀ ਅਗਨੀ ਵਿੱਚ ਜਲਦੀਆਂ, ਇਕੱਲਤਾ ਦਾ ਸੰਤਾਪ ਹੰਢਾ ਰਹੀਆਂ ਉਹਨਾਂ ਵਿਆਹੁਤਾ ਮੁਟਿਆਰਾਂ ਦੇ ਹਾਸੇ ਹੁਣ ਆਉਣ ਵਾਲੇ ਦਿਨਾਂ ਵਿੱਚ ਹਵਾ ਵਿੱਚ ਗੂੰਜਣਗੇ, ਜਦੋਂ ਉਹਨਾਂ ਦੇ ਵਿਦੇਸ਼ ਗਏ 'ਕੰਤ' ਉਹਨਾਂ ਕੋਲ ਹੋਣਗੇ।

ਇਸ ਤਿਉਹਾਰੀ ਸੀਜ਼ਨ ਮੌਕੇ ਪੰਜਾਬ ਰਹਿੰਦੇ ਉਹਨਾਂ ਬਜ਼ੁਰਗਾਂ ਨੂੰ ਵੀ ਆਪਣੇ ਪਰਦੇਸੀ ਧੀਆਂ ਪੁੱਤਰਾਂ ਦੇ ਵਤਨ ਮੁੜਨ ਦੀ ਆਸ ਹੈ, ਜਿਹੜੇ ਬਜ਼ੁਰਗਾਂ ਨੂੰ ਜਾਂ ਤਾਂ ਪਰਵਾਸੀ ਮਜ਼ਦੂਰ ਸਾਂਭਦੇ ਹਨ ਜਾਂ ਕੇਅਰ ਟੇਕਰ ਸੰਭਾਲਦੇ ਹਨ ਜਾਂ ਨਰਸਾਂ ਸੰਭਾਲਦੀਆਂ ਹਨ। ਕਈ ਆਲੀਸ਼ਾਨ ਘਰਾਂ ਵਿੱਚ ਸਿਰਫ਼ ਬਜ਼ੁਰਗ ਹੀ ਹਨ, ਜਿਨ੍ਹਾਂ ਦੇ ਬੱਚੇ ਵਿਦੇਸ਼ ਹਨ। ਇਹਨਾਂ ਬੱਚਿਆਂ ਨੇ ਆਪਣੇ ਬਜ਼ੁਰਗਾਂ ਦੀ ਦੇਖ-ਭਾਲ ਲਈ ਆਪਣੇ ਘਰਾਂ ਵਿੱਚ ਮੁਫ਼ਤ ਵਿੱਚ ਹੀ ਕਿਰਾਏਦਾਰ ਬੈਠਾਏ ਹੋਏ ਹਨ ਜੋ ਕਿ ਘਰਾਂ ਦੀ ਸਾਫ਼ ਸਫ਼ਾਈ ਕਰਨ ਦੇ ਨਾਲ ਹੀ ਬਜ਼ੁਰਗਾਂ ਦੀ ਦੇਖ-ਭਾਲ ਵੀ ਕਰਦੇ ਹਨ।

ਰੱਬ ਕਰੇ ! 'ਲੋਹੜੀ' ਦੇ ਤਿਉਹਾਰ ਤੱਕ ਚੱਲਣ ਵਾਲੀ ਇਹ 'ਤਿਉਹਾਰੀ ਰੁੱਤ' ਭੈਣਾਂ ਨੂੰ ਵੀਰਾਂ ਨਾਲ, ਸੁਹਾਗਣਾਂ ਨੂੰ ਉਹਨਾਂ ਦੇ ਐਨ.ਆਰ.ਆਈ. ਕੰਤਾਂ ਨਾਲ, ਪਰਦੇਸੀ ਪੁੱਤਾਂ ਨੂੰ ਉਡੀਕਦੀਆਂ ਮਾਂਵਾਂ ਦਾ ਪੁੱਤਾਂ ਨਾਲ , ਪੋਤਿਆਂ ਨੂੰ ਉਡੀਕਦੇ ਬੁੱਢੇ ਬਾਬਿਆਂ ਦਾ ਪੋਤਿਆਂ ਨਾਲ ਅਤੇ ਸਭ ਵਿੱਛੜਿਆਂ ਦੇ ਮੇਲ ਕਰਾਵੇ।

***

### ਜੀ.ਐਨ.ਡੀ.ਯੂ. ਦੇ ਵੀ.ਸੀ. ਨੇ ਸ੍ਰੀ

ਸਿੱਖ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦੇ ਦੋਸ਼ ਵੀ ਲੱਗ ਰਹੇ ਹਨ। ਸੱਥ ਨੇ ਮੰਗ ਕੀਤੀ ਕਿ ਸਿੱਖ ਵਿਦਵਾਨਾਂ ਦੀ ਕਮੇਟੀ ਬਣਾ ਕੇ ਅਜਿਹੀਆਂ ਗਤੀਵਿਧੀਆਂ ਦੀ ਪੜਤਾਲ ਕੀਤੀ ਜਾਵੇ ਅਤੇ ਪੰਜਾਬ ਸਰਕਾਰ ਵੀ ਸਖ਼ਤ ਕਾਰਵਾਈ ਕਰੇ।

**ਯੂਨੀਵਰਸਿਟੀ ਦਾ ਗੋਲ ਮੋਲ ਪ੍ਰਤੀਕਰਮ**

ਜੀ.ਐਨ.ਡੀ.ਯੂ. ਦੇ ਲੋਕ ਸੰਪਰਕ ਵਿਭਾਗ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਅੰਮ੍ਰਿਤਾ ਯੂਨੀਵਰਸਿਟੀ, ਕੋਚੀ ਵੱਲੋਂ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਡਾ. ਕਰਮਜੀਤ ਸਿੰਘ ਨੂੰ ਇੰਡੀਅਨ ਐਜੂਕੇਸ਼ਨ ਸੋਸਾਇਟੀ ਦੇ ਸੱਦੇ 'ਤੇ ਸ਼ਾਮਲ ਹੋਣ ਲਈ ਬੁਲਾਇਆ ਗਿਆ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਡਿਜੀਟਾਈਜ਼ੇਸ਼ਨ, ਵਾਤਾਵਰਣ ਮੁਹਿੰਮਾਂ ਅਤੇ ਸਿੱਖ ਚੇਤਨਾ ਨੂੰ ਫੈਲਾਉਣ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ। ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਕਿ ਸਮਾਗਮ ਦੇ ਸੱਦੇ ਅਤੇ ਪ੍ਰਬੰਧ ਅੰਮ੍ਰਿਤਾ ਯੂਨੀਵਰਸਿਟੀ ਵੱਲੋਂ ਸਨ, ਜਿਸ ਵਿੱਚ ਜੀ.ਐਨ.ਡੀ.ਯੂ. ਦੀ ਕੋਈ ਸਿੱਧੀ ਭੂਮਿਕਾ ਨਹੀਂ ਸੀ। ਡਾ. ਕਰਮਜੀਤ ਸਿੰਘ ਦੇ ਬਿਆਨ, ਜਿਸ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਰਿਗਵੇਦ ਨਾਲ ਜੋੜਨ ਦੀ ਗੱਲ ਕੀਤੀ, ਨੇ ਸਿੱਖ ਧਰਮ ਦੀ ਵਿਲੱਖਣਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਸਿੱਖ ਮਾਹਿਰਾਂ ਮੁਤਾਬਕ, ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਨਿਆਰੇ ਫਲਸਫੇ 'ਤੇ ਟਿਕੀ ਹੈ, ਜੋ ਵੈਦਿਕ ਪ੍ਰੰਪਰਾਵਾਂ ਤੋਂ ਵੱਖਰੀ ਅਤੇ ਸੁਤੰਤਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਵਿੱਚ ਇੱਕ ਪਰਮਾਤਮਾ, ਸਮਾਜਕ ਸਮਾਨਤਾ ਅਤੇ ਨਿਆਂ ਦੀ ਗੱਲ ਕੀਤੀ ਗਈ ਹੈ, ਜੋ ਵੈਦਿਕ ਪ੍ਰੰਪਰਾਵਾਂ ਦੇ ਜਾਤ-ਪਾਤ ਅਤੇ ਰਸਮੀ ਕਰਮਕਾਂਡਾਂ ਤੋਂ ਵੱਖ ਹੈ।

ਇਹ ਮਾਮਲਾ ਸਿੱਖ ਸੰਸਥਾਵਾਂ ਵਿੱਚ ਆਰ.ਐਸ.ਐਸ. ਦੀ ਵਧਦੀ ਦਖ਼ਲਅੰਦਾਜ਼ੀ ਅਤੇ ਸਿੱਖ ਮਰਿਆਦਾ ਦੀ ਸੁਰੱਖਿਆ ਦਾ ਸਵਾਲ ਉਠਾਉਂਦਾ ਹੈ। ਸ਼੍ਰੋਮਣੀ ਕਮੇਟੀ ਦਾ ਫੈਸਲਾ ਸਹੀ ਦਿਸ਼ਾ ਵਿੱਚ ਹੈ, ਪਰ ਸੱਥ ਅਤੇ ਬੁੱਧੀਜੀਵੀਆਂ ਦੀ ਮੰਗ ਹੈ ਕਿ ਪੂਰੀ ਪੜਤਾਲ ਅਤੇ ਸਖ਼ਤ ਕਾਰਵਾਈ ਜ਼ਰੂਰੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਮਾਮਲੇ 'ਤੇ ਸਪੱਸ਼ਟ ਸਟੈਂਡ ਲੈਣ ਦੀ ਲੋੜ ਹੈ, ਤਾਂ ਜੋ ਸਿੱਖ ਅਦਾਰਿਆਂ ਦੀ ਵਿਲੱਖਣਤਾ ਅਤੇ ਸੁਤੰਤਰਤਾ ਬਰਕਰਾਰ ਰਹੇ।


***

### ਟਰੰਪ ਨੇ ਪੁਲਿਸ ਵਿਭਾਗ ਨੂੰ

ਉਨ੍ਹਾਂ ਕਿਹਾ ਕਿ ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ ਵਾਸ਼ਿੰਗਟਨ ਦੇ ਮੈਟਰੋ ਪੁਲਿਸ ਵਿਭਾਗ ਦੀ ਜ਼ਿੰਮੇਵਾਰੀ ਸੰਭਾਲਣਗੇ। ਟਰੰਪ ਲਈ ਵਾਸ਼ਿੰਗਟਨ ਵਿੱਚ ਜਨਤਕ ਸੁਰੱਖਿਆ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਨੂੰ ਰੋਕਣ ਲਈ ਉਨ੍ਹਾਂ ਦੇ ਹਮਲਾਵਰ ਦਬਾਅ ਤੋਂ ਬਾਅਦ ਉਨ੍ਹਾਂ ਦੇ ਕਾਨੂੰਨ ਲਾਗੂ ਕਰਨ ਵਾਲੇ ਏਜੰਡੇ ਵਿੱਚ ਇੱਕ ਅਗਲਾ ਕਦਮ ਦਰਸਾਉਂਦੀ ਹੈ। ਹਾਲਾਂਕਿ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਸੰਘੀ ਸਰਕਾਰ ਵੱਲੋਂ ਵਾਸ਼ਿੰਗਟਨ ਦਾ ਕੰਟਰੋਲ ਆਪਣੇ ਕਬਜ਼ੇ ਵਿੱਚ ਲੈਣ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਹਨ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




## Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com